# ਮੇਰਾ ਸਫ਼ਰਨਾਮਾ

ਤਾਰਾ ਸਿੰਘ (ਮਾਸਟਰ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਭ ਹੱਕ ਪ੍ਰਕਾਸ਼ਕਾਂ ਦੇ ਰਾਖਵੇਂ ਹਨ ।
ਬਿਨਾਂ ਆਗਿਆ ਕੋਈ ਨਾ ਛਾਪੇ ।

ੴ ਸਤਿਗੁਰ ਪ੍ਰਸਾਦਿ ॥

ੴ੯੩੪-੩੫ ਦੌਰਾਨ ਪੰਥ ਰਤਨ
ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ
ਦੇ ਅਗਿਆਤਵਾਸ ਦੀ ਵਾਰਤਾ

# ਮੇਰਾ ਸਫ਼ਰਨਾਮਾ

(ਮਾਸਟਰ ਜੀ ਦੇ ਅਣਛਪੇ ਖਰੜਿਆਂ ਵਿਚੋਂ)

ਮੁੱਲ ਢਾਈ ਰੁਪਏ

Digitized by Panjab Digital Library | www.panjabdigilib.org

ਪ੍ਰਕਾਸ਼ਕ
ਕੁਲਵੰਤ ਕੌਰ
ਵਾਸਤੇ ਮਾਸਟਰ ਤਾਰਾ ਸਿੰਘ ਪਬਲੀਕੇਸ਼ਨਜ਼,
ਮਾਸਟਰ ਤਾਰਾ ਸਿੰਘ ਹਾਊਸ,
ਰਣਜੀਤ ਪੁਰਾ—ਅੰਮ੍ਰਿਤਸਰ ।

ਪਹਿਲੀ ਵਾਰ 1100

ਮਿਲਣ ਦਾ ਪਤਾ

ਰੋਜ਼ਾਨਾ ਜਥੇਦਾਰ
ਰੇਲਵੇ ਰੋਡ, ਜਲੰਧਰ

ਛਾਪਕ

ਆਕਾਸ਼ ਪ੍ਰਿੰਟਿੰਗ ਪਰੈਸ
ਰੇਲਵੇ ਰੋਡ, ਜਲੰਧਰ

Digitized by Panjab Digital Library | www.panjabdigilib.org

# ਮੁੱਖ ਬੰਧ

ਮੇਰੇ ਮਾਤਾ ਜੀ ਨੂੰ ਇਕ ਵਾਰ ਕਿਸੇ ਨਾਮਾਨਿਗਾਰ ਨੇ ਪੁਛਿਆ, "ਮਾਤਾ ਜੀ ਤੁਸੀਂ ਮਾਸਟਰ ਜੀ ਨੂੰ ਸਭ ਤੋਂ ਨੇੜੇ ਹੋ ਕੇ ਉਹਨਾਂ ਨੂੰ ਜ਼ਾਤੀ ਹੈਸੀਅਤ ਵਿਚ ਵੇਖਿਆ ਹੈ, ਤੁਹਾਡੀ ਉਹਨਾਂ ਬਾਰੇ ਕੀ ਰਾਏ ਹੈ ?' ਮਾਤਾ ਜੀ ਨੇ ਭੋਲੇਪਨ 'ਚ ਜੁਆਬ ਦਿਤਾ, "ਉਨ੍ਹਾਂ ਵਾਸਤੇ ਜ਼ਾਤ ਪਾਤ ਕੁਝ ਨਹੀਂ ਸੀ, ਉਹਨਾਂ ਲਈ ਸਭ ਕੁਝ ਪੰਥ ਈ ਸੀ।" ਇਹਨਾਂ ਥੋੜੇ ਜਿਹੇ ਲਫਜ਼ਾਂ ਵਿਚ ਹੀ ਮਾਤਾ ਜੀ ਨੇ ਪਿਤਾ ਜੀ ਦੇ ਸਮੁੱਚੇ ਜੀਵਨ ਤੇ ਉਸ ਦੇ ਉਦੇਸ਼ ਨੂੰ ਸੰਖੇਪ ਰੂਪ ਵਿਚ ਪੇਸ਼ ਕਰ ਦਿੱਤਾ।

ਪਿਤਾ ਜੀ (ਮਾਸਟਰ ਤਾਰਾ ਸਿੰਘ) ਦਾ ਲਿਖਿਆ ਇਹ ਸਫ਼ਰਨਾਮਾ ਵੀ ਉਹਨਾਂ ਦੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਨੂੰ ਪ੍ਰਗਟਾਉਂਦਾ ਹੈ ਤੇ ਮਾਤਾ ਜੀ ਦੇ ਉਪਰ ਲਿਖੇ ਲਫਜ਼ਾਂ ਦੀ ਪਰੋੜਤਾ ਕਰਦਾ ਹੈ। ਪਿਤਾ ਜੀ ਦਾ ਲਿਖਿਆ ਇਹ ਸਫਰਨਾਮਾ ਉਹਨਾਂ ਦੇ ਉਸ ਸਫ਼ਰ ਨੂੰ ਬਿਆਨ ਕਰਦਾ ਹੈ, ਜਦੋਂ ਕਿ ਪਿਤਾ ਜੀ 'ਗੁਰ ਸੇਵਕ ਸਭਾ' ਦਾ ਕਹਿਣਾ ਮੰਨ ਕੇ ਸਿਖ ਰਾਜ ਨੀਤੀ ਤੋਂ ਅੱਡ ਹੋ ਗਏ ਸਨ। ਇਹ ਗੱਲ ੧੯੩੪ ਦੀ ਹੈ। ਉਹਨਾਂ ਦਿਨਾਂ ਵਿਚ ਪੰਥ ਵਿਚ ਕਾਫੀ ਫੁੱਟ ਸੀ। ਅਕਾਲੀਆਂ ਵਿਚ ਦੋ ਪਾਰਟੀਆਂ ਬਣੀਆਂ ਹੋਈਆਂ ਸਨ। ਇਕ ਮਾਲਵਾ ਅਕਾਲੀ ਦਲ ਜਿਸ ਦੀ ਅਗਵਾਈ ਗਿਆਨੀ ਸ਼ੇਰ ਸਿੰਘ ਜੀ ਕਰ ਰਹੇ ਸਨ ਤੇ ਇਕ ਸ਼੍ਰੋਮਣੀ ਅਕਾਲੀ ਦਲ ਜਿਸ ਦੀ ਅਗਵਾਈ ਪਿਤਾ ਜੀ ਕਰ ਰਹੇ ਸਨ। ਗੁਰ ਸੇਵਕ ਸਭਾ ਦੇ ਸਜਣਾਂ ਨੇ ਪਾਰਟੀਆਂ ਦੇ ਲੀਡਰਾਂ ਮਤਲਬ ਕਿ ਗਿਆਨੀ ਸ਼ੇਰ ਸਿੰਘ ਜੀ ਤੇ ਪਿਤਾ ਜੀ ਦੋਹਾਂ ਨੂੰ ਅਪੀਲ ਕੀਤੀ ਸੀ ਕਿ ਦੋਵੇਂ ਕੁਝ ਦੇਰ ਲਈ ਪੰਥਕ ਰਾਜਨੀਤੀ ਤੋਂ ਅੱਡ ਹੋ ਜਾਣ ਤਾਕਿ ਆਮ ਲੋਕਾਂ ਵਿਚ



Digitized by Panjab Digital Library | www.panjabdigilib.org

ਏਕਤਾ ਹੋ ਸਕੇ। ਇਹ ਸੋਚਕੇ ਕਿ ਜੇ ਮੇਰੇ ਰਾਜਨੀਤੀ ਤੋਂ ਅੱਡ ਹੋਣ ਨਾਲ ਪੰਥ ਵਿਚ ਏਕਤਾ ਹੋ ਸਕਦੀ ਹੈ ਤਾਂ ਮੈਨੂੰ ਉਸ ਵਿਚ ਰੋੜਾ ਨਹੀਂ ਬਣਨਾ ਚਾਹੀਦਾ, ਪਿਤਾ ਜੀ ਸਿਰਫ ਰਾਜਨੀਤੀ ਤੋਂ ਹੀ ਅੱਡ ਨਹੀਂ ਸਨ ਹੋਏ ਸਗੋਂ ਆਪਣਾ ਘਰ ਘਾਟ ਤੇ ਬਾਲ ਬਚਿਆਂ ਨੂੰ ਵੀ ਛੱਡ ਕੇ ਲਾ-ਪਤਾ ਹੋ ਗਏ ਸਨ।

ਪਿਤਾ ਜੀ ਜਦੋਂ ਘਰ ਘਾਟ ਛੱਡ ਕੇ ਅਗਿਆਤਵਾਸ ਹੋ ਗਏ ਸਨ ਤਾਂ ਉਸ ਵੇਲੇ ਸਾਡੇ ਘਰ ਦੀ ਹਾਲਤ ਬਹੁਤ ਕਮਜ਼ੋਰ ਸੀ। ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਜੋ ਕਿ ਪਿਤਾ ਜੀ ਦੇ ਜਾਣ ਤੋਂ ਬਾਅਦ ਹੋਈ ਸੀ, ਉਸ ਵਿਚ ਸ: ਈਸ਼ਰ ਸਿੰਘ ਮਝੈਲ ਨੇ ਭਰੇ ਹੋਏ ਗਲੇ ਨਾਲ ਸਾਡੀ ਮਾਲੀ ਹਾਲਾਤ ਬਿਆਨ ਕਰਦਿਆਂ ਹੋਇਆਂ ਕਹਿਆ ਸੀ ਕਿ ਮੈਨੂੰ ਪਤਾ ਨਹੀਂ ਕਿ ਮਾਸਟਰ ਜੀ ਦੇ ਘਰ ਰਾਤ ਨੂੰ ਪਕਾਉਣ ਜੋਗਾ ਆਟਾ ਵੀ ਹੈ ਕਿ ਨਹੀਂ? ਵਾਕਿਆ ਈ ਉਸ ਵੇਲੇ ਸਾਡੀ ਮਾਲੀ ਹਾਲਤ ਅਜੇਹੀ ਹੱਦ ਤਕ ਪੁੱਜ ਚੁੱਕੀ ਸੀ ਕਿ ਇਕ ਵਾਰੀ ਮੇਰੇ ਮਾਤਾ ਜੀ ਨੇ ਜੋ ਉਹਨਾਂ ਕੋਲ ਥੋੜ੍ਹਾ ਬਹੁਤਾ ਜ਼ੇਵਰ ਸੀ, ਉਸ ਵਿਚੋਂ ੨੦ ਰੁਪਏ ਦਾ ਵੇਚ ਕੇ ਘਰ ਦਾ ਗੁਜ਼ਾਰਾ ਤੋਰਿਆ ਸੀ।

ਪਿਤਾ ਜੀ ਨੂੰ ਅਗਿਆਤਵਾਸ ਜਾਣ ਲਗਿਆਂ ਇਹ ਤੇ ਖ਼ਿਆਲ ਸੀ ਕਿ ਪੰਥ ਦਾ ਕੀ ਬਣੇਗਾ, ਮੁਸਲਮਾਨ ਆਪਣਾ ਰਾਜ ਬਨਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਸਾਨੂੰ ਕੀ ਕਰਨਾ ਚਾਹੀਦਾ ਹੈ, ਪਰ ਉਹਨਾਂ ਨੂੰ ਇਹ ਖਿਆਲ ਨਹੀਂ ਆਇਆ ਕਿ ਮੇਰੇ ਬਾਲ ਬਚੇ ਜਿਹਨਾਂ ਨੂੰ ਮੈਂ ਵਾਹਿਗੁਰੂ ਦੇ ਭਰੋਸੇ ਉਤੇ ਛੱਡ ਆਇਆ ਹਾਂ, ਉਹ ਕੀ ਕਰਦੇ ਹੋਣਗੇ। ਇਹ ਤੇ ਮੈਂ ਨਹੀਂ ਕਹਿ ਸਕਦੀ ਕਿ ਉਹਨਾਂ ਨੂੰ ਆਪਣੇ ਬਾਲ ਬੱਚੇ ਦਾ ਕਦੀ ਖ਼ਿਆਲ ਨਹੀਂ ਆਇਆ ਹੋਣਾ। ਜੋ ਇਨਸਾਨ, ਜੇਹਾ ਕਿ ਉਹਨਾਂ ਨੇ ਆਪਣੇ ਸਫ਼ਰਨਾਮੇ ਵਿਚ ਲਿਖਿਆ ਹੈ, ਬਾਂਦਰਾਂ ਦਿਆਂ ਬੱਚਿਆਂ ਨੂੰ ਦਾਵੇ



Digitized by Panjab Digital Library | www.panjabdigilib.org

ਪਾਂਦਾ ਫਿਰੇ ਉਸ ਨੂੰ ਆਪਣੇ ਬੱਚਿਆਂ ਦਾ ਕੋਈ ਫਿਕਰ ਨਹੀਂ ਹੋਣਾ ਜਾਂ ਇੰਝ ਆਖੋ ਕਿ ਆਪਣੇ ਬੱਚਿਆਂ ਦਾ ਅਚੇਤ ਮਨ ਵਿਚ ਛਿਪਿਆ ਹੋਇਆ ਫਿਕਰ ਹੀ ਉਹਨਾਂ ਨੂੰ ਬਾਂਦਰ ਦਿਆਂ ਬੱਚਿਆਂ ਨੂੰ ਦਾਵੇ ਪਾਣ ਲਈ ਪਰੇਰਦਾ ਸੀ। ਬੱਚਿਆਂ ਦਾ ਫਿਕਰ ਤੇ ਯਾਦ ਉਹਨਾਂ ਦੇ ਅਚੇਤ ਮਨ ਵਿਚ ਹੀ ਹੋਵੇਗੀ, ਪਰ ਉਸ ਦਾ ਪ੍ਰਗਟਾਵਾ ਉਹਨਾਂ ਦੇ ਲਿਖੇ ਸਫ਼ਰਨਾਮੇ ਵਿਚੋਂ ਕਿਧਰੇ ਨਹੀਂ ਮਿਲਦਾ ਕਿਉਂਕਿ ਉਹਨਾਂ ਲਈ ਆਪਣੀ ਜ਼ਾਤ ਤੇ ਉਸ ਨਾਲ ਸਬੰਧਤ ਬਾਲ ਬੱਚੇ ਕੋਈ ਬਹੁਤੀ ਮਹੱਤਤਾ ਨਹੀਂ ਰੱਖਦੇ ਸਨ।

ਬਾਲ ਬੱਚੇ ਤੇ ਇਕ ਪਾਸੇ ਰਹੇ ਉਹਨਾਂ ਨੂੰ ਆਪਣੇ ਸਰੀਰ ਦੀ ਵੀ ਘੱਟ ਹੀ ਪਰਵਾਹ ਹੁੰਦੀ ਸੀ। ਤੁਸੀਂ ਸਫ਼ਰਨਾਮੇ ਵਿਚ ਹੀ ਪੜ੍ਹੋਗੇ ਕਿ ਜੇ ਕਿਧਰੇ ਭੁੱਖਾ ਰਹਿਣਾ ਪਇਆ ਤਾਂ ਵੀ ਮਾਮੂਲੀ ਗੱਲ ਹੈ। ਜੇ ਪੈਰ ਉਤੇ ਸੱਟ ਲੱਗ ਗਈ ਤਾਂ ਕੋਈ ਖ਼ਾਸ ਗੱਲ ਨਹੀਂ ਤੇ ਜੇ ਖਾਕੀ ਕਪੜੇ ਵੀ ਲਾਲ ਥੱਲੀ ਨਾਲ ਰੰਗ-ਬਰੰਗੇ ਹੋ ਗਏ ਤਾਂ ਕੀ ਫ਼ਰਕ ਪੈਂਦਾ ਹੈ। ਪਿਤਾ ਜੀ ਨੂੰ ਉਂਝ ਵੀ ਖਾਣ ਜਾਂ ਪਾਣ ਦਾ ਕੋਈ ਸ਼ੌਕ ਨਹੀਂ ਸੀ। ਜੋ ਮਿਲਿਆ ਖਾ ਲਿਆ ਤੇ ਜੋ ਲੱਭਾ ਪਾ ਲਿਆ। ਮੈਨੂੰ ਯਾਦ ਹੈ ਕਿ ਕਈ ਵਾਰ ਪਿਤਾ ਜੀ ਨਾਲ ਬਾਹਰ ਜਾਈਦਾ ਸੀ, ਹੋਰ ਵੀ ਨਾਲ ਹੁੰਦੇ ਸਨ ਤੇ ਰਸਤੇ ਵਿਚ ਭੁੱਖ ਲੱਗ ਜਾਂਦੀ। ਕਿਸੇ ਨੇ ਕਹਿਣਾ, "ਮਾਸਟਰ ਜੀ ਭੁੱਖ ਲੱਗੀ ਹੈ ਰੋਟੀ ਖਾ ਲਈਏ," ਕਿਉਂਕਿ ਪਿਤਾ ਜੀ ਨੂੰ ਆਪ ਰੋਟੀ ਦੀ ਘਟ ਯਾਦ ਰਹਿੰਦੀ ਹੁੰਦੀ ਸੀ। ਕਈ ਵਾਰ ਪਿਤਾ ਜੀ ਨੇ ਕਹਿਣਾ "ਰੋਟੀ ਦਾ ਕੀ ਹੁੰਦਾ ਹੈ, ਤੰਦੂਰ ਤੋਂ ਰੋਟੀਆਂ ਲੈ ਲਓ ਤੇ ਗੰਢੇ ਲੈ ਲਓ ਰਸਤੇ ਵਿਚ ਕਿਧਰੇ ਇਕਾਂਤ ਵਿਚ ਖਾ ਲਵਾਂਗੇ।" ਮੇਰੇ ਵਰਗਿਆਂ ਕੋਲੋਂ ਤੇ ਸੁੱਕੀਆਂ ਰੋਟੀਆਂ ਪਿਆਜ਼ ਨਾਲ ਅੰਦਰ ਲੰਘਾਉਣੀਆਂ ਮੁਸ਼ਕਲ ਲਗਦੀਆਂ ਸਨ। ਕਈ ਵਾਰ ਅਸਾਂ, ਜੋ ਉਹਨਾਂ ਨਾਲ ਹੁੰਦੇ ਸਾਂ, ਕਿਸੇ ਤੰਦੂਰ ਉਤੇ ਰੋਟੀ ਖਾ ਲੈਣੀ ਤੇ



Digitized by Panjab Digital Library | www.panjabdigilib.org

ਉਹਨਾਂ ਵਾਸਤੇ ਉਹਨਾਂ ਦੇ ਕਹੇ ਮੁਤਾਬਕ ਰੋਟੀਆਂ ਤੇ ਪਿਆਜ਼ ਲੈ ਲੈਣਾ ਤੇ ਉਹਨਾਂ ਨੇ ਰਸਤੇ ਵਿਚ ਕਾਰ ਵਿਚ ਬੈਠਿਆਂ ਹੀ ਸੁਕੀਆਂ ਰੋਟੀਆਂ ਪਿਆਜ਼ ਨਾਲ ਖਾ ਲੈਣੀਆਂ। ਇਹ ਸਫਰਨਾਮਾ ਪੜ੍ਹਕੇ ਪਤਾ ਲਗਦਾ ਹੈ ਕਿ ਪਿਆਜ਼ ਤੇ ਰੋਟੀਆਂ ਇਕ ਪਾਸੇ ਰਹੀਆਂ ਆਪਣੀ ਜੁਆਨੀ ਵਿਚ ਉਹਨਾਂ ਨੇ ਕਈ ਵਾਰ ਕੇਵਲ ਭੁੱਜੇ ਹੋਏ ਛੋਲਿਆਂ ਨਾਲ ਵੀ ਗੁਜ਼ਾਰਾ ਕੀਤਾ ਸੀ।

ਪਿਤਾ ਜੀ ਇਕ ਗੁਰ ਸਿਖ ਸਨ ਤੇ ਗੁਰ ਸਿਖਾਂ ਵਾਂਗੂ ਉਹ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਕੀਤੇ ਹੋਏ ਹੁਕਮ ਉਤੇ ਸਾਰੀ ਜ਼ਿੰਦਗੀ ਚਲਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਗੁਰੂ ਸਾਹਿਬ ਦਾ ਹੁਕਮ ਹੈ "ਹਰ ਸਿਖ ਪੂਜਾ ਅਕਾਲ ਪੁਰਖ ਦੀ ਕਰੇ। ਸ਼ਬਦ ਦੀ ਵਿਚਾਰ ਕਰੇ ਤੇ ਸੋਚ ਪੰਥ ਲਈ ਕਰੇ।" ਮਹਾਰਾਜ ਦਾ ਇਹ ਹੁਕਮ ਪਿਤਾ ਜੀ ਨੂੰ ਜ਼ਿੰਦਗੀ ਗੁਜ਼ਾਰਨ ਦਾ ਤਰੀਕਾ ਦਰਸਾਉਣ ਲਈ ਗਾਡੀ ਰਾਹ ਸੀ। ਕਿਸ ਸਫਲਤਾ ਨਾਲ ਪਿਤਾ ਜੀ ਗੁਰੂ ਸਾਹਿਬ ਦੇ ਫੁਰਮਾਏ ਗਾਡੀ ਰਾਹ ਤੇ ਆਪਣੀ ਜ਼ਿੰਦਗੀ ਵਿਚ ਚਲ ਸਕੇ ਹਨ। ਉਸ ਦਾ ਕੁਝ ਪਤਾ ਇਹ ਸਫਰਨਾਮਾ ਪੜ੍ਹਕੇ ਤੇ ਉਸ ਦਾ ਪਿਛੋਕੜ ਜਾਣ ਕੇ ਲੱਗਦਾ ਹੈ। ਕਿਸ ਤਰ੍ਹਾਂ ਪੰਥ ਦਾ ਭਲਾ ਸੋਚ ਕੇ ਪਿਤਾ ਜੀ ਆਪਣਾ ਸਭ ਕੁਝ ਤਿਆਗ ਕੇ ਅਗਿਆਤਵਾਸ ਚਲੇ ਗਏ ਤੇ ਆਪਣੇ ਲਈ ਤੇ ਆਪਣੇ ਬੱਚਿਆਂ ਲਈ ਕਈ ਤਰ੍ਹਾਂ ਦੀਆਂ ਕਠਨਾਈਆਂ ਸਹੇੜੀਆਂ। ਆਪਣਾ ਟੱਬਰ ਤੇ ਬਾਲ ਬੱਚੇ ਇਨਸਾਨ ਨੂੰ ਕਿਤਨੇ ਚੰਗੇ ਲੱਗਦੇ ਹਨ। ਉਨ੍ਹਾਂ ਦੇ ਸੁੱਖ ਆਰਾਮ ਦੀ ਉਹੋ ਕੁਰਬਾਨੀ ਕਰ ਸਕਦਾ ਹੈ, ਜਿਸ ਦੇ ਮਨ ਵਿਚ ਪੰਥ ਤੋਂ ਬਿਨਾਂ ਕੋਈ ਹੋਰ ਸੋਚ ਨਹੀਂ ਹੈ।

ਪਿਤਾ ਜੀ ਨੇ ਕਦੀ ਵੀ ਪੰਥ ਲਈ ਕੀਤੀਆਂ ਕੁਰਬਾਨੀਆਂ ਦਾ ਜ਼ਿਕਰ ਆਪਣੀ ਜ਼ਬਾਨੀ ਜਾਂ ਆਪਣੀ ਲਿਖਤ ਵਿਚ ਨਹੀਂ ਕੀਤਾ। ਉਹ ਸਮਝਦੇ ਸਨ ਕਿ ਜਦ ਅੰਮ੍ਰਿਤ ਛਕਣ



Digitized by Panjab Digital Library | www.panjabdigilib.org

ਲਗਿਆਂ ਤਨ, ਮਨ, ਧਨ ਸਭ ਗੁਰੂ ਦੇ ਅਰਪਨ ਕਰ ਦਿਤਾ ਹੈ ਤਾਂ ਸਭ ਕੁਝ ਗੁਰੂ ਦਾ ਹੀ ਹੈ। ਜੇ ਹੈ ਹੀ ਸਭ ਕੁਝ ਗੁਰੂ ਦਾ ਤਾਂ ਉਸ ਦੀ ਕੁਰਬਾਨੀ ਵੀ ਗੁਰੂ ਦੀ ਹੈ ਤੇ ਉਸ ਦਾ ਜ਼ਿਕਰ ਕਰਨਾ ਫ਼ਜ਼ੂਲ ਦੀ ਹਉਮੈ ਨੂੰ ਪਠੇ ਪਾਉਣ ਤੋਂ ਵਧ ਹੋਰ ਕੁਝ ਨਹੀਂ। ਪਿਤਾ ਜੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਆਮ ਪੜ੍ਹਦੇ ਹੁੰਦੇ ਸਨ "ਸੂਰੇ ਇੰਝ ਨਾ ਆਖੀਅਨ ਹੰਕਾਰ ਮਰੈ ਦੁਖ ਪਾਵੈ।' ਬਹਾਦਰੀ ਨਾਲ ਜ਼ਿੰਦਗੀ ਦੀ ਕੁਰਬਾਨੀ ਵੀ ਉਹ ਈ ਗੁਰੂ ਦੀਆਂ ਨਜ਼ਰਾਂ ਵਿਚ ਮਨਜ਼ੂਰ ਹੈ ਜੋ ਉਸ ਦਾ ਹੀ ਬਣ ਕੇ ਕੀਤੀ ਜਾਵੇ। ਹਉਮੈ ਵਿਚ ਆ ਕੇ ਜੋ ਬਹਾਦਰੀ ਦੀ ਮੌਤ ਵੀ ਮਰਦਾ ਹੈ ਉਹ ਵੀ ਮੌਤ ਤੋਂ ਬਾਅਦ ਦੁੱਖ ਹੀ ਪਾਉਂਦਾ ਹੈ, ਕਿਉਂਕਿ ਜ਼ਿੰਦਗੀ ਦੀ ਕੁਰਬਾਨੀ ਉਸ ਲਈ ਆਪਾ ਵਾਰਨ ਦਾ ਪ੍ਰਤੀਕਰਮ ਨਹੀਂ ਹੁੰਦੀ ਸਗੋਂ ਹਉਮੈ ਵਧਾਉਣ ਦਾ ਸਾਧਨ ਬਣਦੀ ਹੈ ਤੇ ਜੀਵਨ ਦੇ ਨਿਸ਼ਾਨੇ ਤੋਂ ਥਿੜਕਾਉਂਦੀ ਹੈ। ਆਖ਼ਰ ਜ਼ਿੰਦਗੀ ਦਾ ਨਿਸ਼ਾਨਾ ਤੇ ਹਉਮੈ ਤੋਂ ਛੁਟਕਾਰਾ ਪਾ ਕੇ ਵਾਹਿਗੁਰੂ ਵਿਚ ਲੀਨ ਹੋਣਾ ਹੈ।

ਪਿਤਾ ਜੀ ਗੁਰ ਸਿਖੀ ਦੇ ਦਸੇ ਅਸੂਲਾਂ ਅਨੁਸਾਰ ਇਸ ਜ਼ਿੰਦਗੀ ਨੂੰ ਇਕ ਖੇਡ ਸਮਝਦੇ ਸਨ, ਤੇ ਵਾਹਿਗੁਰੂ ਦੀ ਖੇਡ ਸਮਝਕੇ ਚੰਗੀ ਤਰ੍ਹਾਂ ਖੇਡਣਾ ਚਾਹੁੰਦੇ ਸਨ। ਇਸ ਜੀਵਨ ਨੂੰ ਪੂਰੀ ਤਰ੍ਹਾਂ ਜੀਊਣ ਵਿਚ ਯਕੀਨ ਕਰਦੇ ਸਨ ਪਰ ਜ਼ਿੰਦਗੀ ਦੀ ਲਗ ਲਬੇੜ ਵਿਚ ਨਹੀਂ ਆਉਂਦੇ ਸਨ, ਤੇ ਦੁਨੀਆਂ ਦੇ ਸੁਖ ਆਰਾਮ ਉਹਨਾਂ ਲਈ ਕੋਈ ਮਹੱਤਤਾ ਨਹੀਂ ਰਖਦੇ ਸਨ ਤੇ ਦੁਨਿਆਵੀ ਦੁੱਖਾਂ ਦਾ ਅਸਰ ਵੀ ਉਹਨਾਂ ਦੇ ਮਨ ਉਤੇ ਘਟ ਹੀ ਹੁੰਦਾ ਸੀ। ਇਸ ਦਾ ਗਿਆਨ ਅਵਸ਼ ਹੀ ਉਨ੍ਹਾਂ ਦਾ ਇਹ ਸਫ਼ਰਨਾਮਾ ਪੜ ਕੇ ਲਗਦਾ ਹੈ ਕਿ ਕਿਸ ਸਾਧਾਰਨ ਤਰੀਕੇ ਨਾਲ ਉਹ ਆਪਣੇ ਔਖਾਂ ਦਾ ਜ਼ਿਕਰ ਕਰਦੇ ਹਨ ਤੇ ਸਾਫ਼ ਲੱਗਦਾ ਹੈ ਕਿ ਉਹਨਾਂ ਦਾ ਮਨ ਮੁਸੀਬਤ ਤੋਂ ਕਿਤਨਾ ਅਲੋਪ ਸੀ। ਉਹਨਾਂ ਦਾ ਦੁੱਖ ਨੂੰ



Digitized by Panjab Digital Library | www.panjabdigilib.org

ਦੁੱਖ ਨਾ ਸਮਝਣਾ ਤੇ ਸੁਖਾਂ ਦੀ ਇਛਾ ਨਾ ਕਰਨ ਦਾ ਗੁਣ ਹੀ ਉਹਨਾਂ ਨੂੰ ਦੁਨਿਆਵੀ ਸੁੱਖਾਂ ਦਾ ਲਾਲਚ ਤੇ ਦੁੱਖਾਂ ਦਾ ਡਰ ਆਪਣੇ ਨਿਸ਼ਾਨੇ ਤੋਂ ਡੇਗ ਨਹੀਂ ਸਕਿਆ ।

ਬੈਰਕਪੁਰ
੯. ਪ. ੬੯

ਰਾਜਿੰਦਰ ਕੌਰ
ਐਮ. ਏ. ਪੀ. ਐਚ. ਡੀ.



Digitized by Panjab Digital Library | www.panjabdigilib.org

## ੧

### ਸਹਾਰਨ ਪੁਰ ੧੨ ਜੁਲਾਈ ੧੯੩੪

ਆਪ ਨਾਲੋਂ ਨਿਖੜ ਕੇ ਮੈਂ ਗੱਡੀ ਵਿਚ ਇਕੱਲਾ ਰਹਿ ਗਿਆ ਸਾਂ। ਇਸ ਏਕਾਂਤ ਵਿਚ (ਕੋਈ ਵਾਕਫ਼ ਨਾ ਹੋਣ ਕਰਕੇ ਆਦਮੀਆਂ ਦੀ ਭਰੀ ਹੋਈ ਗੱਡੀ ਵੀ ਇਕਾਂਤ ਹੀ ਸੀ) ਮੈਂ ਆਪਣੇ ਪਿਛਲੇ ਜੀਵਨ ਉਤੇ ਸੋਚਣ ਲਗ ਪਿਆ। ਕਦੀ ਮੈਨੂੰ ਆਪਣੀ ਕੋਈ ਭੁਲ ਚੇਤੇ ਆਏ ਤੇ ਕਦੀ ਕੋਈ। ਕਦੀ ਇਹ ਖਿਆਲ ਆਵੇ ਕਿ ਅਮਕੇ ਵੇਲੇ ਤੇ ਇਉਂ ਨਹੀਂ, ਇਉਂ ਕੀਤਾ ਜਾਂਦਾ ਤਾਂ ਚੰਗਾ ਰਹਿੰਦਾ, ਫਿਰ ਵਿਚਾਰ ਫੁਰੇ ਕਿ ਜੇ ਸ਼ਰਤਾਂ ਮੰਨਣ ਦੇ ਸਵਾਲ ਛਿੜਨ ਉਤੇ ਹੀ ਅਡਰਾ ਹੋ ਕੇ ਮੈਂ ਘਰ ਬਹਿ ਜਾਂਦਾ ਤਾਂ ਚੰਗਾ ਹੋਂਦਾ। ਜੇਕਰ ਸ਼ਰਤਾਂ ਮੰਨਣ ਵਾਲੇ ਆਪਣੀ ਭੁੱਲ ਨੂੰ ਦਰੁਸਤ ਸਿੱਧ ਕਰਨ ਉਤੇ ਤੁਲੇ ਹੋਏ ਸਨ, ਤਾਂ ਅਸਾਂ ਉਨਾਂ ਦੀ ਭੁੱਲ ਨੂੰ ਭੁੱਲ ਸਿੱਧ ਕਰਨ ਵਿਚੋਂ ਕੀ ਲੈਣਾ ਸੀ। ਪੰਥ ਦੀ ਤਾਣੀ ਤਾਂ ਉਲਝ ਹੀ ਚੁਕੀ ਸੀ ਤੇ ਜੇ ਮੈਂ ਲਾਂਭੇ ਬੇਠਾ ਹੋਂਦਾ ਤਾਂ ਇਸ ਵੇਲੇ ਸੁਲਝਾ ਸਕਦਾ ਸਾਂ। ਹੁਣ ਤਾਂ ਇਸ ਜਿਲ੍ਹਣ ਵਿਚ ਮੈਂ ਸਗੋਂ ਵਧੇਰੇ ਖੁੱਭਿਆ ਜਾਂਦਾ ਸਾਂ। ਚੰਗਾ ਹੋਇਆ ਕਿ ਇਸ ਵਿਚੋਂ ਹੰਭਲਾ



Digitized by Panjab Digital Library | www.panjabdigilib.org

ਮਾਰ ਕੇ ਮੈਂ ਨਿਕਲ ਆਇਆ ਹਾਂ। ਫਿਰ ਖਿਆਲ ਫੁਰੇ ਕਿ ਮੇਰੇ ਲਾਂਭੇ ਹੋ ਬਹਿਣ ਨਾਲ ਕੀ ਬਣਨਾ ਹੈ। ਅਕਾਲੀ ਪਾਰਟੀ ਵਿਚ ਬੇਸ਼ਕ ਕਮਜ਼ੋਰੀ ਆ ਜਾਵੇਗੀ ਪਰ ਭੈੜੇ ਆਦਮੀਆਂ ਦਾ ਜ਼ੋਰ ਤਾਂ ਨਹੀਂ ਘੱਟਣਾ ਸਗੋਂ ਵਧੇਗਾ ਫਿਰ ਦਿਲ ਨੂੰ ਤਸੱਲੀ ਆਵੇ ਕਿ ਇਕ ਵੇਰਾਂ ਬੁਰਛੇ-ਗਰਦੀ ਵਧ ਕੇ ਹੀ ਠੰਢ ਪਵੇਗੀ। ਫਿਰ ਅਗੇ ਦੇ ਭਿਆਨਕ ਨਜ਼ਾਰੇ ਸਾਹਮਣੇ ਨਜ਼ਰ ਆਵਣ ਲਗ ਪੈਣ ਕਿ ਮੁਸਲਮਾਨੀ ਰਾਜ ਕਾਇਮ ਹੋ ਰਿਹਾ ਹੈ ਤੇ ਸਿਖ ਕੌਮ ਦੇ ਭੈੜੇ ਦਿਨ ਆ ਰਹੇ ਹਨ। ਫਿਰ ਇਹ ਖ਼ਿਆਲ ਆਵੇ ਕਿ ਜਦ ਇਸ ਤਰ੍ਹਾਂ ਦੀਆਂ ਭਿਆਨਕ ਘਟਨਾਵਾਂ ਬਿਨਾਂਮੌਜੂਦਾ ਬੀਮਾਰੀ ਠੀਕ ਹੀ ਨਹੀਂ ਹੋਸਕਦੀ ਤਾਂ ਜਿਤਨੀ ਛੇਤੀ ਇਹ ਵਰਤਣ ਉਤਨਾ ਹੀ ਚੰਗਾ ਹੈ ਫਿਰ ਉਦਾਸੀ ਤੇ ਅਫ਼ਸੋਸ ਵਿਚ ਮੈਂ ਡੁਬ ਜਾਵਾਂ। ਘੜੀ ਕੁਝ ਨੂੰ ਫਿਰ ਦਿਲ ਨੂੰ ਤਸੱਲੀ ਦੇਵਾਂ ਕਿ ਵਾਹਿਗੁਰੂ ਸਭ ਕੁਝ ਠੀਕ ਹੀ ਕਰ ਰਿਹਾ ਹੈ। ਸਾਡੀ ਕੌਮ ਵਿਚੋਂ ਅਹੰਕਾਰ ਤੇ ਲਾਲਚ ਦੀ ਬੀਮਾਰੀ ਕਢਣ ਲਈ ਇਹ ਕੁਝ ਹੋਣਾ ਜ਼ਰੂਰੀ ਸੀ। ਫਿਰ ਸਿਆਣਪ ਫੁਰੇ ਤੇ ਮੈਂ ਆਪਣੇ ਮਨ ਨੂੰ ਇਹਨਾਂ ਖਿਆਲਾਂ ਨਾਲੋਂ ਤੋੜ ਲਵਾਂ ਤੇ ਕਹਾਂ ਕਿ ਪਿਛੇ ਹੋਇਆ ਸੋ ਹੋਇਆ, ਉਸ ਉਤੇ ਕੀ ਸੋਚਨਾਂ ਹੈ, ਅਗੇ ਲਈ ਸੋਚੋ। ਅਗੇ ਲਈ ਸੋਚਣ ਦਾ ਜਤਨ ਕਰਾਂ, ਪਰ ਮੁੜ ਪਿਛਲੇ ਖਿਆਲ ਹੀ ਆ ਦਬਾਣ ਤੇ ਅਗੇ ਲਈ ਕੁਝ ਸੋਚਿਆ ਨਾ ਜਾਵੇ। ਇਸ ਵਹਿਣ ਵਿਚ ਮੈਂ ਪਰਸੋਂ ਤੋਂ ਪਿਆ ਚਲਾ ਆਇਆ ਹਾਂ। ਆਪ ਨੂੰ ਮੇਰੀ ਆਦਤ ਦਾ ਪਤਾ ਹੈ ਕਿ ਜਦ ਮੈਂ ਕਿਸੇ ਵਹਿਣ ਵਿਚ ਪੈ ਜਾਵਾਂ ਤਾਂ ਹੋਰ ਅਗੇ ਪਿਛੇ ਦਾ ਮੈਨੂੰ ਕੁਝ ਸੁਝਦਾ ਹੀ ਨਹੀਂ ਹੈ। ਕਲ ਇਕ ਸਟੇਸ਼ਨ ਉਤੇ ਪੂਰੀਆਂ ਖਾਧੀਆਂ ਸਨ ਇਸ ਤੋਂ ਛੁਟ ਮੈਨੂੰ ਕੁਝ ਪਤਾ ਨਹੀਂ ਹੈ ਕਿ ਮੈਂ ਕਿਥੋਂ ਲੰਘਿਆ ਹਾਂ ਤੇ ਰਾਹ ਵਿਚ ਕੀ ਵੇਖਿਆ ਹੈ। ਮੈਂ ਬਥੇਰਾ ਜਤਨ ਕੀਤਾ ਕਿ ਉਦਾਸੀ ਨੂੰ ਕੱਢਣ ਦਾ ਜਤਨ ਕਰਾਂ ਪਰ



Digitized by Panjab Digital Library | www.panjabdigilib.org

ਉਦਾਸੀ ਵਿਚ ਡੁੱਬਾ ਹੀ ਮੈਂ ਸਹਾਰਨ ਪੁਰ ਪੁਜ ਗਿਆ ਸਾਂ। ਮੇਰਾ ਇਰਾਦਾ ਤਾਂ ਇਹ ਸੀ ਕਿ ਭਾਵੇਂ ਸਹਾਰਨਪੁਰ ਦਾ ਟਿਕਟ ਲਿਆ ਹੈ ਪਰ ਮੇਰਠ ਉਤਰ ਜਾਵਾਂਗਾ ਤੇ ਉਧਰ ਹੀ ਜਾਟਾਂ ਦੇ ਪਿੰਡਾਂ ਵਿਚ ਫਿਰਾਂਗਾ। ਪਰ ਮੇਰੀ ਵਹਿਣ ਦੀ ਤਾਰ ਤਦ ਹੀ ਟੁਟੀ ਜਦ ਗਡੀ ਸਹਾਰਨਪੁਰ ਪੁਜ ਗਈ ਤੇ ਗੱਡੀ ਵਿਚੋਂ ਕਈ ਮੁਸਾਫ਼ਰ ਕਹਿਣ ਲਗ ਪਏ ਕਿ ਉਤਰੋ ਸਹਾਰਨ ਪੁਰ ਵਾਲਿਓ। ਮੈਂ ਉਤਰ ਖੜਾ ਹੋਇਆ। ਆਪਨੂੰ ਇਹ ਸੁਣਕੇ ਪਰਸੰਨਤਾ ਹੋਵੇਗੀ ਕਿ ਮੈਂ ਆਪਣੀ ਛਤਰੀ ਗੱਡੀ ਵਿਚ ਹੀ ਭੁਲ ਆਇਆ ਹਾਂ। ਆਪ ਟੁਰਨ ਲਗਿਆਂ ਮੁੜਮੁੜ ਹਸਕੇ ਕਹਿੰਦੇ ਸਾਉ ਕਿ ਇਹ ਛਤਰੀ ਗੱਡੀ ਵਿਚ ਹੀ ਰਹਿ ਜਾਣੀ ਹੈ ਇਸ ਕਰਕੇ ਮੈਂ ਪਕਾ ਇਰਾਦਾ ਕੀਤਾ ਸੀ ਕਿ ਇਹ ਗੱਡੀ ਵਿਚ ਨਹੀਂ ਰਹਿਣੀ ਚਾਹੀਦੀ। ਪਰ ਰਾਹ ਦੇ ਵਹਿਣਾਂ ਨੇ ਮੇਰੀ ਹੋਸ਼ ਕਾਇਮ ਨਹੀਂ ਰਹਿਣ ਦਿੱਤੀ ਤੇ ਮੈਂ ਛਤਰੀ ਛਡਕੇ ਹੀ ਗੱਡੀਉਂ ਉੱਤਰ ਆਇਆ ਹਾਂ। ਸਵਾਦੀ ਗਲ ਇਹ ਹੈ ਕਿ ਤਾਲਬ ਜੀ ਵਾਲੀ ਲਾਲ ਗੁਥੀ ਵਿਚ ਕੱਛਾ ਪਰਨਾ ਤੇ ਕਿਤਾਬਾਂ ਪਾਕੇ ਮੈਂ ਉਸਨੂੰ ਉਤਲੇ ਫੱਟੇ ਉੱਤੇ ਰਖਿਆ ਹੋਇਆ ਸੀ ਤੇ ਛਤਰੀ ਦੀ ਵਧੇਰੇ ਖ਼ਬਰਦਾਰੀ ਕਰਨ ਲਈ ਮੈਂ ਉਸਨੂੰ ਸਿਰ ਹੇਠਾਂ ਰਖਿਆ ਹੋਇਆ ਸੀ। ਪਰ ਕਲ ਸ਼ਾਮ ਨੂੰ ਜਦ ਮੈਨੂੰ ਅਚਣਚੇਤ ਹੀ ਪਤਾ ਲਗਾ ਕਿ ਸਹਾਰਨਪੁਰ ਪੁਜ ਗਿਆ ਹਾਂ ਤਾਂ ਉਠਕੇ ਗੁਥੀ ਉੱਤੋਂ ਲਾਹੀ ਤੇ ਤੁਰ ਪਿਆ। ਛਤਰੀ ਦਾ ਚੇਤਾ ਹੀ ਭੁੱਲ ਗਿਆ। ਚੰਗਾ ਹੋਇਆ ਆਪ ਦੀ ਔਲੀਆਈ ਪੂਰੀ ਹੋ ਗਈ। ਭੁੱਲ ਤਾਂ ਇਸ ਨੇ ਕਿਧਰੇ ਨਾ ਕਿਧਰੇ ਜਾਣਾ ਹੀ ਸੀ ਤੇ ਚੰਗਾ ਹੋਇਆ ਜੋ ਤੁਹਾਡਾ ਬਚਨ ਪੂਰਾ ਹੋ ਗਿਆ।

ਰਾਤ ਮੈਂ ਸਹਾਰਨਪੁਰ ਸਟੇਸ਼ਨ ਉਤੇ ਹੀ ਕਟੀ। ਮੈਂ ਚਾਹੁੰਦਾ ਸਾਂ ਕਿ ਮੈਨੂੰ ਕੋਈ ਸਿੱਖ ਨਾ ਮਿਲ ਪਵੇ। ਜਿਥੇ ਕੋਈ ਸਿਖ ਨਜ਼ਰੀਂ ਪੈਂਦਾ ਸੀ ਮੈਂ ਇਧਰ ਉਧਰ ਹੋ ਜਾਂਦਾ ਸਾਂ। ਸਟੇਸ਼ਨ



Digitized by Panjab Digital Library | www.panjabdigilib.org

ਉੱਤੇ ਹਲਵਾਈ ਤੇ ਫ਼ਲਾਂ ਦੇ ਦੁਕਾਨਦਾਰ ਸਿੱਖ ਹੀ ਹਨ ਪਰ ਉਹ ਮੈਨੂੰ ਨਹੀਂ ਜਾਣਦੇ ਹਨ। ਸਵੇਰੇ ਹੀ ਮੈਂ ਉਠਕੇ ਬਜ਼ਾਰ ਵਿਚੋਂ ਲੰਘਕੇ ਸ਼ਹਿਰ ਦੇ ਦੂਜੇ ਬੰਨੇ ਜਾਣ ਲਈ ਟੁਰ ਪਿਆ। ਬਾਜ਼ਾਰ ਅਜੇ ਬੰਦ ਸੀ, ਪਰ ਟਾਂਵੀਂ ਟਾਵੀਂ ਦੁਕਾਨ ਖੁਲ੍ਹਣ ਲਗ ਪਈ ਸੀ। ਇਕ ਦੁਕਾਨ ਤੋਂ ਮੈਨੂੰ ਸਾਬਣ ਮਿਲ ਗਿਆ। ਸ਼ਹਿਰ ਮੁਕ ਗਿਆ ਤੇ ਮੈਂ ਬਾਗਾਂ ਵਿਚੋਂ ਦੀ ਪੈ ਗਿਆ। ਮੈਂ ਚਾਹੁੰਦਾ ਸਾਂ ਕਿ ਬਾਗਾਂ ਵਿਚੋਂ ਨਿਕਲਕੇ ਖੇਤਾਂ ਵਿਚ ਚਲ ਨਿਕਲਾਂ। ਉਥੇ ਕੋਈ ਖੂਹ ਭੀ ਚਲਦਾ ਹੋਵੇਗਾ। ਉਥੇ ਜੰਗਲ ਪਾਣੀ ਹੋਵਾਂਗਾ, ਅਸ਼ਨਾਨ ਕਰਾਂਗਾ ਤੇ ਕਪੜੇ ਧੋਵਾਂਗਾ। ਪਰ ਇਸ ਸ਼ਹਿਰ ਵਿਚ ਬਹੁਤ ਬਾਗ ਸਨ, ਬਾਗ ਮੁਕਣ ਵਿਚ ਹੀ ਨਾਂ ਆਵਣ, ਪਰ ਮੈਂ ਭੀ ਤੁਰਿਆ ਹੀ ਗਿਆ. ਮੈਨੂੰ ਕੋਈ ਕਾਹਲ ਨਹੀਂ ਸੀ। ਆਖਰ ਬਾਗ ਮੁਕੇ ਤੇ ਸਮਸ਼ਾਣ ਭੂਮੀ ਆ ਗਈ। ਸਮਸ਼ਾਣ ਭੂਮੀ ਪੁਜਕੇ ਮੈਨੂੰ ਨਿਸਚਾ ਹੋ ਗਿਆ ਕਿ ਇਥੇ ਲਾਗੇ ਕੋਈ ਚੰਗੀ ਥਾਂ ਅਸ਼ਨਾਨ ਪਾਣੀ ਦੀ ਹੋਵੇਗੀ। ਇਕ ਲੰਘਦੇ ਜਾਂਦੇ ਹਿੰਦੂ ਨੂੰ ਪੁਛਿਆ ਤਾਂ ਉਸ ਦਸਿਆ ਕਿ ਆਹ ਨਾਲ ਹੀ ਨਹਿਰ ਵਗ ਰਹੀ ਹੈ ਤੇ ਉਸ ਉੱਤੇ ਪੱਕਾ ਘਾਟ ਮੰਦਰ ਦੇ ਹੇਠਾਂ ਬਣਿਆ ਹੋਇਆ ਹੈ। ਮੈਂ ਜੰਗਲ ਹੋ ਕੇ ਘਾਟ ਉੱਤੇ ਪੁਜਾ ਡਾਢੀ ਰਮਣੀਕ ਥਾਂ ਸੀ। ਨਹਿਰ ਦਾ ਪਾਣੀ ਠੰਢਾ ਤੇ ਸਾਫ਼ ਸੀ। ਘਾਟ ਉੱਤੇ ਪੱਥਰ ਦੀਆਂ ਸਿਲਾਂ ਲਗੀਆਂ ਹੋਈਆਂ ਸਨ। ਦਰਖਤਾਂ ਦੀ ਛਾਇਆ ਉਹਨਾਂ ਸਿਲਾਂ ਉੱਤੇ ਪੈਂਦੀ ਸੀ। ਉਥੇ ਬਹਿ ਗਿਆ। ਇਉਂ ਭਾਸਣ ਲਗਾਂ ਪਿਆ ਜਿਸ ਤਰ੍ਹਾਂ ਕਿ ਸਾਰਾ ਦਿਨ ਸ਼ਿਕਾਰ ਖੇਡ ਕੇ ਕਿਸੇ ਸੋਹਣੇ ਪਾਣੀ ਵਾਲੇ ਠਿਕਾਣੇ ਉੱਤੇ ਪੁਜਣ ਸਮੇਂ ਭਾਸਦਾ ਹੈ। ਇਸ ਤਰ੍ਹਾਂ ਦਾ ਅਰਾਮ ਤੇ ਸ਼ਾਂਤੀ ਦਿਲ ਵਿਚ ਉਪਜੀ ਜਿਸ ਤਰ੍ਹਾਂ ਦੀ ਕਿ ਸਖਤ ਤਾਪ ਮਗਰੋਂ ਉਪਜਦੀ ਹੈ ਉਥੇ ਮੈਂ ਪਾਣੀ ਵਿਚ ਵੜ ਗਿਆ। ਕਪੜੇ ਧੋ ਕੇ ਧੁਪੇ ਪਾ ਦਿੱਤੇ ਤੇ ਆਪ ਪੜਾਂ ਉੱਤੇ ਬਹਿ



Digitized by Panjab Digital Library | www.panjabdigilib.org

ਗਿਆ। ਹੋਰ ਲੋਕੀ ਆਵਣ ਤੇ ਨਹਾ, ਕੇ ਚਲੇ ਜਾਣ ਪਰ ਮੈਂ ਇਥੇ ਬੈਠਾ ਆਨੰਦ ਲੈ ਰਿਹਾ ਹਾਂ ਤੇ ਇਹ ਚਿੱਠੀ ਆਪ ਵਲ ਲਿਖ ਰਿਹਾ ਹਾਂ ਜੋ ਆਪ ਨੂੰ ਘਲਣੀ ਨਹੀਂ ਹੈ। ਮੰਦਰ ਦੇ ਸੰਤ ਮੈਨੂੰ ਦੇਖਦੇ ਹਨ ਕਿ ਇਹ ਕੌਣ ਹੈ ਜੋ ਇਥੋਂ ਉਠਦਾ ਹੀ ਨਹੀਂ ਹੈ। ਦੁਪਹਿਰ ਹੋ ਗਈ ਹੈ ਤੇ ਇਹ ਇਥੇ ਹੀ ਬੈਠਾ ਹੈ ਤੇ ਹੁਣ ਲਿਖਣ ਲਗ ਪਿਆ ਹੈ। ਇਕ ਸੰਤ ਜੀ ਨੇ ਤਾਂ ਮੈਨੂੰ ਕਿਹਾ ਭੀ ਸਿੰਘ ਜੀ ਖੂਬ ਅਨੰਦ ਲੈ ਰਹੇ ਹੋ। ਮੈਂ ਕਿਹਾ ਮਹਾਰਾਜ ਇਥੇ ਬੜਾ ਅਨੰਦ ਹੈ। ਮੇਰਾ ਜੀਅ ਤਾਂ ਇਥੋਂ ਉਠਣ ਨੂੰ ਨਹੀਂ ਕਰਦਾ ਹੈ, ਪਰ ਇਥੇ ਭੀ ਨਿਰਾ ਬਹਿ ਰਹਿਣਾ ਠੀਕ ਨਹੀਂ ਹੈ।

★★★



Digitized by Panjab Digital Library | www.panjabdigilib.org

# ੨.

## ਸਹਾਰਨਪੁਰ ੧੨-੭-੩੪

ਮਰਘਟ ਦੇ ਘਾਟ ਤੋਂ ਅਸ਼ਨਾਨ ਕਰਕੇ ਮੈਂ ਮੁੜਿਆ। ਰਾਹ ਵਿਚ ਧੁਪ ਸਖ਼ਤ ਸੀ ਤੇ ਮੈਨੂੰ ਤਿਹ ਲਗੀ। ਬਜ਼ਾਰ ਵਿਚ ਮੈਂ ਵੇਖਦਾ ਆਇਆ ਪਰ ਮੈਨੂੰ ਕਿਧਰੇ ਪਾਣੀ ਦੀ ਛਬੀਲ ਨਜ਼ਰ ਨਾ ਪਈ। ਕਿਸੇ ਕੋਲੋਂ ਮੈਂ ਪਾਣੀ ਮੰਗਿਆ ਨਹੀਂ ਕਿਉਂਕਿ ਮੈਨੂੰ ਇਹਨਾਂ ਲੋਕਾਂ ਦੀ ਛੂਤ ਛਾਤ ਤੋਂ ਡਰ ਆਉਂਦਾ ਹੈ ਕਿ ਕਿਧਰੇ ਸ਼ਾਇਦ ਨਾਂਹ ਹੀ ਕਰ ਦੇਣ। ਰਾਹ ਵਿਚ ਭਾਂਡਿਆਂ ਦੀ ਦੁਕਾਨ ਆਈ ਤੇ ਉਥੋਂ ਮੈਂ ਇਕ ਗੜਵੀ ਤੇ ਲਾਗੇ ਦੀ ਦੁਕਾਨ ਤੋਂ ਜੇਵੜੀ ਮੁੱਲ ਲਈ। ਅਗੇ ਆਇਆ ਤਾਂ ਇਕ ਪੰਪ ਲਗਾ ਹੋਇਆ ਸੀ। ਇਸ ਵਿਚੋਂ ਪਾਣੀ ਕੱਢਕੇ ਮੈਂ ਗੜਵੀ ਭਰ ਲਈ ਤੇ ਪਾਣੀ ਪੀਤਾ। ਸਟੇਸ਼ਪ ਉੱਤੇ ਪੁਜ ਕੇ ਮੈਂ ਡਾਕਖਾਨੇ ਵਲ ਚਲਾ ਗਿਆ ਉਥੋਂ ਮੁੜਦਿਆਂ ਮੈਂ ਕੀ ਵੇਖਿਆ ਕਿ ਇਕ ਆਦਮੀ ਸਾਹਮਣਿਉ ਆ ਰਿਹਾ ਹੈ ਤੇ ਮੈਨੂੰ ਵੇਖਕੇ ਰਾਹ ਵਿਚ ਛਾਂਵੇਂ ਬਹਿ ਗਿਆ ਹੈ। ਮੈਨੂੰ ਸ਼ਕ ਪਿਆ ਕਿ ਇਹ ਕੋਈ ਪੁਲਸੀਆ ਹੈ ਜੋ ਮੇਰਾ ਪਿਛਾ ਕਰ ਰਿਹਾ ਹੈ। ਮੇਰੀ ਪਗ ਕਾਲੀ ਸੀ ਤੇ ਮੇਰੀ ਕਿਤਾਬਾਂ ਦੀ



Digitized by Panjab Digital Library | www.panjabdigilib.org

ਗੁੱਥੀ ਲਾਲ ਸੀ। ਲਾਗੇ ਪੁਜਕੇ ਮੈਂ ਉਸਦੀ ਜੁੱਤੀ ਵਲ ਵੇਖਿਆ। ਉਸ ਨੇ ਪੁਲਿਸ ਵਾਲੀ ਜੁਤੀ ਨਹੀਂ ਸੀ ਪਾਈ ਹੋਈ। ਮੈਂ ਸਟੇਸ਼ਨ ਉੱਤੇ ਪੁਜਾ ਤੇ ਉਹ ਭੀ ਮੇਰੇ ਮਗਰ ਹੀ ਸਟੇਸ਼ਨ ਉਤੇ ਪੁਜਾ। ਮੇਰਾ ਸ਼ਕ ਵਧ ਗਿਆ। ਮੈਂ ਮੁਸਾਫ਼ਰ ਖਾਨੇ ਦੇ ਬੈਂਚ ਉਤੇ ਬਹਿ ਗਿਆ ਤੇ ਇਹ ਸਜਣ ਲਗਾ ਮੇਰੀ ਪ੍ਰਦਖਣਾ ਕਰਨ। ਇਹ ਵੇਖ ਕੇ ਤਾਂ ਸ਼ਕ ਪਕਾ ਹੋ ਗਿਆ। ਇਸ ਤੋਂ ਪਹਿਲਾਂ ਮੈਂ ਇਹ ਸੋਚ ਰਿਹਾ ਸਾਂ ਕਿ ਨਹਿਰ ਉਤੇ ਮੁੜ ਚਲਾਂ ਉਥੇ ਹੀ ਮੰਦਰ ਦੇ ਸੰਤਾਂ ਤੋਂ ਆਗਿਆ ਲੈ ਕੇ ਟਿੱਕ ਜਾਵਾਂ, ਪਰ ਇਸ ਨਵੇਂ ਯਾਰ ਨੇ ਮੇਰਾ ਇਰਾਦਾ ਬਦਲ ਦਿੱਤਾ। ਹੁਣ ਮੈਂ ਇਰਾਦਾ ਕਰ ਲਿਆ ਕਿ ਮੈਂ ਪੌਂਟੇ ਸਾਹਿਬ ਪੁਜਾਂਗਾ। ਇਹ ਇਰਾਦਾ ਕਰਕੇ ਮੈਂ ਬਰਾੜੇ ਸਟੇਸ਼ਨ ਦਾ ਟਿਕਟ ਲੈ ਲਿਆ। ਰਾਹ ਜਗਾਧਰੀ ਤੋਂ ਜਾਂਦਾ ਹੈ ਪਰ ਮੈਂ ਇਨ੍ਹਾਂ ਪੁਲਸੀਆਂ ਤੋਂ ਖਹਿੜਾ ਭੀ ਤਾਂ ਛੁਡਾਣਾ ਹੈ ਤੇ ਇਹਨਾਂ ਨੂੰ ਝਾਂਸਾ ਦੇ ਕੇ ਨਿਕਲਣਾ ਹੈ।

## *ਜਗਾਧਰੀ ਸਟੇਸ਼ਨ ੧੩.੭.੩੪*

ਮੈਂ ਕਲ ਦਾ ਸਹਾਰਨ ਪੁਰ ਤੋਂ ਇਥੇ ਆਇਆ ਹੋਇਆ ਹਾਂ। ਮੈਨੂੰ ਇਥੇ ਆ ਕੇ ਪਤਾ ਲਗਾ ਹੈ ਕਿ ਭੁੱਲ ਕੀਤੀ ਹੈ। ਜ਼ਗਾਧਰੀ ਵਾਲੇ ਰਸਤੇ ਨਾਲੋਂ ਸਹਾਰਨ ਪੁਰ ਦਾ ਰਸਤਾ ਸੌਖਾ ਸੀ। ਸਹਾਰਨ ਪੁਰੋਂ ਮੋਟਰ ਜਕਰੋਤੇ ਨੂੰ ਜਾਂਦੀ ਹੈ। ਉਸ ਸੜਕ ਉਤੇ ਹਰਪਟ ਬਜ਼ਾਰ ਆਉਂਦਾ ਹੈ। ਉਥੇ ਦਾ ਕਰਾਇਆ ੩ਆਨੇ ਤੋਂ ਵਧ ਨਹੀਂ ਲਗਦਾ। ਹਰਪਟ ਬਜ਼ਾਰ ਤੋਂ ਦਰਿਆ ਜਮਨਾ ਤਿੰਨ ਮੀਲ ਹੈ। ਦਰਿਆ ਦਾ ਸਫਰ ਜੇ ਮੀਲ ਭੀ ਗਿਣ ਲਵੀਏ ਤਾਂ ਕੁਲ ਸਫਰ ੭ ਮੀਲ ਹੈ। ਪਰ ਜਗਾਧਰੀ ਸਟੇਸ਼ਨ ਤੋਂ ਮੋਟਰ ਕੇਵਲ ਇਕੋ ਜਾਂਦੀ ਹੈ ਜੋ ਸ਼ਾਮ ਨੂੰ ਚਲੀ ਜਾਂਦੀ ਹੈ। ਇਥੋਂ ਇਕ ਰੁਪਿਆ ਸਵਾਰੀ ਲੈ ਕੇ ਤਾਜੇ ਵੇਲੇ ਪੁਚਾਂਦੇ ਹਨ। ਤਾਜੇ ਵਾਲਾ



Digitized by Panjab Digital Library | www.panjabdigilib.org

ਨਹਿਰ ਜਮਨਾ ਦਾ ਹੈੱਡ ਹੈ । ਇਥੋਂ ਅਗੇ ੫੩ ਮੀਲ ਪੈਦਲ ਜਾ ਕੇ ਪੌਂਟੇ ਸਾਹਿਬ ਪੁਜੀਦਾ ਹੈ । ਇਹ ਰਸਤਾ ਸੰਘਣੇ ਜੰਗਲ ਵਿਚੋਂ ਲੰਘੀਦਾ ਹੈ । ਭਾਵੇਂ ਇਸ ਜੰਗਲ ਵਿਚ ਜੰਗਲੀ ਜਾਨਵਰ ਬਹੁਤ ਹਨ ਤੇ ਸ਼ੇਰ ਚਿਤਰਾ ਭੀ ਹੁੰਦਾ ਹੈ, ਪਰ ਰਾਹ ਵਿਚ ਕੋਈ ਖਤਰਾ ਨਹੀਂ ਹੈ । ਰਾਹ ਜੰਗਲ ਦੇ ਇਕ ਸਿਰੇ ਤੋਂ ਲੰਘਦਾ ਹੈ ਤੇ ਸ਼ੇਰ ਆਦਿਕ ਇਸ ਰਾਹ ਲਾਗੇ ਨਹੀਂ ਆਉਂਦੇ । ਕਦੀ ਕੋਈ ਹਾਦਸਾ ਨਹੀਂ ਹੋਇਆ ਹੈ ।

ਕਲ ਗਡੀ ਵਿਚ ਆਉਂਦੇ ਮੇਰੇ ਨਾਲ ਜ਼ਰਾ ਪੁਲਸ ਨੇ ਖੇਡ ਕੀਤੀ । ਮੈਂ ਸਹਾਰਨ ਪੁਰੋਂ ਟਿਕਟ ਲੈ ਕੇ ਇੰਟਰ ਵਾਲੇ ਪਾਸਿਉਂ ਲੰਘ ਕੇ ਗਡੀ ਵਿਚ ਬੈਠਾ । ਉਸ ਵੇਲੇ ਫਾਟਕ ਉਤੇ ਬਾਬੂ ਨਹੀਂ ਸੀ ਤੇ ਮੇਰਾ ਟਿਕਟ ਕਿਸੇ ਨੇ ਭੀ ਨਹੀਂ ਵੇਖਿਆ ਸੀ । ਗਡੀ ਤੁਰ ਪਈ ਤੇ ਕੋਈ ਬਾਬੂ ਮੇਰਾ ਟਿਕਟ ਵੇਖਣ ਨਾ ਆਇਆ । ਮੈਂ ਸਮਝਿਆ ਪੁਲਸ ਨੇ ਮੇਰਾ ਖਹਿੜਾ ਛਡ ਦਿੱਤਾ ਹੈ । ਜਦ ਮੈਂ ਗਡੀ ਵਿਚ ਬੈਠਾ ਹੋਇਆ ਸਾਂ ਤਾਂ ਮੈਂ ਤਾੜਿਆ ਕਿ ਮੇਰੇ ਸਾਹਮਣੇ ਪੁਲਸ ਦਾ ਸਿਪਾਹੀ ਬੈਠਾ ਹੋਇਆ ਹੈ ਤੇ ਉਸ ਨੇ ਪੁਲਸ ਵਾਲੀ ਜੁੱਤੀ ਪਾਈ ਹੋਈ ਹੈ । ਮੈਂ ਹੈਰਾਨ ਹੋ ਗਿਆ ਕਿ ਇਨ੍ਹਾਂ ਮੇਰਾ ਟਿਕਟ ਨਹੀਂ ਵੇਖਿਆ ਹੈ ਤੇ ਉਂਞ ਹੀ ਮੇਰਾ ਪਿੱਛਾ ਕਿਵੇਂ ਕਰਰਹੇ ਹਨ । ਫਿਰ ਖਿਆਲ ਆਇਆ ਕਿ ਸ਼ਾਇਦ ਇਹ ਸਿਪਾਹੀ ਕਿਸੇ ਹੋਰ ਕੰਮ ਹੀ ਜਾ ਰਿਹਾ ਹੋਵੇ ਇਕ ਸਟੇਸ਼ਨ ਲੰਘ ਗਿਆ । ਅਗੇ ਟਿਕਟ ਚੈੱਕ ਕਰਨ ਵਾਲਾ ਬਾਬੂ ਆ ਗਿਆ । ਪਰ ਉਹ ਸਭ ਦੇ ਟਿਕਟ ਬਕਾਇਦਾ ਚੈੱਕ ਕਰਦਾ ਸੀ । ਪੁਲਸ ਵਾਲੇ ਕੋਲ ਟਿਕਟ ਨਹੀਂ ਸੀ । ਉਹ ਜ਼ਰਾ ਆਕੜ ਵਾਲਾ ਭੀ ਸੀ । ਉਸ ਨੇ ਬਾਬੂ ਨਾਲ ਝਗੜਾ ਛੇੜ ਲਿਆ ਉਸ ਖਾਨੇ ਵਿਚ ਦੋ ਹੋਰ ਪੁਲਸੀਏ ਭੀ ਬੇ ਟਿਕਟੇ ਸਨ । ਬਾਬੂ ਪੁੱਛੇ ਤੇ ਉਹ ਪੁਲਸ ਦਾ ਰੁਹਬ ਦੱਸਣਾ ਬਾਬੂ ਤਕੜਾ ਸੀ । ਇਸੇ



Digitized by Panjab Digital Library | www.panjabdigilib.org

ਝਗੜੇ ਵਿਚ ਜਗਾਧਰੀ ਦਾ ਸਟੇਸ਼ਨ ਆ ਗਿਆ। ਬਾਬੂ ਗਡੀ ਵਿਚੋਂ ਉਤਰਿਆ ਤੇ ਪੁਲਸੀਆਂ ਨੂੰ ਉਤਰਨ ਲਈ ਕਿਹਾ। ਪਰ ਭੀੜ ਵਿਚ ਪੈ ਕੇ ਪੁਲਸੀਏ ਪਲੇਟ ਫਾਰਮ ਦੇ ਦੂਜੇ ਪਾਸੇ ਉਤਰ ਗਏ। ਬਾਬੂ ਨੇ ਪਿਛੇ ਮੁੜਕੇ ਜਦ ਵੇਖਿਆ ਤਾਂ ਪਤਾ ਲਗਾ ਕਿ ਪੁਲਸੀਏ ਖਿਸਕ ਗਏ ਹਨ। ਮੈਂ ਪੁਲਸੀਆਂ ਦੇ ਤਾੜ ਵਿਚ ਸਾਂ, ਉਹ ਉਸ ਖਾਨਿਉਂ ਨਿਕਲ ਕੇ ਪਿਛੇ ਕਿਧਰੇ ਜਾ ਬੈਠੇ। ਮੈਨੂੰ ਦਾਅ ਚੰਗਾ ਫਬ ਗਿਆ। ਮੈਂ ਝਟ ਉਤਰ ਕੇ ਸਟੇਸ਼ਨੋਂ ਬਾਹਰ ਚਲਾ ਗਿਆ ਤੇ ਸੋਚਣ ਲਗਾ ਇਨ੍ਹਾਂ ਪੁਲਸੀਆ ਨੂੰ ਕਿਸ ਤਰ੍ਹਾਂ ਤਸਲੀ ਸੀ ਕਿ ਮੈਂ ਜਗਾਧਰੀ ਤੋਂ ਅਗੇ ਜਾਣਾ ਹੈ। ਸੋਚਕੇ ਮੈਨੂੰ ਚੇਤਾ ਆਇਆ ਕਿ ਜਦ ਮੈਂ ਟਿਕਟ ਮੰਗਿਆ ਸੀ ਤਾਂ ਬਾਬੂ ਜ਼ਰਾ ਮੁਸਕਰਾਇਆ ਸੀ। ਮੈਂ ਸਮਝ ਲਿਆ ਕਿ ਉਸ ਬਾਬੂ ਨੂੰ ਪੁਲਸਿਆ ਕਹਿ ਗਿਆ ਹੋਣਾ ਹੈ ਤੇ ਉਸ ਬਾਬੂ ਨੂੰ ਉਨ੍ਹਾਂ ਨੂੰ ਦਸਿਆ ਹੋਣਾ ਹੈ ਕਿ ਮੈਂ ਬਰਾੜੇ ਦਾ ਟਿਕਟ ਖਰੀਦਿਆ ਹੈ।

ਮੈਂ ਪੁਲਸੀਆਂ ਨੂੰ ਇਸ ਕਰ ਕੇ ਛਡ ਜਾਣਾ ਚਾਹੁੰਦਾ ਸਾਂ ਕਿ ਮੈਨੂੰ ਪਤਾ ਸੀ ਕਿ ਪਿੰਡ ਵਿਚ ਜਾ ਕੇ ਇਹ ਪੁਲਸੀਏ ਔਖਾ ਕਰਦੇ ਹਨ ਤੇ ਲੋਕੀ ਇਨ੍ਹਾਂ ਕੋਲੋਂ ਡਰਦੇ ਹਨ।

ਕਲ ਸ਼ਾਮ ਨੂੰ ੫ ਵਜੇ ਮੈਂ ਇਥੇ ਪੁਜਾ ਸਾਂ ਤੇ ਮੋਟਰ ਅੱਧਾ ਘੰਟਾ ਪਹਿਲਾਂ ਚਲ ਗਈ ਸੀ। ਮੈਂ ਸਟੇਸ਼ਨ ਤੇ ਪੁਜ ਕੇ ਸਰਾਂ ਵਿਚ ਪੁਜਾ। ਮੈਨੂੰ ਇਕ ਸਜਣ ਨੇ ਕਿਹਾ ਕਿ ਇਥੇ ਗੁਰਦਵਾਰਾ ਭੀ ਹੈ ਤੇ ਗੁਰਦਵਾਰੇ ਵਿਚ ਗ੍ਰੰਥੀ ਬਹੁਤ ਚੰਗਾ ਹੈ ਜੋ ਆਏ ਗਏ ਮੁਸਾਫ਼ਰਾਂ ਦੀ ਸੇਵਾ ਕਰਦਾ ਹੈ। ਪਰ ਮੈਂ ਤਾਂ ਲੁਕਦਾ ਫਿਰਦਾ ਸਾਂ ਤੇ ਮੈਂ ਗੁਰਦਵਾਰੇ ਵਿਚ ਕਿਸ ਤਰ੍ਹਾਂ ਜਾ ਸਕਦਾ ਸਾਂ। ਰਾਤ ਮੈਂ ਸਰਾਂ ਵਿਚ ਕਟੀ ਤੇ ਰੋਟੀ ਤੰਦੂਰ ਉਤੋਂ ਖਾਧੀ। ਅਜ ਦਿਨ ਸਾਰਾ ਮੈਂ ਇਥੇ ਹੀ ਕਟਣਾ ਹੈ। ਨਹਿਰ ਉਤੇ ਜਾ ਕੇ ਮੈਂ ਇਸ਼-ਨਾਨ ਕਰ ਕੇ ਉਥੇ ਹੀ ਲਿਖਣ ਪੜ੍ਹਨ ਬਹਿ ਗਿਆ ਸਾਂ। ਰੋਟੀ



Digitized by Panjab Digital Library | www.panjabdigilib.org

ਖਾਣ ਲਈ ਮੁੜ ਸ਼ਹਿਰ ਵਿਚ ਗਿਆ ਤੇ ਕੁਝ ਚਿਰ ਸਰਾਂ ਵਿਚ ਕਟ ਕੇ ਫਿਰ ਇਥੇ ਨਹਿਰ ਦੇ ਲਾਗੇ ਹੀ ਆ ਬੈਠਾ ਸਾਂ। ਸਟੇਸ਼ਨ ਲਾਗੇ ਟਾਂਗੇ ਵਾਲੇ ਵਾਜਾਂ ਮਾਰਦੇ ਸੁਣੇ ਹਨ ਕਿ ਜਗਾਧਰੀ ਦੇ ਚਾਰ ਚਾਰ ਆਨੇ। ਇਹ ਸੁਣਕੇ ਮੈਂ ਪਤਾ ਕੀਤਾ ਤਾਂ ਪਤਾ ਲਗਾ ਕਿ ਸਟੇਸ਼ਨ ਦਾ ਨਾਂ ਭਾਵੇ ਜਗਾਧਰੀ ਪਰ ਜ਼ਗਾਧਰੀ ਸ਼ਹਿਰ ਉਥੋਂ ੫-੬ ਮੀਲ ਹੈ। ਅਜ ਦਾ ਸਾਰਾ ਦਿਨ ਬਿਰਛਾਂ ਦੀਆਂ ਛਾਵਾਂ ਤੇ ਸਰਾਂ ਵਿਚ ਬਹਿਕੇ ਕਟਿਆ ਹੈ। ਮੋਟਰ ਦਾ ਮੈਂ ਪਕਾ ਪਤਾ ਲੈ ਲਿਆ ਹੈ ਤੇ ਘੰਟਾ ਪਹਿਲਾਂ ਹੀ ਆਪਣਾ ਅਸਬਾਬ ਉਸ ਮਹਿਰੇ ਦੀ ਦੁਕਾਨ ਉਤੇ ਜਾ ਰਖਿਆ ਹੈ ਜਿਸਦੇ ਲਾਗਿਉਂ ਮੋਟਰ ਤੁਰਦੀ ਹੈ। ਸਰਾਂ ਵਾਲੇ ਨੇ ਮੈਨੂੰ ਮੰਜੀ ਭੀ ਦਿਤੀ ਹੈ। ਮੇਰੇ ਅਸਬਾਬ ਦੀ ਰਾਖੀ ਭੀ ਕੀਤੀ ਹੈ ਤੇ ਕਲ ਸ਼ਾਮ ਤੋਂ ਅਜ ਸ਼ਾਮ ਤਕ ਮੈਂ ਉਥੇ ਟਿਕਿਆ ਹਾਂ। ਉਸ ਨੇ ਮੇਰੇ ਕੋਲੋਂ ਦਿਨ ਰਾਤ ਦਾ ਕਿਰਾਇਆ ਸਣੇ ਮੰਜੇ ਦੇ ਕਿਰਾਏ ਦੇ ਇਕ ਆਨਾ ਲਿਆ ਹੈ। ਸਰਾਂ ਦੇ ਵਿਹੜੇ ਵਿਚ ਖੂਹ ਭੀ ਹੈ ਜਿਸਨੇ ਇਸ ਗਰਮੀ ਦੇ ਮੌਸਮ ਵਿਚ ਬਹੁਤ ਸੌਖ ਕਰ ਦਿਤਾ ਹੈ।

ਹੁਣ ਮੈਂ ਮੋਟਰ ਵਿਚ ਬਹਿ ਗਿਆ ਹਾਂ ਤੇ ਰਾਹ ਲਈ ਇਕ ਪੈਸੇ ਦੇ ਭੁਜੇ ਹੋਏ ਛੋਲੇ ਤੇ ਇਕ ਪੈਸੇ ਦੇ ਭੁਜੇ ਹੋਏ ਮਟਰ ਲੈ ਕੇ ਪੱਲੇ ਬੰਨ੍ਹ ਲਏ ਹਨ। ਮੋਟਰ ਚਲ ਪਈ ਹੈ।

## ਤਾਜ ਵਾਲਾ ੧-੭-੩੪

ਪਰਸੋਂ ਮੈਂ ਤਾਜੇ ਵਾਲੇ ਸੂਰਜ ਹੋਂਦਿਆ ਹੀ ਪੁਜ ਗਿਆ ਤਾਂ ਰਾਹ ਵਿਚ ਮੈਂ ਮੋਟਰ ਵਾਲੇ ਨੂੰ ਕੋਈ ਠਹਿਰਨ ਦੀ ਥਾਂ ਪੁਛੀ ਸੀ ਤੇ ਉਸ ਨੇ ਕਿਹਾ ਸੀ ਕਿ ਇਕ ਸਿਖ ਬਾਬੂ ਦਲੀਪ ਸਿੰਘ ਇਥੇਹੈ। ਜੋ ਬ_ਤ ਚੰਗਾ ਹੈ ਤੇ ਆਉਂਦੇ ਜਾਂਦੇ ਸਿੰਘ ਉਸ ਦੇ ਘਰ ਹੀ ਠਹਿਰਦੇ ਹਨ। ਪਰ ਮੈਂ ਤਾਂ ਕਿਸੇ ਸਿੰਘ ( ਤੇ ਖਾਸ ਕਰ



Digitized by Panjab Digital Library | www.panjabdigilib.org

ਪੜੇ ਲਿਖੇ ਸਿਖ ) ਤੋਂ ਤਾਂ ਬਚਨਾ ਚਾਹੁੰਦਾ ਹਾਂ । ਹੋਰ ਪਤਾ ਕਰਨ ਉਤੇ ਉਸ ਮੋਟਰ ਵਾਲੇ ਨੇ ਦਸਿਆ ਕਿ ਇਕ ਧਰਮਸਾਲਾ ਭੀ ਇਥੇ ਹੈ । ( ਇਹ ਧਰਮਸਾਲਾ ਹਿੰਦੂ ਠਿਕਾਣਾ ਜਿਹਾ ਸੀ । ਇਸ ਪਾਸੇ ਗੁਰਦਵਾਰੇ ਨੂੰ ਧਰਮਸਾਲਾ ਨਹੀਂ ਕਹਿੰਦੇ ) ਮੈਂ ਮੋਟਰ ਤੋਂ ਉਤਰ ਕੇ ਧਰਮਸਾਲਾ ਵਿਚ ਚਲਾ ਗਿਆ । ਰਾਹ ਵਿਚ ਮੈਂ ਸਿਖ ਲੜਕੇ ਵੇਖੇ ਜੋ ਉਸ ਬਾਬੂ ਦਲੀਪ ਸਿੰਘ ਦੇ ਮੁੰਡੇ ਜਾ ਰਿਸ਼ਤੇਦਾਰ ਹੋਣਗੇ। ਉਨ੍ਹਾਂ ਤੋਂ ਅਖ ਬਚਾ ਕੇ ਮੈਂ ਧਰਮਸਾਲਾ ਵਲ ਖਿਸਕ ਗਿਆ ਸਾਂ । ਧਰਮਸਾਲਾ ਵਾਲਿਆਂ ਕੋਲ ਇਕੋ ਮੰਜਾ ਸੀ । ਉਹ ਉਨ੍ਹਾਂ ਮੈਨੂੰ ਦੇ ਦਿਤਾ ਤੇ ਰੋਟੀ ਖਾਣ ਲਈ ਭੀ ਕਿਹਾ । ਪਰ ਮੈਂ ਆਪਣੇ ਕੋਲ ਦੇ ਦਾਣਿਆ ਉਤੇ ਗੁਜ਼ਾਰਾ ਕੀਤਾ । ਜਮਨਾ ਦੇ ਠੰਡੇ ਪਾਣੀ ਵਿਚ ਨਹਾ ਕੇ ਮੈਂ ਖੂਬ ਅਨੰਦ ਲਿਆ । ਰਾਤ ਇਸ ਧਰਮਸਾਲਾ ਵਿਚ ਕਟੀ ਤੇ ਉਹਨਾਂ ਭਲੇ ਪੁਰਸ਼ਾਂ ਤੋਂ ਰਾਹ ਪੁਛਕੇ ਸਵੇਰੇ ਹੀ ਇਸ਼ਨਾਨ ਕਰਕੇ ਮੈਂ ਟੁਰ ਪਿਆ ਸਾਂ । ਪੁਲੋਂ ਪਾਰ ਹੋ ਕੇ ਮੈਂ ਜੰਗਲ ਦਾ ਰਾਹ ਪਕੜ ਲਿਆ ।

ਅਜੇ ਕੋਈ ਦੋ ਮੀਲ ਹੀ ਗਿਆ ਹੋਵਾਂਗਾ ਕਿ ਥੋੜੀ ਥੋੜੀ ਬਾਰਸ਼ ਲਗ ਪਈ । ਛਤਰੀ ਤਾਂ ਮੈਂ ਰੇਲ ਦੀ ਭੇਟਾ ਕਰ ਆਇਆ ਸਾਂ । ਇਸ ਗਰਮੀ ਵਿਚ ਕਪੜੇ ਭਿਜਣ ਦਾ ਡਰ ਤਾਂ ਨਹੀਂ ਸੀ, ਪਰ ਮੇਰੇ ਕੋਲ ਕਿਤਾਬਾਂ ਭੀ ਸਨ ਮੈਂ ਕਿਤਬਾਂ ਨੂੰ ਚਾਦਰ ਵਿਚ ਲਪੇਟ ਕੇ ਗੁਥੀ ਵਿਚ ਪਾ ਲਿਆ ਤੇ ਗੁਥੀ ਮੋਢੇ ਪਿਛੇ ਸੁਟਕੇ ਤੇਜ ਟੁਰ ਪਿਆ ਹੋਰ ਕੋਈ ਦੋ ਮੀਲ ਜਾ ਕੇ ਕਲੇਸਰ ਦਾ ਬੰਗਲਾ ਆ ਗਿਆ । ਇਹ ਜੰਗਲ ਵਿਚ ਜੰਗਲ ਦੇ ਮਹਿਕਮੇ ਦਾ ਹੈ । ਜੰਗਲ ਦੇ ਮੁਲਾਜ਼ਮ ਅੰਦਰ ਵੜੇ ਹੋਏ ਸਨ ਤੇ ਉਥੇ ਜੰਗਲ ਦਾ ਬਾਬੂ ਭੀ ਅੰਦਰ ਹੀ ਸੀ । ਬਾਹਰ ਬਰਾਂਡੇ ਵਿਚ ਇਕ ਮਾੜਾ ਜਿਹ ਮੇਜ਼ ਹੀ ਸੀ । ਮੈਂ ਉਸ ਉਤੇ ਬਹਿ ਗਿਆ । ਇਤਨੇ ਚਿਰ ਨੂੰ ਬਾਬੂ ਅੰਦਰੋ ਨਿਕਲਿਆ ਤੇ ਉਸ ਇਹ ਪਤਾ ਕਰਕੇ ਕਿ ਮੈਂ ਮੁਸਾਫਰੀ ਦੀ ਹਾਲਤ ਵਿਚ



Digitized by Panjab Digital Library | www.panjabdigilib.org

ਹਾਂ, ਮੈਨੂੰ ਰੋਟੀ ਖਾਣ ਲਈ ਕਿਹਾ। ਮੈਂ ਇਕ ਖਾਕੀ ਕਛਹਿਰਾ ਇਕ ਖਾਕੀ ਕੁਰਤਾ ਤੇ ਕਾਲੀ ਪਗੜੀ ਬਧੀ ਹੋਈ ਸੀ। ਪਰ ਬਾਬੂ ਨਾਲ ਗਲ ਬਾਤ ਹੋਣ ਉਤੇ ਬਾਬੂ ਨੇ ਸਮਝ ਲਿਆ ਕਿ ਮੈਂ ਪੜ੍ਹਿਆ ਹੋਇਆ ਹਾਂ। ਉਸ ਨੇ ਮੇਰੇ ਵਾਸਤੇ ਰੋਟੀ ਪਕਵਾਈ ਤੇ ਕਈ ਤਰ੍ਹਾਂ ਦੀਆਂ ਗੱਲਾਂ ਬਾਤਾਂ ਹੋਈਆਂ। ਪਰ ਬਾਬੂ ਨੇ ਮੇਰਾ ਨਾਮ ਨਾ ਪੁਛਿਆ। ਇਕ ਉਰਦੂ ਅਖਬਾਰ ਉਸ ਦੀ ਮੇਜ਼ ਉਤੇ ਪਿਆ ਸੀ ਤੇ ਜਿਹੜਾ ਸਫ਼ਾ ਖੁਲ੍ਹਾ ਹੋਇਆ ਸੀ ਉਸ ਉਤੇ ਮੇਰੀ ਉਹ ਚਿੱਠੀ ਛਪੀ ਹੋਈ ਸੀ ਜਿਸ ਵਿਚ ਮੈਂ ਆਖਰੀ ਪੁਲੀਟੀਕਲ ਖਿਆਲ ਦਸੇ ਸਨ। ਇਸ ਚਿੱਠੀ ਦੇ ਸ਼ੁਰੂ ਵਿਚ ਐਡੀਟਰ ਦੇ ਕੁਝ ਫਿਕਰੇ ਸਨ ਜਿਨ੍ਹਾਂ ਉਤੋਂ ਮੈਨੂੰ ਪਤਾ ਲਗਾ ਸੀ ਕਿ ਮੇਰੇ ਸਬੰਧ ਵਿਚ ਐਲਾਨ ਭੀ ਛਪ ਚੁਕਾ ਹੈ। ਬਾਬੂ ਕੋਲ ਕੋਈ ਤਿੰਨ ਘੰਟੇ ਲਗ ਗਏ ਹੋਣਗੇ। ਉਸ ਨੇ ਚੰਗੇ ਪ੍ਰੇਮ ਨਾਲ ਮੈਨੂੰ ਰੋਟੀ, ਚਾਵਲ, ਦਾਲ, ਭਾਜੀਆਂ ਛਕਾਇਆ। ਉਥੇ ਮੈਂ ਪਹਿਲੀ ਵੇਰਾਂ ਡੋਗਰਿਆਂ ਦੀ ਮਹਾਣੀ ਖਾਧੀ, ਇਹ ਬਾਬੂ ਡੋਗਰਾ ਸੀ।

ਬਾਰਸ਼ ਬੰਦ ਹੋ ਗਈ ਤੇ ਮੈਂ ਕੋਈ ਇਕ ਵਜੇ ਦੁਪਹਿਰ ਦੇ ਕਲੇਸਰ ਬੰਗਲੇ ਤੋਂ ਟੁਰ ਪਿਆ। ਬਾਰਸ਼ ਬੰਦ ਹੋ ਕੇ ਧੁਪ ਸਖਤ ਲਗ ਰਹੀ ਸੀ। ਮੈਂ ਸ਼ਾਮ ਤਕ ਪੌਂਟੇ ਸਾਹਿਬ ਪੁਜਣਾ ਚਾਹੁੰਦਾ ਸਾਂ ਪੇਟ ਭਰਿਆ ਹੋਇਆ ਸੀ ਤੇ ਧੁਪ ਤੇਜ਼ ਸੀ। ਮੈਂ ਮਸਾਂ ਕੋਈ ਤਿੰਨ ਚਾਰ ਮੀਲ ਟੁਰ ਕੇ ਜਮਨਾ ਵਿਚ ਰਲਦਾ ਇਕ ਪਾਣੀ ਟਪ ਕੇ ਸਾਹਮਣੇ ਆਏ ਜੰਗਲ ਵਿਚ ਛਾਵੇਂ ਲੇਟ ਗਿਆ। ਮੇਰੀਆਂ ਲਤਾ ਫੁਲ ਗਈਆਂ ਤੇ ਮੈਥੋਂ ਹੋਰ ਤੁਰਿਆ ਨਾ ਜਾਵੇ। ਇਥੇ ਜੰਗਲ ਵਿਚ ਰਾਹੇ ਉਤੇ ਪਿਆਂ ਸਾਂ ਕਿ ਦੋ ਸਿਖ ਮੁੰਡੇ ਉਥੋਂ ਆ ਲੰਘੇ। ਉਨ੍ਹਾਂ ਮੈਨੂੰ ਫ਼ਤਹ ਬੁਲਾਈ ਤੇ ਮੈਂ ਉਨ੍ਹਾਂ ਨੂੰ ਕੋਲ ਬਿਠਾ ਲਿਆ। ਓਹ ਮੁੰਡੇ ਕਹਿਣ ਲਗੇ ਕਿ ਚਲੀਏ ਤੇ ਮੈਂ ਕਹਾਂ ਜ਼ਰਾ ਕੁਝ ਠਹਿਰ ਜਾਓ। ਇਸ ਤਰ੍ਹਾਂ ਨਾਲ ਮੈਂ ਕੋਈ ਘੰਟਾ



Digitized by Panjab Digital Library | www.panjabdigilib.org

ਭਰ ਲੰਘਾ ਦਿਤਾ ਤੇ ਇਕ ਹੋਰ ਆਦਮੀ ਆ ਗਿਆ। ਫਿਰ ਅਸੀਂ ਚਾਰੇ ਟੁਰ ਪਏ। ਉਹਨਾਂ ਸਿਖ ਮੁੰਡਿਆਂ ਨੇ ਮੈਨੂੰ ਦਸਿਆ ਸੀ ਕਿ ਇਹ ਜੰਗਲ ਲੰਘ ਕੇ ਤੇ ਅਧਾ ਮੀਲ ਹੋਰ ਅਗੇ ਜਾ ਕੇ ਸਿਖਾਂ ਦਾ ਇਕ ਪਿੰਡ ਹੈ। ਮੇਰੀ ਨੀਯਤ ਉਸ ਪਿੰਡ ਰਹਿਣ ਦੀ ਹੋ ਗਈ ਸੀ। ਪਰ ਸ਼ਰਮੀਲਾ ਅਜਿਹਾ ਹਾਂ ਕਿ ਮੈਂ ਸੋਚਾਂ ਕਿ ਮੈਂ ਕਿਸੇ ਦੇ ਘਰ ਕਿਸ ਤਰ੍ਹਾਂ ਜਾਵਾਂਗਾ। ਇਹ ਸੋਚਦਾ ਮੈਂ ਤੁਰਿਆ ਜਾਂਦਾ ਸਾਂ ਕਿ ਅਗੋਂ ਮੈਨੂੰ ਸਰਦਾਰ ਪਿਆਰਾ ਸਿੰਘ ਜੀ ਜਥੇਦਾਰ ਰਿਆਸਤ ਕਪੂਰਥਲਾ ਸਾਹਮਣਿਉਂ ਆਉਂਦੇ ਮਿਲ ਪਏ ਮੈਂ ਜਤਨ ਕੀਤਾ ਕਿ ਸਿਰ ਨੀਵਾਂ ਕਰਕੇ ਲੰਘ ਜਾਵਾਂ ਪਰ ਭਲਾ ਓਹ ਮੈਨੂੰ ਕਿਸ ਤਰ੍ਹਾਂ ਨਾ ਪਛਾਨਣ ? ਉਨ੍ਹਾਂ ਨੂੰ ਮੇਰੇ ਅਡਰਾ ਹੋਣ ਦੀ ਖਬਰ ਨਹੀਂ ਸੀ। ਮੈਂ ਸਾਥ ਨਾਲੋਂ ਨਿਖੜ ਕੇ ਪਿਆਰਾ ਸਿੰਘ ਜੀ ਨਾਲ ਬਹਿ ਗਿਆ। ਤੇ 'ਉਨ੍ਹਾਂ ਤੋਂ ਬਚਨ ਲਿਆ ਕਿ ਉਹ ਕਿਸੇ ਨੂੰ ਪਤਾ ਨਹੀਂ ਦੇਣਗੇ। ਉਥੋਂ ਟੁਰਕੇ ਫਿਰ ਮੈਂ ਇਕ ਵਗਦੇ ਪਾਣੀ ਨੂੰ ਟਪਿਆ ਜਿਸ ਦੇ ਨਾਲ ਇਕ ਢਨ (ਛੰਬ ਜਿਹਾ) ਬਣੀ ਹੋਈ ਸੀ। ਇਸ ਢਨ ਵਿਚ ਮਗਰ ਮਛ ਹਨ ਤੇ ਕਈ ਵੇਰਾਂ ਮਾਰੇ ਗਏ ਹਨ। ਪਰ ਓਹ ਉਥੋਂ ਮੁਕੇ ਨਹੀਂ ਹਨ। ਦਰਿਆ ਜਮਨਾ ਵਿਚ ਤਾਂ ਏਥੇ ਪਹਾੜਾਂ ਵਿਚ ਮਗਰ ਮਛ ਨਹੀਂ ਹਨ, ਪਰ ਇਸ ਢਨ ਵਿਚ ਪਤਾ ਨਹੀਂ ਇਹ ਰਾਖਸ਼ ਕਿਥੋਂ ਆ ਵੜੇ ਹਨ। ਜੇ ਕੋਈ ਅਣਜਾਣ ਉਸ ਢਨ ਵਿਚ ਨਹਾਉਣ ਵੜ ਜਾਏ ਤਾਂ ਫਿਰ ਉਸ ਦੀ ਕਿਸਮਤ ਹੀ ਹੈ ਜੋ ਬਚ ਨਿਕਲੇ। ਇਹ ਪਾਣੀ ਜੰਗਲ ਖਤਮ ਹੋਦਿਆਂ ਨਾਲ ਹੀ ਹੈ ਤੇ ਇਹੋ ਪਾਣੀ ਇਸ ਜੰਗਲ ਤੋਂ ਪਹਿਲਾਂ ਭੀ ਆਉਂਦਾ ਹੈ ਤੇ ਉਥੇ ਭੀ ਮਗਰ ਮਛਾਂ ਦਾ ਖਤਰਾ ਹੈ। ਪਾਣੀ ਟਪਕੇ ਮੈਂ ਅਜੇ ਚੁਥਾਈ ਮੀਲ ਤੋਂ ਭੀ ਘਟ ਤੁਰਿਆ ਹੋਵਾਂਗਾ ਕਿ ਮੈਨੂੰ ਇਕ ਖੇਤ ਵਿਚ ਅੰਬਾਂ ਦੇ ਦਰਖਤਾਂ ਹੇਠਾਂ ਲਕੜਾਂ ਗਡਕੇਮੇਜ ਜਿਹਾ ਬਣਾਇਆ ਹੋਇਆ ਨਜ਼ਰੀ



Digitized by Panjab Digital Library | www.panjabdigilib.org

ਪਿਆ ਕੋਲ ਇਕ ਛਪਰ ਸੀ ਜਿਸ ਵਿਚ ਦੋ ਛਿਆਂ ਛਿਆਂ ਸੱਤਾਂ ੨ ਵਰ੍ਹਿਆਂ ਦੀਆਂ ਕੁੜੀਆਂ ਤੇ ਇਕ ਚਾਰ ਪਜਾ ਸਾਲਾਂ ਦਾ ਸਿਖ ਮੁੰਡਾ ਖੇਡ ਰਹੇ ਸਨ । ਮੈਂ ਰਾਹ ਛਡਕੇ ਖੇਤ ਵਿਚ ਚਲਾ ਗਿਆ ਤੇ ਉਸ ਮੇਜ ਉਤੇ ਆਪਣੀ ਗੁਥੀ ਰਖੀ ਤੇ ਆਪ ਮੇਜ ਉਤੇ ਚੜ੍ਹਕੇ ਲੇਟ ਗਿਆ । ਲੇਟ ਕੇ ਮੈਂ ਉਸ ਮੁੰਡੇ ਨੂੰ ਸਦਿਆ । ਉਹ ਆ ਗਿਆ ਤੇ ਮੈਂ ਉਸ ਮੁੰਡੇ ਨੂੰ ਆਪਣੀ ਗੜਵੀ ਦੇ ਕੇ ਕਿਹਾ ਕਿ ਘਰੋਂ ਪਾਣੀ ਦੀ ਲਿਆ ਦਿਹ । ਮੁੰਡਾ ਖੂਬ ਤਕੜਾ ਸੀ । ਉਹ ਮੈਨੂੰ ਘਰ ਚਲਣ ਲਈ ਕਹੇ, ਪਰ ਮੈਂ ਕਹਾਂ ਮੈਥੋਂ ਤਾਂ ਹਿਲਿਆ ਨਹੀਂ ਜਾਂਦਾ । ਗੜਵੀ ਵਿਚ ਮੂੰਡਾ ਪਾਣੀ ਲੈ ਆਇਆ ਪਰ ਰਾਤ ਠਹਿਰਣ ਲਈ ਕੌਣ ਕਹੇ ? ਮੁੰਡੇ ਤੋਂ ਮੈਂ ਪੌਂਟੇ ਸਾਹਿਬ ਦਾ ਰਾਹ ਪੁਛਿਆ ਪਰ ਉਹ ਬਿਲਕੁਲ ਅੰਜਾਣਾ ਸੀ । ਉਸ ਨੇ ਮੈਨੂੰ ਲਾਗੇ ਦੀ ਕੁੱਲੀ ਵਲ ਇਸ਼ਾਰਾ ਕੀਤਾ ਤੇ ਕਿਹਾ ਉਥੇ ਜਾ ਕੇ ਪੁਛ ਮੈਂ ਉਸ ਕੁੱਲੀ ਵਲ ਗਿਆ ਉਸ਼ ਕੁੱਲੀ ਵਿਚ ਸੰਤਾਂ ਦਾ ਲੰਗਰ ਸੀ । ਦੋ ਸੰਤ ਲੰਗਰ ਤਿਆਰ ਕਰ ਰਹੇ ਸਨ ਤੇ ਬਾਕੀ ਦੇ ਹੋਰ ਲਾਗੇ ਬਣੀਆਂ ਕੁੱਲੀਆਂ ਵਿਚ ਸਨ । ਮੈਂ ਜਾ ਪਾਣੀ ਮੰਗਿਆ, ਕਿਉਂਕਿ ਗੜਵੀ ਪਾਣੀ ਨਾਲ ਮੈਂ ਰਜਿਆ ਨਹੀਂ ਸਾਂ । ਦੋ ਬਾਟੀਆਂ ਪਾਣੀ ਦੀਆਂ ਹੋਰ ਪੀਤੀਆਂ ਤੇ ਮੈਂ ਉਥੇ ਬੈਠ ਗਿਆ ਸੰਤਾਂ ਨੇ ਮੈਨੂੰ ਰਾਤ ਠਹਿਰਣ ਲਈ ਕਿਹਾ ਮੈਂ ਤੇ ਅਗੇ ਹੀ ਤਰਲੇ ਲੈ ਰਿਹਾ ਸਾਂ ਕਿ ਕੋਈ ਠਹਿਰਣ ਲਈ ਕਹੇ । ਮੈਂ ਠਹਿਰ ਗਿਆ । ਸੰਤਾ ਦਾ ਪ੍ਰੇਮ ਗੁਰ ਸਿੱਖਾਂ ਵਾਲਾ ਸੀ ।

ਉਥੋਂ ਪੌਂਟਾ ਸਾਹਿਬ ਚਾਰ ਕੁ ਮੀਲ ਸੀ । ਸਵੇਰੇ ਉਠਕੇ ਮੈਂ ਇਸ਼ਨਾਨ ਕਰਕੇ ਸੰਤਾਂ ਤੋਂ ਛੁਟੀ ਲਈ । ਹੁਣ ਮੈਂ ਤਕੜਾ ਸਾਂ । ਘੰਟੇ ਡੇਢ ਘੰਟੇ ਵਿਚ ਮੈਂ ਪੌਂਟੇ ਸਾਹਿਬ ਜਾ ਅਪੜਿਆ ਰਾਹ ਵਿਚ ਮੈਂ ਬਾਟਾ ਨਾਲਾ ਲੰਘਿਆ, ਜੋ ਉਥੇ ਹੀ ਜਮਨਾ ਵਿਚ ਮਿਲਦਾ ਹੈ । ਇਥੇ ਜਮਨਾ ਤੇ ਬਾਟੇ ਦੇ ਮੇਲ ਵਾਲੀ ਥਾਂ ਲਾਗਿਉ



Digitized by Panjab Digital Library | www.panjabdigilib.org

ਟਪ ਕ ਫਿਰ ਸੰਘਣਾ ਜੰਗਲ ਆ ਜਾਂਦਾ ਹੈ। ਪਰ ਰਾਹ ਦੇ ਸਜੇ ਪਾਸੇ ਦਰਿਆ ਦੀ ਲਾਂਘ ਦੇ ਪਥਰ ਹਨ ਤੇ ਖਬੇ ਬੰਨੇ ਜੰਗਲ ਹੈ। ਜੰਗਲ ਲੰਘ ਕੇ ਫਿਰ ਤਾਂ ਦਰਿਆ ਦਾ ਪਾਣੀ ਨੇੜੇ ਆ ਜਾਂਦਾ ਹੈ। ਪਰ ਜਦ ਪੌਂਟਾ ਸਾਹਿਬ ਅਧ ਕੁ ਮੀਲ ਰਹਿ ਜਾਂਦਾ ਹੈ ਤਾਂ ਇਹ ਰਾਹ ਪਾਣੀ ਦੇ ਐਨ ਕੰਢੇ ਕੰਢੇ ਜਾਂਦਾ ਹੈ। ਪੌਂਟਾ ਸਾਹਿਬ ਉਚੀ ਥਾਂ ਉਤੇ ਹੈ ਤੇ ਮੈਂ ਦਰਿਆ ਦੇ ਪਥਰਾਂ ਉਤੇ ਪੌਂਟਾ ਸਾਹਿਬ ਦੇ ਐਨ ਹੇਠਾਂ ਜਾ ਪੁਜਾ। ਉਥੇ ਮੈਂ ਬੈਠ ਗਿਆ ਤੇ ਇਸ਼ਨਾਨ ਕਰਨ ਲਈ ਕਪੜੇ ਲਾਹੇ। ਦਰਿਆ ਦੇ ਕੰਢੇ ਕਈ ਚਸ਼ਮੇ ਬਣੇ ਹੋਏ ਹਨ। ਇਕ ਚਸ਼ਮੇਂ ਵਿਚੋਂ ਮੈਂ ਠੰਡਾ ਪਾਣੀ ਪੀਤਾ। ਦਰਿਆ ਦਾ ਪਾਣੀ ਵਧੇਰੇ ਠੰਡਾ ਸੀ। ਪਰ ਚੰਗਾ ਸਾਫ ਨਹੀਂ ਸੀ। ਕਪੜੇ ਲਾਹ ਕੇ ਮੈਂ ਇਸ਼ਨਾਨ ਕੀਤਾ ਤੇ ਉਥੇ ਹੀ ਬੈਠ ਕੇ ਅਨੰਦ ਲੈਣ ਲਗ ਪਿਆ। ਉਥੇ ਇਕ ਬੰਦਰ ਆ ਗਿਆ। ਮੇਰੇ ਕੋਲ ਅਜੇ ਉਨ੍ਹਾਂ ਦੋ ਪੈਸਿਆਂ ਦੇ ਦਾਣਿਆਂ ਵਿਚੋਂ ਕੁਝ ਬਾਕੀ ਸਨ ਜੋ ਮੈਂ ਜਗਾਧਰੀ ਤੋਂ ਲਏ ਸਨ। ਉਨ੍ਹਾਂ ਵਿਚੋਂ ਕੁਝ ਮੈਂ ਰਾਤ ਨੂੰ ਤਾਜੇ ਵਾਲੇ ਖਾਧੇ ਸਨ ਤੇ ਕੁਝ ਸਵੇਰ ਲਈ ਰਖੇ ਸਨ। ਸਵੇਰ ਵੇਲੇ ਜੰਗਲ ਦੇ ਬਾਬੂ ਨੇ ਰੋਟੀ ਖਵਾ ਦਿੱਤੀ ਤੇ ਰਾਤ ਨੂੰ ਸੰਤਾਂ ਕੋਲ ਆ ਖਾਧੀ ਸੀ। ਇਸ ਤੋਂ ਪਹਿਲਾਂ ਮੈਂ ਇਰਾਦਾ ਕਰ ਚੁਕਾ ਸਾਂ ਕਿ ਦੋ ਵੇਲੇ ਤੋਂ ਬਿਨਾਂ ਹੋਰ ਕੋਈ ਜ਼ਰਾ ਜਿੰਨੀ ਚੀਜ਼ ਭੀ ਮੂੰਹ ਨਹੀਂ ਪਾਣੀ ਹੈ ਇਸ ਕਰਕੇ ਦਾਣੇ ਖਾਣ ਦੀ ਵਾਰੀ ਨਹੀਂ ਆਈ ਸੀ। ਉਹ ਦਾਣੇ ਕਨੀਉਂ ਖੋਲ੍ਹ ਕੇ ਮੈਂ ਉਸ ਬੰਦਰ ਨੂੰ ਦੇਵਾਂ ਪਰ ਉਹ ਮੇਰੇ ਹਥੋਂ ਨਾ ਲਵੇ। ਮੈਂ ਲਾਗੇ ਪਥਰ ਉਤੇ ਦਾਣੇ ਰਖ ਦਿਤੇ ਤੇ ਬੰਦਰ ਆ ਕੇ ਖਾਣ ਲਗ ਪਿਆ ਇਹ ਪਥਰ ਮੇਰੇ ਲਾਗੇ ਲਾਗੇ ਹੀ ਸੀ ਤੇ ਬੰਦਰ ਥੋੜੇ ਜਿਹੇ ਦਾਣੇ ਮੂੰਹ ਵਿਚ ਵਿਚ ਪਾ ਕੇ ਫੇਰ ਮੇਰੇ ਵਲ ਵੇਖੇ ਤੇ ਮੈਨੂੰ ਘੂਰੇ। ਮੈਂ ਅਗੋਂ ਪਿਆਰ ਨਾਲ ਉਸ ਨੂੰ ਕਹਾਂ, "ਖਾ ਖਾ, ਮੈਂ



Digitized by Panjab Digital Library | www.panjabdigilib.org

ਕੁਝ ਨਹੀਂ ਕਹਿੰਦਾ।" ਉਹ ਮੇਰੀ ਗਲ ਸਮਝ ਲਵੇ। ਭਾਵੇਂ ਉਹ ਮੇਰੀ ਬੋਲੀ ਨਹੀਂ ਜਾਣਦਾ ਸੀ ਤਾਂ ਭੀ ਉਹ ਮੇਰੇ ਵਤੀਰੇ ਤੋਂ ਜ਼ਰੂਰ ਮੇਰਾ ਭਾਵ ਚੰਗੀ ਤਰ੍ਹਾਂ ਸਮਝ ਲੈਂਦਾ ਸੀ। ਮੇਰੇ ਤਸੱਲੀ ਦੇਣ ਉਤੇ ਉਹ ਫਿਰ ਦਾਣੇ ਖਾਣ ਲਗ ਪੈਂਦਾ ਸੀ ਪਹਿਲਾਂ ਤਾਂ ਉਹ ਬੰਦਰ ਦਾਣੇ ਡੰਗਰਾ ਵਾਂਗ ਮੂੰਹ ਨਾਲ ਚਰਦਾ ਸੀ, ਪਰ ਜਦ ਦਾਣੇ ਥੋੜੇ ਰਹਿ ਗਏ ਤੇ ਉਹ ਉਸਨੇ ਹਥਾਂ ਨਾਲ ਚੁਣ ਕੇ ਮੂੰਹ ਵਿਚ ਪਾ ਲਏ।

ਹੁਣ ਠੰਢੇ ਹੋ ਕੇ ਠੰਡੀ ਨਦੀ ਦੇ ਕੰਢੇ ਠੰਢੀ ਛਾਵੇਂ ਬੈਠਿਆਂ ਹੀ ਸ਼ਾਂਤੀ ਨਾਲ ਸੋਚਣ ਲਗਾ ਕਿ ਗੁਰਦਵਾਰੇ ਵਿਚ ਜਾ ਕੇ ਕੀ ਕਰਾਂਗਾ। ਪਤਾ ਨਹੀਂ ਮਹੰਤ ਜੀ ਮੈਨੂੰ ਸ਼ਕਲੋਂ ਪਛਾਣਦੇ ਹਨ ਕਿ ਨਹੀਂ। ਜੇ ਨਾ ਪਛਾਣ ਸਕਦੇ ਹੋਣ ਤਾਂ ਆਪਣਾ ਆਪ ਉਹਨਾਂ ਨੂੰ ਦਸਾਂ ਕਿ ਨਾ । ਫਿਰ ਝਕ ਲਗੀ ਕਿ ਮਹੰਤ ਜੀ ਕਈ ਤਰ੍ਹਾਂ ਦੇ ਸਵਾਲ ਕਰਣਗੇ। ਹੋ ਸਕਦਾ ਹੈ ਕੋਈ ਹੋਰ ਜਾਣੂੰ ਭੀ ਨਿਕਲ ਆਏ। ਇਸ ਤਰ੍ਹਾਂ ਦੀਆਂ ਸੋਚਾਂ ਤੇ ਇਸ ਤਰ੍ਹਾਂ ਦੀ ਝਿਜਕ ਵਿਚ ਮੈਂ ਕੋਈ ਦਸ ਵਜੇ ਤਕ ਉਥੇ ਹੀ ਬੈਠਾ ਰਿਹਾ ਮੈਂ ਉਥੇ ਅਪੜ ਸਤ ਵਜੇ ਹੀ ਗਿਆ ਹੋਵਾਂਗਾ। ਆਖਰ ਬਿਨ੍ਹਾਂ ਕੋਈ ਪਕਾ ਇਰਾਦਾ ਬਣਾਏ ਦੇ ਉਥੋਂ ਗੁਰਦਵਾਰੇ ਵਾਲੀ ਢੱਕੀ ਚੜ੍ਹਿਆ। ਉਤੇ ਜਾ ਕੇ ਮੈਂ ਡਾਢਾ ਸੋਹਣਾ ਘਾਹ ਲਗਾ ਹੋਇਆ ਮੈਦਾਨ ਵੇਖਿਆ, ਜਿਸ ਵਿਚ ਤਸੀਲ ਬਣੀ ਹੋਈ ਸੀ। ਉਸ ਮੈਦਾਨ ਵਿਚੋਂ ਲੰਘ ਕੇ ਮੈਂ ਗੁਰਦਵਾਰੇ ਦੇ ਮੈਦਾਨ ਵਿਚ ਦਾਖਲ ਹੋਇਆ। ਦਾਖਲ ਹੁੰਦਿਆਂ ਹੀ ਕੀ ਵੇਖਦਾ ਹਾਂ ਕਿ ਲਾਗੇ ਦੇ ਅੰਬਾਂ ਹੇਠੋਂ ਉਠ ਕੇ ਸਰਦਾਰ ਅਮਰ ਸਿੰਘ ਖਾਲਸਾ ਮੇਰੇ ਵਲ ਆ ਰਹੇ ਹਨ। ਮੈਂ ਘਬਰਾਇਆ ਪਰ ਵਾਹ ਕੋਈ ਨਹੀਂ ਸੀ। ਫਸੀ ਦਾ ਫਟਕਣ ਕਿਹਾ ? ਮੈਂ ਭੀ ਖੁਸ਼ੀ ਨਾਲ ਹੱਸਕੇ ਉਹਨਾਂ ਨੂੰ ਮਿਲਿਆ। ਪਰ ਮੈਂ ਉਹਨਾਂ ਨੂੰ ਕਹਿ ਦਿਤਾ ਕਿ ਹੋਰ ਕਿਸੇ



Digitized by Panjab Digital Library | www.panjabdigilib.org

ਨੂੰ ਨਾਂਹ ਦਸਣ ਕਿ ਮੈਂ ਕੌਣ ਹਾਂ। ਸਰਦਾਰ ਅਮਰ ਸਿੰਘ ਜੀ ਖ਼ਾਲਸਾ ਤੋਂ ਮੈਨੂੰ ਪਤਾ ਲਗਾ ਕਿ ਕੋਈ ਘੰਟਾ ਕੁ ਹੀ ਹੋਇਆ ਹੋਵੇਗਾ ਕਿ ਸੰਤ ਦੀਦਾਰ ਸਿੰਘ ਜੀ ਉਥੋਂ ਤੁਰੇ ਹਨ। ਮੈਂ ਸਮਝਿਆ ਕਿ ਚੰਗਾ ਹੋਇਆ ਕਿ ਮੈਂ ਦੋ ੩ ਘੰਟੇ ਹੇਠਾਂ ਬੈਠਾ ਰਿਹਾ ਹਾਂ ਨਹੀਂ ਤਾਂ ਸੰਤ ਦੀਦਾਰ ਸਿੰਘ ਜੀ ਨੇ ਅੰਮ੍ਰਿਤਸਰ ਪੁਜਕੇ ਕਈ ਸਜਣਾਂ ਮਿੱਤਰਾਂ ਨੂੰ ਖ਼ਬਰ ਦੇ ਦੇਣੀ ਸੀ।

ਹੁਣ ਮੈਂ ਇਥੇ ਕੁਝ ਦਿਨ ਜ਼ਰੂਰ ਟਿਕਾਂਗਾ। ਇਹ ਬਹੁਤ ਸੁੰਦਰ ਥਾਂ ਹੈ। ਸਾਫ਼ ਦਰਿਆ ਜਿਸ ਦੇ ਕੰਢੇ ਸਾਫ ਪੱਥਰ ਤੇ ਸਾਫ਼ ਪਾਣੀ ਦੇ ਚਸ਼ਮੇ ਹਨ। ਚੌਹੀਂ ਪਾਸੀਂ ਸਬਜ਼ ਪਹਾੜ ਹਨ ਤੇ ਵਿਚ-ਕਾਰ ਪੌਂਟਾਂ ਤਸੀਲ ਦਾ ਮੈਦਾਨ ਹੈ। ਇਸ ਮੈਦਾਨ ਵਿਚ ਸਿਖਾਂ ਦੇ ਪਿੰਡ ਵੀ ਬਥੇਰੇ ਹਨ। ਇਹ ਸਿੱਖ ਜ਼ਿਲਾ ਹੁਸ਼ਿਆਰਪੁਰ ਤੋਂ ਆ ਕੇ ਆਬਾਦ ਹੋਏ ਹਨ ਪਰ ਕੁਝ ਜ਼ਿਲਾ ਜਲੰਧਰ ਤੇ ਜ਼ਿਲਾ ਅੰਬਾਲਾ ਦੇ ਭੀ ਹਨ। ਜ਼ਮੀਨ ਬੜੀ ਸਰ ਸਬਜ਼ ਨਜ਼ਰ ਅਉਂਦੀ ਹੈ। ਪੌਂਟਾ ਸਹਿਬ ਗੁਰਦਵਾਰਾ ਐਨ ਜਮਨਾ ਦੇ ਕੰਢੇ ਹੈ। ਗੁਰਦਵਾਰਾ ਉੱਚੀ ਥਾਂ ਤੇ ਹੈ ਤੇ ਗੁਰਦਵਾਰੇ ਵਿਚੋਂ ਪੌੜੀਆਂ ਦਰਿਆਂ ਵਿਚ ਉਤਰਦੀਆਂ ਹਨ। ਇਸ ਥਾਂ ਦਰਿਆ ਕੋਈ ਪੰਜਾਹ ਸੱਠ ਗਜ਼ ਚੌੜਾ ਹੋਵੇਗਾ ਤੇ ਪਰਲੇ ਕੰਢੇ ਸਰ ਸਬਜ਼ ਪਹਾੜ ਜਿਸ ਉਤੇ ਸੰਘਣਾ ਜੰਗਲ ਹੈ। ਸਾਡੇ ਸਾਰੇ ਗੁਰਦਵਾਰਿਆਂ ਵਿਚੋਂ ਕੁਦਰਤੀ ਨਜ਼ਾਰੇ ਵਿਚ ਇਹ ਸਭ ਤੋਂ ਅਵੱਲ ਹੈ। ਇਥੇ ਗਰਮੀ ਭੀ ਘਟ ਪੈਂਦੀ ਹੈ। ਘਟ ਖ਼ਰਚ ਕਰ ਕੇ ਸੈਰ ਕਰਨ ਵਾਲਿਆਂ ਲਈ ਇਹ ਥਾਂ ਸਭ ਤੋਂ ਚੰਗੀ ਹੈ। ਮੈਨੂੰ ਨਿਸਚਾ ਹੈ ਕਿ ਥੋੜੇ ਸਾਲਾਂ ਵਿਚ ਹੀ ਉਹ ਸਿੰਘ ਜੋ ਕਸ਼ਮੀਰ, ਹਰਦਵਾਰ ਤੇ ਹੋਰ ਸੈਰ ਵਾਲੀਆਂ ਥਾਵਾਂ ਉੱਤੇ ਜਾਂਦੇ ਹਨ, ਪਰ ਅਮੀਰੀ ਠਾਠ ਨਹੀਂ ਰਖਦੇ, ਉਹ ਇਥੇ ਆਇਆ ਕਰਣਗੇ। ਦਰਿਆ ਦਾ ਨਜ਼ਾਰਾ ਇਥੇ ਹੈ, ਪਹਾੜ ਦਾ ਨਜ਼ਾਰਾ ਇਥੇ, ਹੈ ਜੰਗਲ ਦਾ ਨਜ਼ਾਰਾ ਇਥੇ



Digitized by Panjab Digital Library | www.panjabdigilib.org

ਹੈ ਤੇ ਸਬਜ਼ ਮੈਦਾਨ ਦਾ ਨਜ਼ਾਰਾ ਇਥੇ । ਫਿਰ ਗਰਮੀ ਘਟ ਤੇ ਪੌਂਟਾਂ ਪਹਾੜਾਂ ਦੇ ਵਿਚਕਾਰ ਹੈ । ਫਿਰ ਇਹ ਸਸਤ-ਭਾਈ ਹੈ । ਦੁੱਧ ਬਾਜ਼ਾਰ ਵਿਚ ਛੇ ਪੈਸੇ ਸੇਰ ਮਿਲਦਾ ਹੈ, ਆਟਾ ਘਰਾਟਾਂ ਉੱਤੇ ਰੁਪਏ ਦਾ ਵੀਹ ਸੇਰ ਮਿਲ ਜਾਂਦਾ ਹੈ। ਚਾਵਲ ਰੁਪਏ ਦੇ ਦਸ ਯਾਰਾਂ ਸੇਰ ਮਿਲਦੇ ਹਨ, ਲਕੜੀਆਂ ਬਾਲਣ ਲਈ ਮੁਫ਼ਤ ਹੀ ਚੁਣੀਆਂ ਜਾ ਸਕਦੀਆਂ ਹਨ । ਪਰ ਜੇ ਮੁੱਲ ਭੀ ਲੈਣੀਆਂ ਹੋਣ ਤਾਂ ਤਿੰਨ ਆਨੇ ਮਣ ਮਿਲ ਸਕਦੀਆਂ ਹਨ।

ਮੈਂ ਇਹ ਭੀ ਆਪ ਨੂੰ ਦਸ ਦੇਵਾਂ ਕਿ ਰਾਹ ਵਿਚ ਜਦ ਆਪ ਵਾਲੀ ਲਾਲ ਗੁੱਥੀ ਭਿਜੀ ਸੀ ਤਾਂ ਉਸ ਨੇ ਮੇਰੇ ਕਪੜਿਆਂ ਤੇ ਲਾਲ ਦਾਗ਼ ਪਾ ਦਿੱਤੇ ਸਨ । ਪਰ ਬਾਬਾ ਜੀ ਨੂੰ ਇਹ ਨਿਸ਼ਚਾ ਕਰਵਾ ਦੇਣਾ ਕਿ ਇਹ ਦਾਗ਼ ਡੂੰਘੇ ਨਹੀਂ ਗਏ ਹਨ, ਕੇਵਲ ਕਪੜਿਆਂ ਤਕ ਤੇ ਕਪੜਿਆਂ ਦੀ ਭੀ ਉਤਲੀ ਤਹਿ ਤਕ ਹੀ ਰਹੇ ਹਨ । ਇਹ ਚਮੜਾ ਮੋਟਾ ਹੈ ਜਿਸ ਵਿਚੋਂ ਇਹ ਰੰਗ ਸੌਖਾ ਨਹੀਂ ਲੰਘ ਸਕਿਆ । ਹਾਂ, ਇਤਨਾ ਠੀਕ ਹੈ ਕਿ ਜਿਸ ਥਾਂ ਭੀ ਇਸ ਰੰਗ ਦਾ ਦਾਗ਼ ਲਗਾ ਹੈ ਉਥੇ ਹੀ ਪੱਕਾ ਹੋ ਗਿਆ ਹੈ ਤੇ ਲਹਿਣ ਅੰਦਰ ਨਹੀਂ ਆਉਂਦਾ । ਇਹ ਪਕਿਆਈ ਇਸ ਕਚੇ ਰੰਗ ਵਿਚ ਹੈ ।

## *ਪੌਂਟਾ ਸਹਿਬ ੨੦-੭-੩੪*

ਅਜ ਮੈਨੂੰ ਅਪੜਿਆਂ ਨੂੰ ਛੇਵਾਂ ਦਿਨ ਹੋ ਗਿਆ ਹੈ । ਮੈਨੂੰ ਇਹ ਥਾਂ ਬਹੁਤ ਪਸੰਦ ਆਇਆ ਹੈ । ਕੁਦਰਤੀ ਨਜ਼ਾਰੇ ਤੋਂ ਛੁੱਟ ਇਥੇ ਇਕਾਂਤ ਤੇ ਸ਼ਾਂਤੀ ਭੀ ਬਹੁਤ ਹੈ । ਇਥੇ ਦੇ ਮਹੰਤ ਸਾਹਿਬ ਤੇ ਹੋਰ ਸੇਵਾਦਾਰ ਭੀ ਬਹੁਤ ਚੰਗੇ ਹਨ । ਇਹ ਕੋਈ ਸ਼ਹਿਰ ਨਹੀਂ ਸਗੋਂ ਪਿੰਡ ਭੀ ਨਹੀਂ ਹੈ, ਤਸੀਲ ਹੈ, ਹਸਪਤਾਲ ਹੈ ਤੇ ਚੌਦਾਂ ਪੰਦਰਾਂ ਦੁਕਾਨਾਂ ਹਨ । ਗੁਰਦੁਵਾਰੇ ਤੋਂ ਛੁੱਟ ਇਥੇ ਇਕ ਮੰਦਰ



Digitized by Panjab Digital Library | www.panjabdigilib.org

ਭੀ ਬਣਿਆ ਹੋਇਆ ਹੈ ।

ਇਥੇ ਸਵੇਰੇ ਆਸਾ ਦੀ ਵਾਰ ਲਗਦੀ ਹੈ । ਪਰ ਆਸਾ ਦੀ ਵਾਰ ਲਾਣ ਵਾਲੇ ਅੰਜਾਣ ਮੁੰਡੇ ਹੀ ਹਨ ਜੋ ਨਾਲੇ ਵਾਰ ਲਾਂਦੇ ਹਨ ਤੇ ਨਾਲ ਇਕ ਦੂਜੇ ਨੂੰ ਚੂੰਢੀਆਂ ਵੱਢਦੇ ਹਨ ਤੇ ਮੋਢੇ ਮਾਰਦੇ ਹਨ, ਜਿਸ ਕਰਕੇ ਕਦੀ ਕਦੀ ਤੁਕ ਵਿਚੇ ਛੱਡ ਕੇ ਉਹ ਆਪੋ ਵਿਚ ਝਗੜ ਪੈਂਦੇ ਹਨ । ਇਨ੍ਹਾਂ ਨੂੰ ਆਸਾ ਦੀ ਵਾਰ ਲਾਣ ਦੀ ਜਾਚ ਸੰਤ ਤੇਜਾ ਸਿੰਘ ਜੀ ਐਮ. ਏ. ਨੇ ਸਿਖਾਈ ਸੀ ਜੋ ਇਥੇ ਹੀ ਠਹਿਰੇ ਸਨ । ਹੁਣ ਉਹ ਡੇਰਾਦੂਨ ਗਏ ਹੋਏ ਹਨ ਤੇ ਛੇਤੀ ਹੀ ਮੁੜ ਪੈਣਗੇ । ਇਹ ਮੁੰਡੇ ਸ: ਤੇਜਾ ਸਿੰਘ ਜੀ ਵਾਲੀ ਸੁਰੀਲਾ ਆਵਾਜ਼ ਤੇ ਉਸੇ ਧਾਰਨਾ ਵਿਚ ਰੌਣਕ ਕਰਦੇ ਹਨ । ਆਪ ਨੂੰ ਪਤਾ ਹੈ ਕਿ ਮੈਨੂੰ ਆਪਣੇ ਰਾਗ ਬਿਨਾਂ ਹੋਰ ਕਿਸੇ ਦਾ ਰਾਗ ਪਸੰਦ ਹੀ ਨਹੀਂ ਆਉਂਦਾ ਤੇ ਇਨ੍ਹਾਂ ਮੁੰਡਿਆਂ ਦਾ ਰਾਗ ਜੋ ਇਕ ਖੇਡ ਹੈ, ਨੂੰ ਕਿਸ ਤਰ੍ਹਾਂ ਪਸੰਦ ਕਰ ਸਕਦਾ ਹਾਂ । ਉਂਝ ਤਾਂ ਰਾਗ ਵਿਚ ਮੈਂ ਅਗੇ ਹੀ ਆਜ਼ਾਦ ਸਾਂ । ਨਾ ਕੋਈ ਮੇਰਾ, ਖੁਲੇ ਮੈਦਾਨਾਂ ਰਾਗ ਪਸੰਦ ਕਰੇ ਤੇ ਨਾਂ ਮੈਂ ਕਿਸੇ ਦਾ ਰਾਗ ਪਸੰਦ ਕਰਾਂ । ਮੈਂ ਸਵੇਰੇ ਹੀ ਦੋ ਚਾਰ ਮਿੰਟ ਗੁਰਦਵਾਰੇ ਵਿਚ ਬੈਠਕੇ ਬਾਹਰ ਇਕਾਂਤ ਵਿਚ ਚਲਾ ਜਾਂਦਾ ਹਾਂ ਤੇ ਲਿਖਣ ਪੜ੍ਹਨ ਜਾਂ ਸੋਚ ਵਿਚਾਰ 'ਚ ਜੁੜ ਬੈਠਦਾ ਹਾਂ । ਦੁਪਹਿਰ ਨੂੰ ਕੁਝ ਚਿਰ ਰੋਟੀ ਖਾਣ ਲਈ ਆਉਂਦਾ ਹਾਂ ਤੇ ਰੋਟੀ ਖਾ ਕੇ ਇਕ ਛਪਰੀ ਜਹੀ ਵਿਚ ਚਲਾ ਜਾਂਦਾ ਹਾਂ ਜੋ ਇਕੱਲਵਾਂਝੇ ਦਰਿਆ ਦੇ ਢਾਹੇ ਤੇ ਸਾਹਿਬ ਲੋਕਾਂ ਲਈ ਨਜ਼ਾਰਾਦੇਖਣ ਲਈ ਬਣੀ ਹੋਈ ਹੈ । ਬਸ ਦਿਨ ਇਥੇ ਹੀ ਕਟਦਾ ਹਾਂ ਤੇ ਸ਼ਾਮ ਨੂੰ ਮੀਲ ਭਰ ਸੈਰ ਕਰਕੇ ਰਹਿਰਾਸ ਸਾਹਿਬ ਵੇਲੇ ਗੁਰਦਵਾਰੇ ਵਿਚ ਆ ਜਾਂਦਾ ਹਾਂ । ਇਥੇ ਹਨੇਰੇ ਜਾਗਣ ਵਿਚ ਵਡਾ ਔਖ ਹੈ । ਸੱਪ ਬਹੁਤ ਹਨ ਤੇ ਹਨੇਰੇ ਨਾ ਜੰਗਲ ਪਾਣੀ ਜਾਣ ਹੁੰਦਾ ਹੈ ਤੇ ਨਾ ਅਸ਼ਨਾਨ ਲਈ ਦਰਿਆ ਉਤੇ ਅਪੜਿਆ ਜਾਂਦਾ ਹੈ ।



Digitized by Panjab Digital Library | www.panjabdigilib.org

ਮੈਂ ਅਖ਼ਬਾਰ ਕੋਈ ਨਹੀਂ ਪੜ੍ਹਦਾ ਹਾਂ। ਇਥੇ ਅਖ਼ਬਾਰ ਆਉਂਦੇ ਜ਼ਰੂਰ ਹਨ ਪਰ ਉਹਨੂੰ ਦੂਰੋਂ ਵੇਖਕੇ ਭੀ ਮੇਰਾ ਜੀਅ ਤੰਗ ਪੈਂਦਾ ਹੈ। ਇਸ ਕਰਕੇ ਮੈਂ ਕਿਸੇ ਹੋਰ ਵਧੇਰੇ ਇਕਾਂਤ ਥਾਂਉ ਤੇ ਚਲਾ ਜਾਣ ਦਾ ਇਰਾਦਾ ਰਖਦਾ ਹਾਂ।

## ਪੌਂਟਾ ਸਾਹਿਬ, ੧-੮-੧੯੩੪:

ਸੰਤ ਤੇਜਾ ਸਿੰਘ ਜੀ ਦੇ ਨਾਲ ਗਿਆਨੀ ਦੂਨਾ ਸਿੰਘ ਜੀ ਭੀ ਹਨ। ਉਹਨਾਂ ਨੂੰ ਨਾਲ ਲੈ ਕੈ ਮੈਂ ਭੁੰਗਰਨੀ ਪਿੰਡ ਵਿਚ ਇਕ ਗੁਰਦਵਾਰਾ ਵੇਖ ਆਇਆ ਹਾਂ। ਇਹ ਗੁਰਦਵਾਰਾ ਇਹਨਾਂ ਸੰਤਾਂ ਨੇ ਹੀ ਬਣਾਇਆ ਸੀ। ਉਹਨਾਂ ਦੇ ਡੇਰੇ ਮੈਂ ਆਉਂਦਿਆਂ ਹੀ ਰਾਹ ਵਿਚ ਬਰਾਲ ਪਿੰਡ ਲਾਗੇ ਰਿਹਾ ਸਾਂ। ਇਹ ਸੰਤ ਪੰਜਾਬ ਜਾਣ ਵਾਲੇ ਸਨ ਤੇ ਗਰੰਥੀ ਭਾਈ.........ਸਿੰਘ ਉਹਨਾਂ ਨੂੰ ਤੋਰਨ ਲਈ ਬਰਾਲ ਗਏ ਸਨ। ਪਰ ਸਾਨੂੰ ਪਤਾ ਇਹ ਲਗਾ ਸੀ ਕਿ ਭਾਈ ਗਰੰਥੀ ਭਾਈ ਸਿੰਘ ਜੀ ਭੀ ਸੰਤਾਂ ਦੇ ਨਾਲ ਹੀ ਪੰਜਾਬ ਜਾਣਗੇ। ਇਸ ਪਿੰਡ ਵਿਚ ਇਕ ਖੂਹ ਵੀ ਸੀ ਜੋ ਐਨ ਗੁਰਦਵਾਰੇ ਦੇ ਲਾਗੇ ਇਕ ਖੱਡ ਵਿਚ ਸੀ। ਇਹ ਥਾਂ ਪਸੰਦ ਕਰਕੇ ਮੈਂ ਦੂਜੇ ਦਿਨ ਉਥੇ ਚਲਾ ਗਿਆ ਸਾਂ ਤੇ ਗਿਆਨੀ ਦੂਨਾ ਸਿੰਘ ਜੀ ਮੈਨੂੰ ਉਥੇ ਛਡ ਆਏ ਸਨ। ਥਾਂ ਬਹੁਤ ਇਕਾਂਤ ਸੀ ਤੇ ਆਟਾ ਦਾਲ ਆਦਿਕ ਮੈਂ ਨਾਲ ਲੈ ਗਿਆ ਸਾਂ। ਇਹ ਥਾਂ ਪੌਂਟਾ ਸਾਹਿਬ ਤੋਂ ਤਿੰਨ ਮੀਲ ਤੋਂ ਵੱਧ ਨਹੀਂ ਹੋਵੇਗੀ। ਗੁਰਦਵਾਰਾ ਖੁਲ੍ਹਾ ਸੀ। ਮੈਂ ਉਥੇ ਇਕ ਦਿਨ ਰਾਤ ਬੜੀ ਸ਼ਾਂਤੀ ਨਾਲ ਕੱਟੇ, ਪਰ ਦੂਜੇ ਦਿਨ ਹੀ ਭਾਈ ਜੀ ਆ ਗਏ। ਭਾਈ ਜੀ ਨੇ ਹੌਲੀ ਹੌਲੀ ਪਰਗਟ ਕੀਤਾ ਕਿ ਉਹ ਮੇਰਾ ਉਥੇ ਰਹਿਣਾ ਪਸੰਦ ਨਹੀਂ ਕਰਦੇ ਹਨ। ਮੈਂ ਰਾਸ਼ਣ ਦਾ ਸਾਮਾਨ ਭੀ ਆਪਣਾ ਲੈ ਗਿਆ ਸਾਂ ਤੇ ਸਗੋਂ ਭਾਈ ਜੀ ਨੂੰ ਰੋਟੀ ਪਕਾ ਕੇ ਖਵਾਂਦਾ ਸਾਂ ਪਰ ਪਤਾ



Digitized by Panjab Digital Library | www.panjabdigilib.org

ਨਹੀਂ ਕਿ ਉਹ ਮੇਰੇ ਉਥੇ ਰਹਿਣ ਨੂੰ ਪਸੰਦ ਕਿਉਂ ਨਹੀਂ ਕਰਦੇ ਸਨ। ਦੂਜੇ ਉਸ ਖੂਹ ਦਾ ਪਾਣੀ ਬਹੁਤ ਮਾੜਾ ਸੀ। ਅਸਾਂ ਵੇਖਣ ਸਮੇਂ ਇਹ ਖਿਆਲ ਨਹੀਂ ਕੀਤਾ ਸੀ ਕਿ ਖੂਹ ਵਿਚ ਪਾਣੀ ਅਗੋਂ ਪਿੱਛੋਂ ਰਿੜ੍ਹ ਕੇ ਹੀ ਪੈਂਦਾ ਹੈ ਤੇ ਇਸ ਤਰ੍ਹਾਂ ਖੂਹ ਵਿਚ ਖੜਾ ਹੋਣ ਕਰ ਕੇ ਮਿੱਟੀ ਬੈਠ ਜਾਂਦੀ ਹੈ ਤੇ ਲੋਕੀ ਪੀਂਦੇ ਹਨ। ਮੈਂ ਉਥੋਂ ਮੁੜ ਆਵਣ ਦਾ ਇਰਾਦਾ ਤਾਂ ਕਰ ਲਿਆ ਸੀ ਪਰ ਦੋ ਤਿੰਨ ਦਿਨ ਹੋਰ ਉਥੇ ਠਹਿਰਕੇ ਹੀ ਮੁੜਿਆ ਸਾਂ। ਅਗੇ ਸੰਤ ਤੇਜਾ ਸਿੰਘ ਜੀ ਭੀ ਪੌਂਟੇ ਸਾਹਿਬ ਆ ਗਏ ਹੋਏ ਸਨ। ਹੁਣ ਮੈਂ ਇਥੇ ਹੀ ਟਿਕਾਂਗਾ। ਭੰਗਾਣੀ ਸਾਹਿਬ ਜਾਣ ਦਾ ਇਰਾਦਾ ਹੈ ਜਦ ਕੋਈ ਸੰਗ ਬਣਿਆ ਮੈਂ ਉਥੇ ਭੀ ਜਾਵਾਂਗਾ। ਕਿਸੇ ਵਧੇਰੇ ਇਕਾਂਤ ਥਾਂ ਜਾਣ ਤੇ ਜੀਅ ਕਰਦਾ ਹੈ ਪਰ ਕੋਈ ਚੰਗਾ ਢੋ ਨਹੀਂ ਢੁਕਦਾ। ਮੇਰਾ ਪ੍ਰੋਗਰਾਮ ਹੁਣ ਫਿਰ ਪੁਰਾਣਾ ਹੀ ਹੈ। ਸਵੇਰੇ ਹੀ ਗੁਰਦਵਾਰੇ ਮੱਥਾ ਟੇਕ ਕੇ ਮੈਂ ਬਾਹਰ ਨਿਕਲ ਜਾਂਦਾ ਹਾਂ ਤੇ ਦੁਪਹਿਰ ਨੂੰ ਮੁੜਦਾ ਹਾਂ। ਰੋਟੀ ਖਾ ਕੇ ਫਿਰ ਮੈਂ ਚਲਾ ਜਾਂਦਾ ਹਾਂ ਤੇ ਤਰਕਾਲਾਂ ਨੂੰ ਮੁੜਦਾ ਹਾਂ। ਸਰਦਾਰ ਅਮਰ ਸਿੰਘ ਜੀ ਦੀ ਸਿੰਘਣੀ ਮੇਰੇ ਇਸ ਦੁੱਖ ਉਤੇ ਬਹੁਤ ਤਰਸ ਖਾਂਦੀ ਹੈ। ਮੈਂ ਦੁਪਹਿਰ ਦੇ ਬਾਰਾਂ ਵਜੇ ਤਕ ਕੁਝ ਵੀ ਨਹੀਂ ਖਾਂਦਾ ਪੀਂਦਾ ਤੇ ਉਹ ਸਮਝਦੀ ਹੈ ਕਿ ਮੈਂ ਭੁੱਖ ਨਾਲ ਡਾਢਾ ਔਖਾ ਹੋਂਦਾ ਹੋਵਾਂਗਾ। ਉਹ ਰੋਜ਼ ਹੀ ਮੇਰੇ ਤਰਲੇ ਕਰਦੀ ਹੈ ਕਿ ਸਵੇਰੇ ਦੁੱਧ ਪੀ ਲਵਾਂ ਪਰ ਉਸ ਵਿਚਾਰੀ ਨੂੰ ਪਤਾ ਨਹੀਂ ਹੈ ਕਿ ਮੈਨੂੰ ਵਾਹਿਗੁਰੂ ਨੇ ਡਾਢੀ ਕਰੜੀ ਮਿੱਟੀ ਨਾਲ ਬਣਾਇਆ ਹੈ। ਹੁਣ ਤਾਂ ਮੇਰੀ ਉਮਰ ਚੋਖੀ ਹੋ ਗਈ ਹੈ ਜਦ ਮੈਂ ਪੜ੍ਹਦਾ ਸਾਂ ਤਾਂ ਭੀ ਗਰਮੀਆਂ ਵਿਚ ਮੈਂ ਆਮ ਕਰਕੇ ਬਾਰਾਂ ਵਜੇ ਤਕ ਕੁਝ ਨਹੀਂ ਖਾਇਆ ਕਰਦਾ ਸਾਂ।

ਸੰਤ ਤੇਜਾ ਸਿੰਘ ਜੀ ਦੇ ਇਥੇ ਆਣ ਨਾਲ ਰੌਣਕ ਵਧ ਗਈ ਹੈ ਤੇ ਅਸੀਂ ਦੋਵੇਂ ਕਦੀ ਕਦੀ ਚੰਗੀ ਦੁਨੀਆਂ ਉਤੇ



Digitized by Panjab Digital Library | www.panjabdigilib.org

ਬਹਿਸ ਕੀਤਾ ਕਰਦੇ ਹਾਂ । ਪਰ ਸੰਤ ਤੇਜਾ ਸਿੰਘ ਜੀ ਭੀ ਦੁਪਹਿਰ ਨੂੰ ਉਸ ਕੁੱਲੀ ਵਿਚ ਜਾ ਬੈਠਦੇ ਹਨ ਜਿਥੇ ਮੈਂ ਅਗੇ ਇਕੱਲਾ ਬੈਠਿਆ ਕਰਦਾ ਸਾਂ । ਇਸ ਕਰਕੇ ਮੈਂ ਕਿਸੇ ਹੋਰ ਥਾਂ ਦੀ ਭਾਲ ਵਿਚ ਹਾਂ ।

ਮੇਰੀ ਸਿਹਤ ਖ਼ੂਬ ਚੰਗੀ ਹੈ । ਪਰ ਇਥੇ ਰੋਜ਼ ਹੀ ਮੀਂਹ ਪੈਂਦਾ ਹੈ ਤੇ ਮੈਂ ਬਾਹਲਾ ਨੰਗੀਂ ਪੈਰੀਂ ਹੀ ਫਿਰਦਾ ਹਾਂ । ਮੇਰੀ ਅਡੀ ਵਿਚ ਕਿਸੇ ਪੱਥਰ ਦੀ ਦਬ ਲਗ ਗਈ ਹੈ । ਹੁਣ ਮੇਰਾ ਇਰਾਦਾ ਹੈ ਕਿ ਮੈਂ ਕੁਝ ਵਰਜ਼ਸ਼ ਭੀ ਕੀਤਾ ਕਰਾਂ । ਇਥੇ ਤਸੀਲਦਾਰ, ਡਾਕਟਰ ਤੇ ਕੁਝ ਹੋਰ ਸੱਜਣ ਵਾਲੀਬਾਲ ਖੇਡਦੇ ਹਨ । ਮੈਂ ਕਦੀ ਕਦੀ ਕੋਲੋਂ ਲੰਘਦਾ ਹਾਂ ਤਾਂ ਖੜਾ ਹੋ ਕੇ ਵੇਖਦਾ ਹਾਂ । ਮੇਰਾ ਜੀਅ ਕਰਦਾ ਹੈ ਕਿ ਮੈਨੂੰ ਭੀ ਖੇਡਣ ਲਈ ਕੋਈ ਸਜਣ ਕਹੇ ਪਰ ਕਦੀ ਕਿਸੇ ਨੇ ਕਿਹਾ ਨਹੀਂ ਹੈ । ਹੁਣ ਮੈਂ ਕਿਸੇ ਦਿਨ ਆਪ ਹੀ ਕਹਿ ਕੇ ਖੇਡ ਵਿਚ ਸ਼ਾਮਲ ਹੋ ਜਾਵਾਂਗਾ । ਮੈਂ ਜਾਣਦਾ ਹਾਂ ਕਿ ਮੈਂ ਇਹਨਾਂ ਸਭ ਨੌਜਵਾਨ ਖਿਡਾਰੀਆਂ ਨਾਲੋਂ ਚੰਗਾ ਖੇਡਾਂਗਾ ।

## *ਪੌਂਟਾ ਸਾਹਿਬ ੪-੮-੧੯੩੪*

ਇਥੇ ਰਹਿਕੇ ਮੈਨੂੰ ਪਤਾ ਲਗਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਮ ਕਰਕੇ ਤਿੰਨਾਂ ਜੰਗਲਾਂ ਵਿਚ ਸ਼ਿਕਾਰ ਖੇਡਣ ਜਾਇਆ ਕਰਦੇ ਸਨ । ਕਦੀ ਤਾਂ ਜਮਨਾ ਪਾਰ ਹੋ ਕੇ ਉਹ ਸਾਹਮਣੇ ਵਾਲੇ ਜੰਗਲ ਵਿਚ ਜਾਇਆ ਕਰਦੇ ਸਨ। ਇਹ ਜੰਗਲ ਅੰਗਰੇਜ਼ੀ ਇਲਾਕੇ ਵਿਚ ਹੈ ਤੇ ਇਸਦਾ ਜ਼ਿਲਾ ਡੇਹਰਾਦੂਨ ਹੈ । ਦੂਜਾ ਉਹ ਜੰਗਲ ਸੀ ਜਿਸ ਵਿਚੋਂ ਮੈਂ ਲੰਘਕੇ ਇਥੇ ਅਪੜਿਆ ਸਾਂ । ਬਾਟਾ ਨਦੀ ਦੇ ਕਿਨਾਰੇ ਸ਼ਿਕਾਰ ਖੇਡਣ ਦਾ ਜ਼ਿਕਰ ਸੂਰਜ ਪ੍ਰਕਾਸ਼ ਵਿਚ ਭੀ ਆਉਂਦਾ ਹੈ। ਇਹ ਬਾਟਾ ਉਹੋ ਹੀ ਹੈ ਜੋ ਕਲੇਸਰ ਤੇ ਪੌਂਟਾ ਸਾਹਿਬ ਦੇ ਵਿਚਕਾਰ



Digitized by Panjab Digital Library | www.panjabdigilib.org

ਜਮਨਾ ਨਦੀ ਵਿਚ ਮਿਲਦਾ ਹੈ। ਤੀਜਾ ਜੰਗਲ ਸਰਮੌਰ ਦਾ ਹੈ। ਇਹ ਪੌਂਟਾ ਸਾਹਿਬ ਤੋਂ ਉਤਰ ਵੰਨੇ ਹੈ ਤੇ ਉਥੋਂ ਕੋਈ ਤਿੰਨ ਮੀਲ ਉਤੋਂ ਹੀ ਸ਼ੁਰੂ ਹੋ ਜਾਂਦਾ ਹੈ। ਮੈਂ ਅਗੇ ਲਿਖਿਆ ਸੀ ਕਿ ਤਿੰਨ ਚਾਰ ਦਿਨ ਮੈਂ ਭੰਗਰਨੀ ਪਿੰਡ ਰਿਹਾ ਸਾਂ, ਇਥੋਂ ਕੋਈ ਮੀਲ ਭਰ ਤੋਂ ਜੰਗਲ ਸ਼ੁਰੂ ਹੋ ਜਾਂਦਾ ਹੈ। ਇਸ ਜੰਗਲ ਵਿਚ ਭੀ ਕਦੀ ਕਦੀ ਸ਼ੇਰ ਆ ਜਾਂਦਾ ਹੈ।

ਮੈਂ ਕਲ੍ਹ ਇਹ ਜੰਗਲ ਵੀ ਦੇਖ ਆਇਆ ਹਾਂ। ਇਸ ਵਿਚ ਭੀ ਇਕ ਛੋਟਾ ਜਿਹਾ ਨਾਲਾ ਵਗਦਾ ਹੈ ਜਿਸ ਦਾ ਨਾਮ ਭੀ ਸੂਰਜ ਪਰਕਾਸ਼ ਵਿਚ ਆਉਂਦਾ ਹੈ। ਪਰ ਮੈਨੂੰ ਇਸ ਵੇਲੇ ਭੁਲ ਗਿਆ ਹੈ। ਮੈਨੂੰ ਇਥੇ ਇਕ ਭਾਈ ਸਾਹਿਬ ਲੈ ਗਏ ਸਨ ਜੋ ਇਸ ਪਾਸੇ ਦੇ ਚੰਗੀ ਤਰਾਂ ਵਾਕਫ਼ ਹਨ। ਇਸ ਜੰਗਲ ਵਿਚ ਮੈਂ ਹਰੜ, ਆਂਵਲੇ ਤੇ ਅੰਬਾਂ ਦੇ ਦਰਖ਼ਤ ਭੀ ਬਹੁਤ ਦੇਖੇ ਹਨ। ਬੂਟੀਆਂ ਭੀ ਬਹੁਤ ਹਨ। ਭਾਈ ਸਾਹਿਬ ਨੇ ਮੈਨੂੰ ਮੂਸਲੀ ਸਫ਼ੈਦ, ਮੂਸਲੀ ਸਿਆਹ ਤੇ ਹੋਰ ਕਈ ਬੂਟੀਆਂ ਵਿਖਾਈਆਂ ਸਨ। ਜੰਗਲ ਵਿਚ ਚਾਰਨ ਵਾਲੇ ਮੁੰਡਿਆਂ ਨੂੰ ਖੂਬ ਮੌਜ ਹੋਂਦੀ ਹੈ। ਜੰਗਲ ਦੇ ਕੰਢੇ ਹੀ ਇਕ ਸਿਖਾਂ ਦਾ ਪਿੰਡ ਨਿਹਾਲ ਗੜ੍ਹ ਹੈ ਤੇ ਜੰਗਲ ਦੇ ਵਿਚ ਨਿਹਾਲਗੜ੍ਹ ਦੇ ਸਰਦਾਰ ਹਰੀ ਸਿੰਘ ਜੀ ਦੀ ਪੈਲੀ ਹੈ ਜਿਸ ਵਿਚ ਇਕ ਕੋਠਾ ਤੇ ਉਤੇ ਚੁਬਾਰਾ ਬਣਿਆ ਹੋਇਆ ਹੈ। ਇਹ ਚੁਬਾਰਾ ਮੈਂ ਵੇਖਣ ਆਇਆ ਸਾਂ ਤਾਕਿ ਇਥੇ ਰਹਿ ਪਵਾਂ। ਸਰਦਾਰ ਹਰੀ ਸਿੰਘ ਜੀ ਇਸ ਗਲ ਦੀ ਬੜੀ ਇਛਾ ਕਰਦੇ ਹਨ। ਪਰ ਇਸ ਥਾਂ ਮਛਰ ਬਹੁਤ ਹੈ। ਜੰਗਲ ਕਰਕੇ ਮਛਰ ਇਤਨਾ ਹੈ ਕਿ ਇਥੇ ਰਹਿਣਾ ਮੈਂ ਮੁਨਾਸਬ ਨਹੀਂ ਸਮਝਦਾ ਹਾਂ। ਇਸ ਕੁਟੀਆ ਦੇ ਲਾਗੇ ਹੀ ਦੇਵੀ ਦਾ ਇਕ ਪੁਜਾਰੀ ਭੀ ਰਹਿੰਦਾ ਹੈ ਤੇ ਉਹ ਭੀ ਜ਼ੋਰ ਦੇਂਦਾ ਸੀ ਕਿ ਮੈਂ ਇਥੇ ਆ ਜਾਵਾਂ ਤੇ ਉਹ ਮੈਨੂੰ ਅਡਰੀ ਛਪਰੀ ਜਾਂ ਮੱਠਾ ਭੀ ਬਣਾ ਦੇਣਗੇ। ਪਰ ਮੈਂ ਇਹ ਥਾਂ ਪਸੰਦ ਨਾ



Digitized by Panjab Digital Library | www.panjabdigilib.org

ਕੀਤਾ ।

ਇਥੇ ਮੈਂ ਇਕ ਨਵੀਂ ਤਰ੍ਹਾਂ ਦੀ ਛਤਰੀ ਵੇਖੀ। ਦਰਖ਼ਤਾਂ ਦੀਆਂ ਛਮਕਾਂ ਲੈ ਕੇ ਉਨ੍ਹਾਂ ਨੂੰ ਟੋਕਰੇ ਵਾਂਗੂ ਉਣ ਲੈਂਦੇ ਹਨ ਤੇ ਉਨ੍ਹਾਂ ਦੇ ਵਿਚ ਦਰਖ਼ਤਾਂ ਦੇ ਚੌੜੇ ਪਤੇ ਇਸ ਤਰ੍ਹਾਂ ਨਾਲ ਫਸਾ ਲੈਂਦੇ ਹਨ ਕਿ ਇਹ ਟੋਕਰੀ ਸਿਰ ਉਤੇ ਮੂਧੀ ਮਾਰਿਆਂ ਨਾ ਕੇਵਲ ਸਿਰ ਹੀ ਬਾਰਸ਼ ਤੋਂ ਬਚਦਾ ਹੈ ਸਗੋਂ ਸਾਰੇ ਕਪੜੇ ਬਚ ਜਾਂਦੇ ਹਨ। ਕੁਦਰਤੀ ਛਤਰੀ ਬਣਾਵਟੀ ਛਤਰੀ ਨਾਲੋਂ ਘੱਟ ਲਾਭਦਾਇਕ ਨਹੀਂ ਹੈ। ਸਗੋਂ ਸਿਰ ਉਤੇ ਮੂਧੀ ਪਈ ਇਉਂ ਜਾਪਦੀ ਹੈ ਜਿਸ ਤਰ੍ਹਾਂ ਕਿ ਕੋਈ ਵੱਡਾ ਅੰਗਰੇਜ਼ੀ ਟੋਪ ਹੁੰਦਾ ਹੈ। ਜੇਕਰ ਕੇਵਲ ਅੰਗਰੇਜ਼ੀ ਟੋਪੀ ਪਾਣ ਨਾਲ ਸਾਹਿਬ ਬਣਿਆ ਜਾ ਸਕੇ ਤਾਂ ਸਾਡੇ ਬਾਬੂਆਂ ਨਾਲੋਂ ਇਥੇ ਦੇ ਵਸਨੀਕ ਵਡੇ ਸਾਹਿਬ ਬਣ ਜਾਣ। ਇਸ ਇਲਾਕੇ ਵਿਚ ਬਾਰਸ਼ ਬਹੁਤ ਹੁੰਦੀ ਹੈ। ਇਥੇ ਗੱਲਾ ਬਰਾਨੀ ਹੁੰਦਾ ਹੈ ਤੇ ਬਹੁਤ ਹੁੰਦਾ ਹੈ। ਬਰਾਨੀ ਨਿੰਬੂ, ਅਮਰੂਦ ਤੇ ਗਿਗਲਾਂ ਤੇ ਹੋਰ ਬੂਟੇ ਮੈਂ ਨਿਹਾਲਗੜ੍ਹ ਵਿਚ ਤੇ ਕਈ ਹੋਰ ਪਿੰਡਾਂ ਵਿਚ ਲਗੇ ਵੇਖੇ ਹਨ।

## ਪੌਂਟਾ ਸਹਿਬ ੭-੮-੧੯੩੪

ਮੈਂ ਅਗੇ ਇਹ ਗਲ ਲਿਖਣੀ ਭੁੱਲ ਗਿਆ ਹਾਂ ਕਿ ਮੈਂ ਜਿਸ ਦਿਨ ਦਾ ਏਥੇ ਪੁਜਾ ਹਾਂ ਉਸ ਦਿਨ ਤੋਂ ਰੋਜ਼ ਹੀ ਬਾਰਸ਼ ਹੋ ਜਾਂਦੀ ਹੈ। ਮੈਂ ੧੫ ਜੁਲਾਈ ਨੂੰ ਇਥੇ ਪੁਜਾ ਸਾਂ ਤੇ ਅਜ ਤਕ ਇਕ ਰਾਤ ਭੀ ਬਾਹਰ ਨਹੀਂ ਸੁੱਤਾ ਹਾਂ। ਰੋਜ਼ ਰਾਤ ਨੂੰ ਹੀ ਬਾਰਸ਼ ਹੁੰਦੀ ਹੈ ਤੇ ਬਾਰਸ਼ ਨਾ ਹੋਵੇ ਤਾਂ ਤਰੇਲ ਦਾ ਡਰ ਹੈ। ਫ਼ਿਰ ਬਰਾਂਡੇ ਵਿਚ ਗਰਮੀ ਭੀ ਨਹੀਂ ਹੁੰਦੀ ਹੈ।

ਇਸ ਮੌਸਮ ਵਿਚ ਇਥੇ ਕਈ ਕਿਸਮ ਦੀਆਂ ਖੁੰਬਾਂ ਹੁੰਦੀਆਂ ਹਨ। ਪਰ ਦਾਣੇ ਤੇ ਬਹੁਤ ਆਮ ਹੁੰਦੇ ਹਨ । ਖਾਲਸ ਖੁੰਬ



Digitized by Panjab Digital Library | www.panjabdigilib.org

ਬਹੁਤ ਘਟ ਹੁੰਦੀ ਹੈ। ਇਧਰ ਇਹ ਦਾਣੇ ਖਾਣੇ ਬਹੁਤ ਘਟ ਲੋਕੀ ਜਾਣਦੇ ਹਨ। ਇਹ ਤਾਂ ਪੋਠੋਹਾਰ ਵਿਚ ਹੀ ਮੈਂ ਵੇਖੇ ਹਨ ਤੇ ਮੁੜ ਇਥੇ ਆ ਕੇ ਵੇਖੇ ਹਨ। ਪੋਠੋਹਾਰ ਤੋਂ ਬਿਨਾਂ ਪੰਜਾਬ ਦੇ ਕਿਸੇ ਇਲਾਕੇ ਦੇ ਲੋਕੀ ਇਹਨਾਂ ਤੋਂ ਜਾਣੂ ਨਹੀਂ ਹਨ। ਇਥੇ ਸਰਦਾਰ ਅਮਰ ਸਿੰਘ ਜੀ ਦਾ ਮੁੰਡਾ ਤੇ ਸੰਤ ਤੇਜਾ ਸਿੰਘ ਜੀ ਦਾ ਪੋਤਾ ਦਾਣਿਆਂ ਦੀਆਂ ਛਤਰੀਆਂ ਖੋਹ ਕੇ ਸੁਟ ਦੇਂਦੇ ਹਨ। ਸੰਤ ਤੇਜਾ ਸਿੰਘ ਜੀ ਇਹਨਾਂ ਨੂੰ ਪਦ ਬਹੇੜੇ ਸਮਝਦੇ ਹਨ। ਤਿੰਨ ਚਾਰ ਦਿਨ ਹੋਏ ਹਨ ਕਿ ਮੈਂ ਕੁਝ ਦਾਣੇ ਪੁਟ ਲਿਆਇਆ ਪਰ ਉਹਨਾਂ ਦੀਆਂ ਜੜ੍ਹਾਂ ਨਾ ਲਿਆਂਦੀਆਂ, ਮੈਨੂੰ ਡਰ ਸੀ ਕਿ ਇਹਨਾਂ ਦੀਆਂ ਲੰਮੀਆਂ ਜੜ੍ਹਾਂ ਵੇਖ ਕੇ ਸੰਤ ਡਰ ਨਾ ਜਾਣ ਕਿ ਇਹ ਕੀ ਲੰਮੇ ਸਪਜੇਡੇ ਹਨ। ਸੰਤਾਂ ਨੇ ਇਹਨਾਂ ਛਤਰੀਆਂ ਨੂੰ ਪਦ ਬਹੇੜੇ ਕਿਹਾ ਪਰ ਮੈਂ ਉਹਨਾਂ ਨੂੰ ਨਿਸਚਾ ਦਿਵਾਣ ਦਾ ਜਤਨ ਕੀਤਾ ਕਿ ਇਹ ਪਦ ਬਹੇੜੇ ਨਹੀਂ ਹਨ ਤੇ ਇਹਨਾਂ ਦੀਆਂ ਜੜ੍ਹਾਂ ਜ਼ਰਾ ਸਖ਼ਤ ਹੁੰਦੀਆਂ ਹਨ, ਉਹ ਮੈਂ ਛਡ ਆਇਆ ਹਾਂ। ਪਰ ਫਿਰ ਭੀ ਸੰਤਾਂ ਨੇ ਉਹ ਦਾਣੇ ਜਿਹਨਾਂ ਦੇ ਛਤਰੀਆਂ ਖੁਲ੍ਹੀਆਂ ਹੋਈਆਂ ਸਨ ਸੁਟਵਾ ਦਿੱਤੇ ਤੇ ਕੇਵਲ ਉਹੋ ਹੀ ਬਣਾਣ ਦਿੱਤੇ ਜਿਹਨਾਂ ਦੇ ਸਿਰ ਖੁੰਬਾਂ ਵਾਂਗ ਬੰਦ ਸਨ। ਸਰਦਾਰ ਅਮਰ ਸਿੰਘ ਜੀ ਦੀ ਸਿੰਘਣੀ ਸੰਤਾਂ ਦੀ ਚੇਲੀ ਹੈ। ਉਸ ਦੇ ਖ਼ਿਆਲ ਵਿਚ ਜੋ ਸੰਤ ਹੈ ਉਹ ਸਭ ਕੁਝ ਜਾਣਦਾ ਹੈ ਤੇ ਇਸ ਲਈ ਖੁੰਬਾਂ ਦਾ ਮਾਹਿਰ ਭੀ ਹੈ। ਦੂਜੇ ਦਿਨ ਤਾਂ ਮੈਂ ਕੋਈ ਦੋ ਸੇਰ ਪੱਕਾ ਦਾਣੇ ਪੁਟ ਲਿਆਂਦੇ। ਸਭ ਨੇ ਰਜ ਕੇ ਖਾਧੇ ਤੇ ਸੰਤਾਂ ਨੂੰ ਤੇ ਮੈਨੂੰ ਸਿਰ ਵਿਚ ਗਰਮੀ ਚੜ੍ਹ ਗਈ। ਇਤਨੇ ਦਾਣੇ ਜਾਂ ਖੁੰਬਾਂ ਪਹਿਲਾਂ ਕਦੀ ਨਾ ਲਭਣ ਕਰਕੇ ਸਾਨੂੰ ਪਤਾ ਹੀ ਨਹੀਂ ਸੀ ਕਿ ਇਹ ਇਸ ਤਰ੍ਹਾਂ ਦੇ ਗਰਮ ਹੁੰਦੇ ਹਨ। ਹੁਣ ਰੋਜ਼ ਦਾਣੇ ਲੈ ਆਈਦਾ ਹੈ ਤੇ ਇਹ ਬਹੁਤ ਸਵਾਦੀ ਚੀਜ਼ ਹੈ। ਹੌਲੀ ਹੌਲੀ ਮੈਂ



Digitized by Panjab Digital Library | www.panjabdigilib.org

ਖੁਲ੍ਹੀਆਂ ਛਤਰੀਆਂ ਬਣਵਾਣ ਵਿਚ ਕਾਮਯਾਬ ਹੋ ਗਿਆ ਹਾਂ। ਪਰ ਜੜ੍ਹਾਂ ਬਣਵਾਣ ਵਿਰ ਉਮੈਦ ਨਹੀਂ ਇਸ ਸਾਲ ਕਾਮਯਾਬ ਹੋਵਾਂਗਾ। ਕਈ ਲੋਕੀ ਵਹਿਮੀ ਬਹੁਤ ਹੁੰਦੇ ਹਨ ਤੇ ਉਹਨਾਂ ਦਾ ਵਹਿਮ ਛੇਤੀ ਨਹੀਂ ਨਿਕਲ ਸਕਦਾ। ਦਾਣਿਆਂ ਦੀਆਂ ਛਤਰੀਆਂ ਦੇ ਸਿਰੇ ਤਾਂ ਹੁਣ ਪਦ ਬਹੇੜੇ ਨਹੀਂ ਹਨ। ਪਰ ਜੜ੍ਹਾਂ ਅਜੇ ਪਦ ਬਹੇੜੇ ਹੀ ਹਨ। ਚੂੰਕਿ ਇਥੇ ਲੋਕੀ ਇਨਾਂ ਦਾਣਿਆਂ ਨੂੰ ਖਾਣਾ ਨਹੀਂ ਜਾਣਦੇ ਇਸ ਲਈ ਮੈਂ ਇਕ ਥਾਂ ਤੋਂ ਹੀ ਰੋਜ਼ ਸੌ ਡੇਢ ਸੌ ਦਾਣੇ ਪੁਟ ਲਿਆਉਂਦਾ ਹਾਂ। ਉਥੇ ਇਹ ਰੋਜ਼ ਉਗ ਪੈਂਦੇ ਹਨ। ਇਹ ਤਾਂ ਆਪਣੀ ਖੇਤੀ ਬਣ ਗਈ ਹੈ।

ਅਜ ਦਰਿਆ ਬਹੁਤ ਚੜ੍ਹ ਗਿਆ ਹੈ। ਪਿਛਲੇ ਪਹਾੜਾਂ ਵਿਚ ਬਾਰਸ਼ ਬਹੁਤ ਹੋਈ ਜਾਪਦੀ ਹੈ। ਇਥੇ ਨਹਿਰ ਵਾਲਿਆਂ ਨੇ ਪਾਣੀ ਮੇਚਕੂ ਲਾਇਆ ਹੋਇਆ ਹੈ। ਉਸ ਅਨੁਸਾਰ ਅਜ ਜਮਨਾ ਵਿਚ ੨੯ ਫੁਟ ਡੂੰਘਾ ਪਾਣੀ ਹੈ। ਦਰਿਆ ਬਹੁਤ ਗੁੱਸੇ ਵਿਚ ਚਲ ਰਿਹਾ ਹੈ ਤੇ ਇਸ ਗੁੱਸੇ ਦੀ ਮੈਲ ਨੇ ਇਸ ਦੇ ਪਾਣੀ ਨੂੰ ਭੀ ਮੈਲਾ ਕਰ ਦਿਤਾ ਹੈ। ਹੁਣ ਅਸੀਂ ਇਸ਼ਨਾਨ ਚਸ਼ਮਿਆਂ ਵਿਚ ਕਰਦੇ ਹਾਂ ਤੇ ਗੰਦੇ ਦਰਿਆ ਵਿਚ ਨਹੀਂ ਕਰਦੇ ਹਾਂ। ਕਈ ਦਿਨਾਂ ਤੋਂ ਪਾਣੀ ਗੰਦਾ ਹੈ ਪਰ ਅਜ ਬਾਹਲਾ ਹੀ ਗੰਦਾ ਹੋ ਗਿਆ ਹੈ।

ਇਸ ਥਾਂ ਦਰਿਆਂ ਭਾਵੇਂ ਥੋੜਾ ਹੀ ਚੌੜਾ ਹੈ। ਪਰ ਤੇਜ਼ ਬਾਹਲਾ ਚਲਦਾ ਹੈ। ਇਸ ਕਰਕੇ ਕੋਈ ਤੁਰ ਕੇ ਦਰਿਆ ਨਹੀਂ ਲੰਘਦਾ ਹੈ। ਹੁਣ ਤਾਂ ਦਰਿਆ ਦਾ ਜ਼ੋਰ ਵਧ ਗਿਆ ਹੈ। ਪਰ ਇਸ ਤੋਂ ਪਹਿਲਾਂ ਮੇਰਾ ਜੀਅ ਕਰਦਾ ਸੀ ਕਿ ਮੈਂ ਦਰਿਆ ਤਰ ਕੇ ਪਾਰ ਹੋਵਾਂ। ਜ਼ਰਾ ਉਤੇ ਕਰ ਕੇ ਦਰਿਆ ਦੇ ਦੋ ਵਹਿਣ ਹੋ ਜਾਂਦੇ ਹਨ। ਛੋਟਾ ਵਹਿਣ ਤਾਂ ਮੈਂ ਇਕ ਦਿਨ ਤਰ ਕੇ ਪਾਰ ਹੋਇਆ ਸਾਂ। ਗਿਆਨੀ ਦੂਨਾ ਸਿੰਘ ਜੀ ਵੀ ਪਾਰ ਹੋਏ ਸਨ ਪਰ ਵਡਾ ਵਹਿਣ ਤਰ ਕੇ ਲੰਘਣ ਦਾ ਮੇਰਾ ਹੌਂਸਲਾ ਨਾ ਪਿਆ ਕਿਉਂਕਿ



Digitized by Panjab Digital Library | www.panjabdigilib.org

ਇਥੇ ਰਹਿਣ ਵਾਲ' ਕੋਈ ਨਹੀਂ ਤਰਦਾ ਹੈ। ਜਦ ਤਕ ਇਨ੍ਹਾਂ ਲੋਕਾਂ ਵਿਚੋਂ ਕੋਈ ਤਰ ਕੇ ਦਰਿਆ ਨਹੀਂ ਟਪਦਾ ਮੈਂ ਵਡੇ ਵਹਿਣ ਵਿਚ ਨਹੀਂ ਪਵਾਂਗਾ। ਨਾਲੇ ਇਥੇ ਦਰਿਆ ਧੋਖੇਬਾਜ਼ ਹੈ। ਘੜੀ ਵਿਚ ਹੜ ਆ ਜਾਂਦਾ ਹੈ ਤੇ ਘੜੀ ਵਿਚ ਲਹਿ ਜਾਂਦਾ ਹੈ। ਜਮਨਾ ਭੀ ਤੀਵੀਆਂ ਵਰਗੀ ਹੈ। ਜੋ ਝਟ ਗੁੱਸੇ ਤੇ ਝਟ ਰਾਜ਼ੀ ਹੋ ਜਾਂਦੀਆਂ ਹਨ।

ਇਸ ਦਰਿਆ ਤੋਂ ਉਧਰ ਇਧਰ ਰੋਜ਼ ਆਦਮੀ ਆਉਂਦੇ ਜਾਂਦੇ ਹਨ। ਇਸ ਥਾਂ ਬੇੜੀ ਨਹੀਂ ਪੈਂਦੀ ਹੈ। ਇਨ੍ਹਾਂ ਲੋਕਾਂ ਨੇ ਤੂੰਬਿਆਂ ਦੀਆਂ ਕਤਾਰਾਂ, ਬਾਂਸਾਂ ਦੀਆਂ ਸੋਟੀਆਂ ਦੇ ਨਾਲ ਨਾਲ ਰਖ ਕੇ ਰਸੀਆਂ ਨਾਲ ਬਧੀਆਂ ਹੁੰਦੀਆਂ ਹਨ ਤੇ ਇਸ ਤਰ੍ਹਾਂ ਨਾਲ ਤਿੰਨ ਚਾਰ ਕਤਾਰਾਂ ਵਿਚ ਤੂੰਬੇ ਬੰਨ੍ਹ ਕੇ ਫਿਰ ਉਤੋਂ ਇਕਠੇ ਕਰ ਕੇ ਰਸੀਆਂ ਨਾਲ ਚੰਗੀ ਤਰ੍ਹਾਂ ਜਕੜ ਦਿੱਤੇ ਜਾਂਦੇ ਹਨ। ਇਸ ਨੂੰ ਇਹ ਭਰਲਾ ਕਹਿੰਦੇ ਹਨ। ਇਸ ਭਰਲੇ ਦੀ ਮਦਦ ਨਾਲ ਇਹ ਲੋਕੀ ਬੜੀ ਹੜ ਵਿਚ ਦਰਿਆ ਤਰ ਕੇ ਲੰਘ ਜਾਂਦੇ ਹਨ ਕਿਉਂਕਿ ਇਹ ਭਰਲਾ ਡੁਬ ਤਾਂ ਸਕਦਾ ਹੀ ਨਹੀਂ। ਬੇੜੀ ਵਿਚ ਪਾਣੀ ਪੈ ਜਾਏ ਉਹ ਡੁਬ ਜਾਂਦੀ ਹੈ। ਪਰ ਤੂੰਬੇ ਤਾਂ ਸਾਰੇ ਪਾਸਿਆਂ ਤੋਂ ਹੀ ਬੰਦ ਹੁੰਦੇ ਹਨ ਤੇ ਪਾਣੀ ਕਿਥੋਂ ਪਏ। ਇਹਨਾਂ ਭਰਲਿਆਂ ਉਤੇ ਹੀ ਦੁੱਧ ਦੀਆਂ ਵਲਟੋਹੀਆਂ ਰਖ ਕੇ ਪਰਲੇ ਪਾਸਿਉਂ ਗਵਾਲੇ ਲੈ ਆਉਂਦੇ ਹਨ ਤੇ ਪੌਂਟੇ ਸਾਹਿਬ ਦੇ ਜਾਂਦੇ ਹਨ। ਦੁੱਧ ਬਾਹਲਾ ਦਰਿਆ ਦੇ ਪਰਲੇ ਪਾਸਿਉਂ ਹੀ ਇਥੇ ਆਉਂਦਾ ਹੈ ਕਿਉਂਕਿ ਪਰਲੇ ਕੰਢੇ ਉਤੇ ਹਰਿਆਵਲਾ ਜੰਗਲ ਹੈ। ਸਬਜ਼ੀ ਰੋਜ਼ ਇਥੇ ਨਹੀਂ ਵਿਕਦੀ। ਪਰ ਜਦ ਵਿਕਣ ਆਵੇ ਉਹ ਭੀ ਪਰਲੇ ਕੰਢਿਉਂ ਹੀ ਆਉਂਦੀ ਹੈ। ਇਸ ਕੰਢੇ ਬੰਦਰ ਹਨ ਤੇ ਉਹ ਸਬਜ਼ੀ ਹੋਣ ਨਹੀਂ ਦੇਂਦੇ। ਸਾਰੀ ਪੁਟ ਕੇ ਖਾ ਜਾਂਦੇ ਹਨ। ਕੇਵਲ ਹਰੀ ਮਿਰਚ ਤੇ ਭਿੰਡੀ ਤੋਰੀ ਨੂੰ ਬੰਦਰ ਨਾ ਖਾਂਦਾ ਹੈ ਤੇ ਨਾਂ ਤੋੜਦਾ ਹੈ। ਕਰੇਲੇ



Digitized by Panjab Digital Library | www.panjabdigilib.org

ਭੀ ਬਾਂਦਰ ਨਹੀਂ ਖਾਂਦੇ ਪਰ ਕਰੇਲੇ ਫੋਲ ਫਾਲ ਕੇ ਖ਼ਰਾਬ ਕਰ ਛਡਦੇ ਹਨ। ਭਰਲਿਆਂ ਉਤੇ ਹੀ ਇਧਰੋਂ ਆਟਾ,ਗੁੜ ਲੂਣ ਆਦਿਕ ਲੋਕੀ ਪਰਲੇ ਕੰਢੇ ਲੈ ਜਾਂਦੇ ਹਨ। ਕਿਉਂਕਿ ਘਰਾਟ ਇਸੇ ਕੰਢੇ ਹਨ ਤੇ ਦੁਕਾਨਾਂ ਭੀ ਇਧਰ ਹਨ। ਭਾਵੇਂ ਕਿਤਣੇ ਜ਼ੋਰ ਦਾ ਭੀ ਹੜ ਹੋਵੇ ਇਹ ਲੋਕੀ ਆਟਾ ਭਿਜਣ ਨਹੀਂ ਦੇਂਦੇ। ਭਰਲੇ ਉਤੇ ਇਕ ਖਾਲੀ ਟੀਨ ਦਾ ਪੀਪਾ ਰਖ ਲੈਂਦੇ ਹਨ ਤੇ ਪੀਪੇ ਵਿਚ ਆਟਾ, ਗੁੜ ਆਦਿਕ ਪਾ ਲੈਂਦੇ ਹਨ। ਮੈਂ ਕਲ ਇਕ ਤਮਾਸ਼ਾ ਵੇਖਿਆ ਸੀ। ਭਾਵੇਂ ਦਰਿਆ ਵਿਚ ਅਜ ਵਰਗਾ ਹੜ੍ਹ ਤਾਂ ਨਹੀਂ ਸੀ ਪਰ ਫਿਰ ਭੀ ਦਰਿਆ ਜ਼ੋਰਾਂ ਵਿਚ ਸੀ। ਪਰਲ ਕੰਢਿਉਂ ਤਿੰਨ ਬਲਦ ਇਹਨਾਂ ਭਰਲਿਆਂ ਦੀ ਮਦਦ ਨਾਲ ਹੀ ਇਧਰ ਲਿਆਂਦੇ ਗਏ ਸਨ। ਬਲਦ ਨੂੰ ਪਾਣੀ ਵਿਚ ਪਾ ਕੇ ਉਸਦਾ ਸਿਰ ਭਰਲੇ ਉਤੇ ਰਖ ਲਿਆ ਗਿਆ। ਦੋ ਆਦਮੀਆਂ ਨੇ ਬਲਦ ਦੇ ਸਿਰ ਨੂੰ ਰੱਸੀਆਂ ਪਾ ਕੇ ਲਾਗਿਉਂ ਹੀ ਫੜਿਆ ਹੋਇਆ ਸੀ ਤੇ ਤੀਜਾ ਆਦਮੀ ਭੀ ਭਰਲੇ ਦੇ ਨਾਲ ਹੀ ਚਮੜਿਆ ਹੋਇਆ ਸੀ। ਇਹ ਤਿੰਨੇ ਆਦਮੀ ਲਤਾਂ ਨਾਲ ਤਾਂ ਭਰਲੇ ਨੂੰ ਚਲਾਂਦੇ ਸਨ ਤੇ ਹੱਥਾਂ ਨਾਲ ਬਲਦ ਨੂੰ ਕੁਟ ਕੁਟ ਕੇ ਚਲਾਂਦੇ ਸਨ ਤੇ ਇਸ ਤਰ੍ਹਾਂ ਤਿੰਨੇ ਬਲਦ ਇਸ ਕੰਢੇ ਲੈ ਆਂਦੇ ਗਏ।

ਮੈਂ ਭੀ ਇਕ ਸਜਣ ਨੂੰ ਕਿਹਾ ਸੀ ਕਿ ਮੈਨੂੰ ਪਾਰ ਲੈ ਚਲੋ ਤੇ ਮੈਂ ਪਰਲੇ ਪਹਾੜ ਦੀ ਸੈਰ ਕਰ ਆਵਾਂ। ਉਸ ਨੇ ਕਿਹਾ ਕਿ ਦਰਿਆ ਉਤਰ ਜਾਵੇ ਤੇ ਫਿਰ ਮੈਂ ਚਲਾਂਗਾ। ਪਰ ਅਜੇ ਪਤਾ ਨਹੀਂ ਕਿ ਦਰਿਆ ਕਦ ਉਤਰੇ। ਇਹ ਤਾਂ ਹਾਲਾਂ ਚੜ੍ਹਦਾ ਹੀ ਜਾਂਦਾ ਹੈ।

## ਪੌਂਟਾ ਸਾਹਿਬ ੧੪-੮-੧੯੩੪

ਮੈਂ ਪਰਸੋਂ ਨਿਹਾਲਗੜ੍ਹ ਚਲਾ ਗਿਆ ਸਾਂ। ਉਥੇ ਬਾਹਿਰ



Digitized by Panjab Digital Library | www.panjabdigilib.org

ਇਕ ਕੁਟੀਆ ਵਿਚ ਰਿਹਾ ਸਾਂ । ਮੈਨੂੰ ਲੋਕੀ ਸੰਤ ਸਮਝਣ ਲਗ ਪਏ ਤੇ ਕਈ ਮੈਨੂੰ ਮੱਥਾ ਟੇਕਣ। ਇਸ ਕਰਕੇ ਮੈਂ ਛੇਤੀ ਔਖਾ ਹੋ ਗਿਆ ਤੇ ਮੁੜ ਆਇਆ ਹਾਂ । ਨਿਹਾਲਗੜ੍ਹ ਜਾ ਕੇ ਮੈਂ ਰਿਆਸਤ ਵਲੋਂ ਸ਼ਿਕਾਰ ਦੇ ਸੰਬਧ ਵਿਚ ਹੋ ਰਹੀ ਸਖ਼ਤੀ ਦੀ ਇਕ ਕਹਾਣੀ ਸੁਣੀ ਹੈ । ਇਕ ਸ਼ੇਰ ਨੇ ਇਕ ਆਦਮੀ ਨੂੰ ਜਾਨੋਂ ਮਾਰ ਦਿੱਤਾ । ਉਸ ਆਦਮੀ ਦੇ ਭਰਾ ਨੇ ਉਸੇ ਵੇਲੇ ਗੁੱਸੇ ਵਿਚ ਬੰਦੂਕ ਭਰ ਕੇ ਜਾ ਕੇ ਸ਼ੇਰ ਨੂੰ ਮਾਰ ਦਿੱਤਾ । ਇਸ ਅਪਰਾਧ ਵਿਚ ਸ਼ੇਰ ਮਾਰਨ ਵਾਲੇ ਨੂੰ ਛੇ ਮਹੀਨੇ ਕੈਦ ਦੀ ਸਜ਼ਾ ਹੋਈ । ਇਸ ਤੋਂ ਬਿਨਾਂ ਮੈਂ ਹੋਰ ਕੋਈ ਜ਼ੁਲਮ ਦੀ ਮਿਸਾਲ ਇਥੇ ਨਹੀਂ ਸੁਣੀ। ਸਗੋਂ ਰਾਜੇ ਦੇ ਖ਼ਾਨਦਾਨ ਵਿਚ ਇਹ ਰਿਵਾਜ ਚਲਾ ਆਉਂਦਾ ਹੈ ਕਿ ਜੋ ਗਦੀ ਉਤੇ ਬੈਠਦਾ ਹੈ ਉਹ ਸ਼ਰਾਬ ਨਹੀਂ ਪੀਂਦਾ । ਰਾਜੇ ਦੀ ਸਾਦਗੀ ਦੀ ਭੀ ਮੈਂ ਤਾਰੀਫ਼ ਸੁਣੀ ਹੈ । ਪਰ ਹਕੂਮਤ ਵਿਚ ਹਿੰਦੂ ਤਅਸਬ ਦਾ ਬਹੁਤ ਜ਼ੋਰ ਹੈ । ਰਿਆਸਤ ਦੇ ਗੁਰਦਵਾਰਿਆਂ ਨਾਲ ਬਹੁਤ ਧਕਾ ਹੋ ਰਿਹਾ ਹੈ । ਗੁਰਦਵਾਰਾ ਭੰਗਾਣੀ ਸਾਹਿਬ ਦੀ ਮਾਫ਼ੀ ਬਹੁਤ ਸਾਰੀ ਬਿਨਾ ਕਾਰਨ ਹੀ ਜ਼ਬਤ ਹੋ ਚੁਕੀ ਹੈ । ਗੁਦਵਾਰਾ ਟੋਕਾ ਸਾਹਿਬ ਦੀ ਮਾਫ਼ੀ ਇਸ ਅਪਰਾਧ ਵਿਚ ਜ਼ਬਤ ਹੋਈ ਹੈ ਕਿ ਮਹੰਤ ਦੇ ਚਾਲ ਚਲਣ ਵਿਚ ਕੋਈ ਨੁਕਸ ਸੀ । ਨਾਹਨ ਦੇ ਗੁਰਦਵਾਰੇ ਦੀ ਜ਼ਮੀਨ ਉਤੇ ਰਿਆਸਤ ਨੇ ਬਿਨਾਂ ਕੋਈ ਮੁਆਵਜ਼ਾ ਦੇਣ ਦੇ ਆਪਣਾ ਕੋਈ ਮਕਾਨ ਬਣਾ ਲਿਆ ਹੈ ਤੇ ਗੁਰਦਵਾਰੇ ਦੀ ਦੂਜੀ ਛੱਤ ਬਣਾਣ ਵਿਚ ਭੀ ਰੋਕ ਪਾਈ ਗਈ ਹੈ । ਇਹ ਗਲਾਂ ਤਾਂ ਮੈਂ ਸੁਣੀਆਂ ਹਨ ਪਰ ਪੌਂਟਾ ਸਾਹਿਬ ਦੇ ਗੁਰਦਵਾਰੇ ਨਾਲ ਜੋ ਧਕਾ ਹੋ ਰਿਹਾ ਹੈ ਉਹ ਤਾਂ ਮੈਂ ਅਖੀਂ ਵੇਖਿਆ ਹੈ । ਜ਼ਮੀਨਾਂ ਦੇ ਅੰਦਰਾਜ ਵਾਲੇ ਕਾਗਜ਼ਤ ਭੀ ਮੈਂ ਦੇਖੇ ਹਨ । ਗੁਰਦਵਾਰੇ ਨੂੰ ਕੋਈ ਚਾਰ ਸੌ ਵਿਘਾ ਜ਼ਮੀਨ ਪਿਛੇ ਕਿਸੇ ਟਿੱਕੇ ਨੇ ਮਾਫ਼ੀ ਦਿੱਤੀ ਸੀ । ਇਸ ਜ਼ਮੀਨ ਸਬੰਧੀ ਕੋਈ ਸ਼ਰਤ ਨਹੀਂ ਲਾਈ ਗਈ ਸੀ । ਪਰ ਮਗਰੋਂ ਉਸ ਸਕੰਲਪ ਕੀਤੀ



Digitized by Panjab Digital Library | www.panjabdigilib.org

ਜ਼ਮੀਨ ਵਿਚੋਂ ਕੋਈ ਡੇਢ ਸੌ ਬਿਘਾ ਜ਼ਮੀਨ ਵਿੱਚ ਤਸੀਲ, ਹਸਪਤਾਲ, ਇਕ ਮੰਦਰ ਤੇ ਬਜ਼ਾਰ ਬਣਾ ਲਿਆ ਹੈ। ਇਸ ਜ਼ਮੀਨ ਦਾ ਮੁਆਵਜ਼ਾ ਭੀ ਰਿਆਸਤ ਵਲੋਂ ਉਕਾ ਹੀ ਨਹੀਂ ਦਿੱਤਾ ਗਿਆ ਹੈ। ਪਿਛੇ ਇਕ ਮਹੰਤ ਜੀ ਨੇ ਇਸ ਜ਼ਮੀਨ ਬਦਲੇ ਜ਼ਮੀਨ ਮੰਗੀ ਸੀ, ਪਰ ਉਸ ਨੂੰ ਸੁਕਾ ਜਵਾਬ ਮਿਲ ਗਿਆ ਸੀ। ਇਸ ਤਰ੍ਹਾਂ ਦਾ ਧਕਾ ਕਦੀ ਕਿਸੇ ਹਕੂਮਤ ਵਿਚ ਕਿਸੇ ਗੁਰਦਵਾਰੇ ਨਾਲ ਨਹੀਂ ਹੋਇਆ। ਹੋਰ ਲਵੋ ਅਗੇ ਇਸ ਜ਼ਮੀਨ ਸਬੰਧੀ ਕੋਈ ਸ਼ਰਤ ਨਹੀਂ ਸੀ। ਹੁਣ ਇਹ ਸ਼ਰਤ ਲਾ ਦਿੱਤੀ ਗਈ ਹੈ ਕਿ ਮਹੰਤ ਨੇਕ-ਚਲਨ ਤੇ ਨਮਕ ਹਲਾਲ ਹੋਵੇਗਾ। ਭਲਾ ਜੇ ਮਹੰਤ ਬਦ-ਚਲਨ ਜਾਂ ਨਮਕ ਹਰਾਮ ਹੋਵੇ ਤਾਂ ਗੁਰਦਵਾਰੇ ਦੀ ਜ਼ਮੀਨ ਕਿਉਂ ਜ਼ਬਤ ਹੋਵੇ ? ਸਜ਼ਾ ਮਹੰਤ ਨੂੰ ਮਿਲਣੀ ਚਾਹੀਦੀ ਹੈ ਨਾ ਕਿ ਗੁਰਦਵਾਰੇ ਨੂੰ। ਇਹੋ ਜਹੀ ਸ਼ਰਤ ਸਰਕਾਰ ਅੰਗਰੇਜ਼ੀ ਨੇ ਕਿਸੇ ਜਗੀਰ ਸਬੰਧੀ ਭੀ ਕਿਸੇ ਗੁਰਦਵਾਰੇ ਨਾਲ ਨਹੀਂ ਲਾਈ ਹੈ।

ਨਾਹਨ ਦੀ ਹਕੂਮਤ ਹਿੰਦੂ ਹੈ ਤੇ ਕਟੜ ਹਿੰਦੂ ਹੈ। ਪਰ ਰਾਜੇ ਸਬੰਧੀ ਸਿਖਾਂ ਦਾ ਖ਼ਿਆਲ ਚੰਗਾ ਹੈ। ਸਿੰਘ ਕਹਿੰਦੇ ਹਨ ਕਿ ਰਾਜਾ ਚੰਗਾ ਹੈ, ਤੇ ਜੋ ਵਧੀਕੀ ਗੁਰਦਵਾਰਿਆਂ ਨਾਲ ਜਾਂ ਸਿੰਘਾਂ ਨਾਲ ਹੋ ਰਹੀ ਹੈ, ਇਸਦਾ ਕਾਰਨ ਚਲਾਕ ਤੇ ਬਾ-ਰਸੂਖ਼ ਅਹਿਲ-ਕਾਰ ਹਨ,ਆਪ ਨੂੰ ਚੇਤਾ ਹੋਵੇਗਾ ਕਿ ਇਕ ਸਿੱਖ ਸਾਧਾ ਸਿੰਘ ਦੀ ਕੁਝ ਆਦਮੀਆਂ ਨਾਲ ਗੁਰਦਵਾਰੇ ਦੇ ਐਨ ਹੇਠਾਂ ਘਾਟ ਉਤੇ ਸਿਗਰਟ ਪੀਣ ਤੇ ਲੜਾਈ ਹੋਈ ਸੀ। ਇਸ ਲੜਾਈ ਵਿਚ ਇਕ ਹਿੰਦੂ ਮਾਰਿਆ ਗਿਆ। ਇਸ ਨੂੰ ਹਿੰਦੂ ਸਵਾਲ ਬਣਾ ਕੇ ਸਾਰੇ ਹਿੰਦੂ ਅਹਿਲਕਾਰਾਂ ਨੇ ਸਿਖ ਦਾ ਮੁਕਦਮਾ ਨਾਸ ਕੀਤਾ। ਡਰਾ ਧਮਕਾ ਕੇ ਸਿਖ ਦੇ ਗਵਾਹ ਮੁਕਰਾਏ ਤੇ ਉਸ ਦੇ ਵਿਰੁਧ ਗਵਾਹ ਭੁਗਤਾਏ ਗਏ। ਅਹਿਲਕਾਰ ਸਿਖਤਾਂ ਕੋਈ ਹੈ ਹੀ ਨਹੀਂ। ਉਸ ਸਿਖ ਨੂੰ ਫਾਂਸੀ ਦੀ ਸਜ਼ਾ ਹੋ ਗਈ ਹੈ ਪਰ ਅੰਗਰੇਜ਼ੀ ਪੁਲੀਟੀਕਲ ਏਜੰਟ ਉਤੇ ਆਸ ਹੈ।



Digitized by Panjab Digital Library | www.panjabdigilib.org

ਇਸ ਕਿਸਮ ਦੀ ਲੜਾਈ ਵਿਚ ਫਾਂਸੀ ਦੇਣਾ ਪਰਗਟ ਤੌਰ ਤੇ ਬੇ-ਇਨਸਾਫ਼ੀ ਪਿਆ ਜਾਪਦਾ ਹੈ। ਜੋ ਜ਼ਮੀਨ ਗੁਰਦਵਾਰੇ ਦੀ ਖੋਹ ਕੇ ਮੰਦਰ ਬਣਵਾਇਆ ਗਿਆ ਹੈ ਉਸ ਸਬੰਧੀ ਸਿਖਾਂ ਦੇ ਦਿਲਾਂ ਵਿਚ ਸਖ਼ਤ ਜਜ਼ਬਾ ਹੈ। ਜੇ ਕਰ ਪੰਜਾਬ ਦੇ ਮੁਖੀ ਸਿਖ ਮਹਾਰਾਜ ਸਾਹਿਬ ਨਾਹਨ ਨੂੰ ਸਮਝਾਣ ਤਾਂ ਕਿਸੇ ਸਮੇਂ ਪੈਣ ਵਾਲਾ ਝਗੜਾ ਅਜ ਹੀ ਰੁਕ ਸਕਦਾ ਹੈ। ਗੁਰਦਵਾਰੇ ਦੇ ਘਾਟ ਉਤੇ ਤਮਾਕੂ ਬੰਦ ਹੋ ਜਾਣਾ ਚਾਹੀਦਾ ਹੈ ਨਹੀਂ ਤਾਂ ਕਦੀ ਝਗੜਾ ਪਵੇਗਾ। ਦੂਜੇ ਗੁਰਦਵਾਰੇ ਦੀ ਜ਼ਬਤ ਕੀਤੀ ਜ਼ਮੀਨ ਦੇ ਬਦਲੇ ਉਸੇ ਕੀਮਤ ਦੀ ਜ਼ਮੀਨ ਮਿਲਣੀ ਚਾਹੀਦੀ ਹੈ ਤੇ ਜਿਤਨੇ ਸਾਲ ਹੁਣ ਹਕੂਮਤ ਨੇ ਜ਼ਮੀਨ ਤੇ ਕਬਜ਼ਾ ਕੀਤਿਆਂ ਹੋਏ ਹਨ ਉਤਨੇ ਸਾਲਾਂ ਦੀ ਪੈਦਾਵਾਰ ਦੀ ਕੀਮਤ ਮਿਲਣੀ ਚਾਹੀਦੀ ਹੈ। ਗੁਰਦਵਾਰੇ ਦੀ ਜ਼ਮੀਨ ਉਤੇ ਮੰਦਰ ਬਣਾਨ ਵਾਲੇ ਧੱਕੇ ਸਬੰਧੀ ਇਸ ਵੇਲੇ ਮੈਂ ਕੁਝ ਨਹੀਂ ਕਹਿ ਸਕਦਾ। ਹਾਂ ਇਸ ਪੇਚੀਦਾ ਸਵਾਲ ਉਤੇ ਵਧੇਰੇ ਸਿਆਣੇ ਸਜਣ ਵਿਚਾਰ ਕਰ ਸਕਦੇ ਹਨ। ਇਥੋਂ ਪੌਂਟਾ ਸਾਹਿਬ ਮੁੜਨ ਉਤੇ ਮੈਨੂੰ ਲਗਾ ਕਿ ਤਿੰਨ ਨਿਹੰਗ ਸਿੰਘਾਂ ਵਿਚੋਂ ਦੋ ਡੇਹਰਾ-ਦੂਨ ਵਲ ਚਲੇ ਗਏ ਹਨ ਤੇ ਇਕ ਇਥੇ ਹੀ ਹੈ। ਜੇਹੜਾਂ ਇਥੇ ਹੈ ਉਸਨੇ ਮਹੰਤ ਸਾਹਿਬ ਕੋਲੋਂ ਸ੍ਰੀ ਸਾਹਿਬ ਮੰਗੀ ਸੀ। ਪਰੰਤੂ ਮਹੰਤ ਸਾਹਿਬ ਨੇ ਸ੍ਰੀ ਸਾਹਿਬ ਦੇਣੋਂ ਨਾਂਹ ਕੀਤੀ ਸੀ। ਇਸ ਉਤੇ ਨਿਹੰਗ ਸਿੰਘ ਨੇ ਕਿਹਾ ਹੈ ਕਿ ਮੈਂ ਤਾਂ ਇਥੇ ਹੀ ਰਹਾਂਗਾ ਤੇ ਅੰਨ ਪਾਣੀ ਛਕਾਂਗਾ ਜੇ ਮਹੰਤ ਸਾਹਿਬ.........ਸ੍ਰੀ ਸਾਹਿਬ ਦੇ ਦੇਣਗੇ ਤਾਂ ਜਾਵਾਂਗਾ। ਸਾਨੂੰ ਇਹ ਉਥੇ ਰਹਿਣ ਦਾ ਬਹਾਨਾ ਜਾਪਦਾ ਹੈ।

ਸ਼ਕ ਇਸ ਗਲੋਂ ਹੋਰ ਵਧ ਗਿਆ ਹੈ। ਅਸੀਂ ਸਮਝਦੇ ਹਾਂ ਕਿ ਦੋ ਨਿਹੰਗ ਸਿੰਘ ਚਲੇ ਗਏ ਹਨ ਤੇ ਇਸ ਨੂੰ ਇਕੱ ਾ ਇਥੇ ਛਡ ਗਏ ਹਨ ਨਹੀਂ ਤਾਂ ਭਲਾ ਇਸ ਤਰ੍ਹਾਂ ਦੂਰ ਦੂਰ ਜਾਣ ਵਾਲੇ ਆਪੋ ਵਿਚ ਕਦ ਸਾਥ ਛਡਦੇ ਹਨ ਅਤੇ ਖ਼ਾਸ ਕਰ ਅਜੇਹੀ ਗੱਲ ਉਤੇ



Digitized by Panjab Digital Library | www.panjabdigilib.org

ਜਿਸ ਦਾ ਉਹਨਾਂ ਨੂੰ ਨਿਸਚਾ ਹੋਵੇ ਕਿ ਪੂਰੀ ਨਹੀਂ ਹੋ ਸਕਦੀ। ਅਜ ਮੈਂ ਇਸ ਰਾਏ ਉਤੇ ਪੁਜਾ ਸਾਂ ਕਿ ਇਸ ਨਿਹੰਗ ਸਿੰਘ ਨੂੰ ਸਿਧਾ ਹੀ ਪੁਛਿਆ ਜਾਵੇ। ਮੈਂ ਸਮਝਦਾ ਹਾਂ ਕਿ ਅਸੀਂ ਗ਼ਲਤੀ ਕਰਦੇ ਰਹੇ ਹਾਂ। ਇਹ ਨਿਹੰਗ ਸਿੰਘ ਪਟਿਆਲੇ ਦੇ ਏਜੰਟ ਹਨ ਤੇ ਮੇਰੇ ਉਤੇ ਹਮਲਾ ਕਰਨ ਦੀ ਨੀਯਤ ਨਾਲ ਆਏ ਹਨ ਭਾਵੇਂ ਚੰਗੇ ਫਸੇ ਹਨ। ਇਸ ਰਿਆਸਤ ਦੇ ਰਾਜੇ ਉਤੇ ਪਟਿਆਲੇ ਦਾ ਰੋਹਬ ਨਹੀਂ ਹੈ ਤੇ ਜੇ ਇਹ ਗਲ ਨਿਕਲ ਪਵੇ ਤਾਂ ਸਗੋਂ ਪਟਿਆਲਾ ਸਾਡੇ ਕਬਜ਼ੇ ਫਸਿਆ ਜਾਣੋ। ਅਗੇ ਹੀ ਉਸ ਦੀ ਹਾਲਤ ਡਾਵਾਂ ਡੋਲ ਹੈ ਤੇ ਜੇ ਉਤੋਂ ਇਹ ਸਿੱਧ ਹੋ ਜਾਵੇ ਕਿ ਉਹ ਈਹੋ ਜੇਹੇ ਕਾਰਿਆਂ ਦੀ ਜ਼ਿਮੇਂਵਾਰੀ ਤੋਂ ਅਜੇ ਭੀ ਨਹੀਂ ਟਲਦਾ ਤਾਂ ਫਿਰ ਸਗੋਂ ਪੰਥ ਦੇ ਗਲੋਂ ਸਦਾ ਲਈ ਬਲਾ ਲਥੇਗੀ। ਇਹ ਰਾਏ ਬਣਾਕੇ ਮੈਂ ਦੂਜੇ ਸਜਣਾ ਨਾਲ ਸਲਾਹ ਕੀਤੀ ਪਰ ਉਹ ਮੇਰੇ ਨਾਲ ਸਹਿਮਤ ਨਹੀਂ ਹੁੰਦੇ। ਮੈਂ ਤਾਂ ਕਹਿੰਦਾ ਹਾਂ ਕਿ ਤਿੰਨ ਸ਼ਿਕਾਰ ਹਥ ਆਏ ਹਨ ਦੋ ਨਿਕਲ ਗਏ ਹਨ ਤੇ ਇਕ ਬਾਕੀ ਹੈ। ਇਸ ਨੂੰ ਹੱਥੋਂ ਨਹੀਂ ਨਿਕਲਣ ਦੇਣਾ। ਇਸ ਤੋਂ ਪਿਆਰ ਨਾਲ, ਧਮਕੀ ਨਾਲ ਉਸਤਾਦੀ ਨਾਲ ਹਰ ਤਰਾਂ ਸਾਰੀ ਗਲ ਦਾ ਪਤਾ ਕਰਨਾ ਹੈ। ਸ: ਅਮਰ ਸਿੰਘ ਜੀ ਖ਼ਾਲਸਾ ਇਥੇ ਨਹੀਂ ਹਨ ਤੇ ਬਾਕੀ ਦੋ ਹੋਰ ਸਜਨ ਹਨ ਜੋ ਆਪ ਤਾਂ ਕੋਈ ਗਲ ਇਸ ਨਿਹੰਗ ਨੂੰ ਪੁੱਛਣ ਦਾ ਹੌਸਲਾ ਨਹੀਂ ਕਰਦੇ ਤੇ ਸਗੋਂ ਮੈਨੂੰ ਰੋਕਦੇ ਹਨ। ਇਹ ਕਦੀ ਤਾਂ ਮੈਨੂੰ ਕਹਿੰਦੇ ਹਨ ਕਿ ਲੜਾਈ ਨਾ ਹੋ ਪਵੇ, ਕਦੀ ਕਿ ਗੁਰਦਵਾਰੇ ਨੂੰ ਨੁਕਸਾਨ ਪੁਜੇਗਾ, ਕਦੀ ਹੋਰ ਕੋਈ ਈਹੋ ਜਿਹਾ ਫਜ਼ੂਲ ਜਿਹਾ ਫੁਚਰ ਪੇਸ਼ ਕਰਦੇ ਹਨ। ਅਸਲ ਗਲ ਇਹ ਹੈ ਕਿ ਇਹ ਸਖ਼ਤ ਕਮਜ਼ੋਰ ਦਿਲ ਹਨ। ਆਖ਼ਰ ਸਾਡਾ ਇਹ ਫੈਸਲਾ ਹੋਇਆ ਕਿ ਅਜ ਇਸ ਨਿਹੰਗ ਤੋਂ ਕੁਝ ਨਾ ਪੁਛਿਆ ਜਾਵੇ ਤੇ ਕਲ੍ਹ ਜਾਂ ਪਰਸੋਂ ਸਰਦਾਰ ਅਮਰ ਸਿੰਘ ਜੀ ਆ ਜਾਣਗੇ ਤਾਂ ਫਿਰ ਪੁਛਿਆ



Digitized by Panjab Digital Library | www.panjabdigilib.org

ਜਾਵੇ।

## ਪੌਂਟਾਂ ਸਾਹਿਬ ੧੫-੮-੩੪

ਅਜ ਸਵੇਰੇ ਮੈਂ ਦਰਿਆ ਤੋਂ ਨਹਾ ਕੇ ਮੁੜਿਆ ਤਾਂ ਮੈਨੂੰ ਪਤਾ ਲਗਾ ਕਿ ਉਹ ਤੀਜਾ ਨਿਹੰਗ ਭੀ ਟੁਰ ਗਿਆ ਹੈ। ਮੈਂ ਹੈਰਾਨ ਹੋ ਗਿਆ ਕਿ ਇਹ ਗਲ ਕੀ ਹੋਈ ਹੈ। ਉਹ ਤਾਂ ਕਹਿੰਦਾ ਸੀ ਕਿ ਮੈਂ ਭੁਖ ਹੜਤਾਲ ਕਰਾਂਗਾ ਤੇ ਕਿਰਪਾਨ ਲੈ ਕੇ ਜਾਵਾਂਗਾ। ਪਰ ਉਹ ਹੁਣ ਆਪੇ ਕਿਉਂ ਟੁਰ ਗਿਆ ਹੈ ? ਕੀ ਉਸ ਨੂੰ ਸਾਡੀ ਆਪਸ ਵਿਚ ਕੀਤੀ ਗੱਲਬਾਤ ਦਾ ਪਤਾ ਲਗ ਗਿਆ ਹੈ ? ਕੀ ਮੇਰੇ ਸਜਣਾਂ ਨੇ ਜੋ ਮੈਨੂੰ ਉਸ ਤੋਂ ਕੋਈ ਗਲ ਪੁਛਣੋਂ ਰੋਕਦੇ ਹਨ। ਉਸ ਨੂੰ ਤੋਰ ਦਿੱਤਾ ਹੈ ? ਕੀ ਉਸ ਨੇ ਮੇਰਾ ਪਤਾ ਕਢ ਲਿਆ ਹੈ ਤੇ ਬਸ ਇਸੇ ਮੰਤਵ ਲਈ ਹੀ ਠਹਿਰਿਆ ਹੋਇਆ ਸੀ ? ਪਤਾ ਕਰਨ ਤੋਂ ਪਹਿਲੀਆਂ ਗੱਲਾਂ ਤਾਂ ਗਲਤ ਹੀ ਨਿਕਲੀਆਂ। ਹੁਣ ਕੇਵਲ ਇਹੋ ਹੀ ਹੋ ਸਕਦਾ ਹੈ ਕਿ ਉਹ ਜਿਸ ਮਤਲਬ ਲਈ ਅਸਲ ਵਿਚ ਠਹਿਰਿਆ ਸੀ ਉਸਦਾ ਉਹ ਮਤਲਬ ਪੂਰਾ ਹੋ ਗਿਆ ਹੈ। ਇਹ ਸੋਚਕੇ ਮੇਰਾ ਸ਼ਕ ਵਧ ਗਿਆ। ਮੇਰਾ ਜੀਆ ਕਰੇ ਕਿ ਮੈਂ ਉਸ ਮਗਰ ਜਾਵਾਂ ਤੇ ਰਾਹ ਅਪੜਕੇ ਗੱਲਬਾਤ ਪੁਛਾਂ। ਪਰ ਮੇਰੀ ਅੱਡੀ ਵਿਚ ਪਥਰ ਦੀ ਦਬ ਲਗੀ ਹੋਈ ਸੀ ਤੇ ਮੈਥੋਂ ਬਾਹਲਾ ਤੁਰਿਆ ਨਹੀਂ ਜਾਂਦਾ। ਪਰ ਨਾਲ ਹੀ ਇਹ ਵੀ ਪਤਾ ਲਗਾ ਹੈ ਕਿ ਮਹੰਤ ਸਾਹਿਬ ਵੀ ਉਸ ਨਿਹੰਗ ਸਿੰਘ ਦੇ ਨਾਲ ਹੀ ਗਏ ਹਨ ਤੇ ਮਹੰਤ ਸਾਹਿਬ ਸ਼ਾਮ ਨੂੰ ਮੁੜ ਆਵਣਗੇ। ਇਸ ਕਰਕੇ ਮਹੰਤ ਸਾਹਿਬ ਨੂੰ ਉਡੀਕਣਾ ਠੀਕ ਸਮਝਿਆ ਹੈ। ਮਹੰਤ ਸਾਹਿਬ ਕਲ ਸ਼ਾਮ ਨੂੰ ਮੁੜ ਆਏ ਸਨ। ਉਹਨਾਂ ਤੋਂ ਪਤਾ ਲਗਾ ਹੈ ਕਿ ਨਿਹੰਗ ਸਿੰਘ ਬਗਲੇ ਪਿੰਡ ਵਿਚ ਠਹਿਰਿਆ ਹੈ। ਰਾਤ ਉਥੇ ਰਹੇਗਾ ਤੇ ਕਲ ਭੀ ਉਥੋਂ ਕਿਰਪਾਨ ਲੈਣ ਦਾ ਯਤਨ



Digitized by Panjab Digital Library | www.panjabdigilib.org

ਕਰੇਗਾ ਇਸ ਕਰ ਕੇ ਉਹ ਦੁਪਹਿਰ ਤਕ ਨਹੀਂ ਟੁਰੇਗਾ। ਇਹ ਸੁਣਕੇ ਮੈਂ ਅਜ ਸਵੇਰੇ ਹੀ ਬਗਲ ਵਲ ਤੁਰ ਪਿਆ ਤੇ ਜਾ ਨਿਹੰਗ ਸਿੰਘ ਨੂੰ ਮਿਲਿਆ। ਮੈਂ ਨਿਹੰਗ ਸਿੰਘ ਨੂੰ ਅੰਮ੍ਰਿਤਸਰ ਪੁਜਣ ਉਤੇ ਸਿਆਲ ਵਿਚ ਕਿਰਪਾਨ ਦੇਣ ਦਾ ਜਾਂ ਦਿਵਾਣ ਦਾ ਇਕਰਾਰ ਕੀਤਾ। ਉਸ ਨਾਲ ਸਭ ਗੱਲਾਂ ਖੁਲ੍ਹਕੇ ਕੀਤੀਆਂ। ਉਸ ਨੇ ਕਿਸੇ ਗਲ ਨੂੰ ਦਸਣ ਵਿਚ ਸੰਕੋਚ ਨਹੀਂ ਕੀਤਾ। ਉਸ ਨੇ ਸਿਧਾ ਸਾਫ ਦਸ ਦਿਤਾ ਕਿ ਉਹ ਫਲਾਣੇ ਰਸਤੇ ਆਇਆ ਹੈ ਤੇ ਫਲਾਣੀ ਥਾਂ ਰਿਹਾ ਹੈ ਤੇ ਹੁਣ ਫਲਾਣੀ ਥਾਂ ਜਾਏਗਾ। ਉਸ ਨੇ ਆਪਣਾ ਪਿੰਡ ਆਦਿਕ ਕਿਸੇ ਗਲ ਦੇ ਦਸਣ ਵਿਚ ਜ਼ਰਾ ਝਿਜਕ ਨਹੀਂ ਕੀਤੀ। ਜਿਸ ਕਰਕੇ ਮੈਨੂੰ ਇਸ ਨਿਹੰਗ ਸਿੰਘ ਤੋਂ ਉਕਾ ਹੀ ਸ਼ਕ ਹਟ ਗਿਅ। ਫਿਰ ਮੈਂ ਉਸ ਨੂੰ ਦੂਜੇ ਦੋਹਾਂ ਨਿਹੰਗ ਸਿੰਘਾਂ ਬਾਬਤ ਪੁਛਿਆ। ਉਸ ਨੇ ਕਿਹਾ ਕਿ ਇਹਨਾਂ ਵਿਚ ਇਕ ਸ਼ਕੀ ਆਦਮੀ ਹੈ ਜਿਸ ਉਤੇ ਬੁੱਢੇ ਦਲ ਵਾਲੇ ਭੀ ਸ਼ਕ ਕਰਦੇ ਹਨ। ਉਹ ਅੰਗਰੇਜ਼ੀ ਪੜ੍ਹਿਆ ਹੋਇਆ ਹੈ ਤੇ ਟਿਕਟ ਬਾਬੂ ਭੀ ਰਹਿ ਚੁਕਾ ਹੈ। ਇਸ ਉਤੇ ਨਿਹੰਗਾਂ ਨੂੰ ਭੀ ਸ਼ਕ ਹੈ ਕਿ ਇਹ ਜਾਸੂਸ ਹੈ ਤੇ ਵਿੰਗੇ ਟੇਢੇ ਕੰਮ ਕਰਦਾ ਰਹਿੰਦਾ ਹੈ। ਇਹ ਗਲ ਸੁਣ ਕੇ ਇਸ ਨਿਹੰਗ ਉਤੋਂ ਮੇਰਾ ਸ਼ਕ ਉਕਾ ਹੀ ਹਟ ਗਿਆ ਤੇ ਮੈਂ ਪੌਂਟਾ ਸਾਹਿਬ ਮੁੜ ਆਇਆ। ਦੂਜੇ ਨਿਹੰਗ ਸਿੰਘ ਤਾਂ ਹੁਣ ਨਿਕਲ ਗਏ ਹਨ। ਜੇਕਰ ਇਹ ਜਾਸੂਸ ਘਲਣ ਦੀ ਗ਼ਲਤੀ ਪਟਿਆਲੇ ਨੇ ਕੀਤੀ ਸੀ ਤਾਂ ਮੈਂ ਭੀ ਇਹਨਾਂ ਨੂੰ ਨਿਕਲ ਜਾਣ ਦੇਣ ਦੀ ਗ਼ਲਤੀ ਕੀਤੀ ਹੈ। ਮੈਂ ਦੂਜੀ ਵੇਰਾਂ ਗ਼ਲਤੀ ਨਹੀਂ ਕਰਾਂਗਾ। ਵੇਖੀਏ ਪਟਿਆਲਾ ਦੂਜੀ ਵੇਰਾਂ ਗ਼ਲਤੀ ਕਰਦਾ ਹੈ ਕਿ ਨਹੀਂ।

ਸ਼ਰਦਾਰ ਅਰਜ਼ਨ ਸਿੰਘ ਜੀ ਨੂੰ ਜ਼ਰੂਰ ਮੇਰੇ ਕੋਲ ਘਲ ਦੇਣਾ ਕਿਉਂਕਿ ਪਟਿਆਲੇ ਦਾ ਵਸਾਹ ਕਰਨਾ ਗ਼ਲਤੀ ਹੋਵੇਗੀ। ਜਦ ਅਸੀਂ ਦੋ ਇਕੱਠੇ ਹੋਵਾਂਗੇ ਤਾਂ ਫਿਰ ਕੋਈ ਖ਼ਤਰਾ ਨਹੀਂ। ਖ਼ਤਰਾ



Digitized by Panjab Digital Library | www.panjabdigilib.org

ਤਾਂ ਉਂਜ ਭੀ ਕੋਈ ਨਹੀਂ ਹੈ ਕਿਉਂਕਿ ਇਸ ਗੁਰਦਵਾਰੇ ਦੇ ਮਹੰਤ ਸਾਹਿਬ ਤੇ ਹੋਰ ਸੇਵਾਦਾਰ ਸਭ ਹਮਦਰਦ ਹਨ। ਇਸ ਤੋਂ ਛੁੱਟ ਇਹਨਾਂ ਪਿੰਡਾਂ ਵਿਚ ਅਕਾਲੀ ਬਹੁਤ ਹਨ ਉਹ ਸਾਰੇ ਹੀ ਸ਼ਰੋਮਣੀ ਅਕਾਲੀ **ਦਲ** ਦੇ ਹਮਦਰਦ ਹਨ। ਪਰ ਮੈਂ ਇਕੱਲਾ ਬਾਹਿਰ ਜੰਗਲ ਵਿਚ ਦਿਨੇ ਬੈਠਾ ਰਹਿੰਦਾ ਹਾਂ ਤੇ ਜੇ ਤਕੜਾ ਸਾਥੀ ਹੋਵੇ ਤਾਂ ਚੰਗਾ ਹੈ।

## ਪੌਂਟਾਂ ਸਾਹਿਬ ੩੦-੮-੩੪

ਸਰਦਾਰ ਅਰਜਨ ਸਿੰਘ ਜੀ ਅਪੜ ਚੁਕੇ ਹਨ। ਅਸੀਂ ਸਵੇਰ ਦੀ ਰੋਟੀ ਖਾ ਕੇ ਬਹਿਰ ਚਲੇ ਜਾਂਦੇ ਹਾਂ। ਐਨ ਪਾਣੀ ਦੇ ਕੰਢੇ ਦਰਿਆ ਦੇ ਫੇਰ ਵਾਲੀ ਥਾਂ ਦੋ ਤਿੰਨ ਦਰਖ਼ਤ ਰੇਤ ਤੇ ਪਥਰਾਂ ਵਿਚ ਉੱਗੇ ਹੋਏ ਹਨ। ਅਸੀਂ ਉਹਨਾਂ ਦੀ ਛਾਂਵੇਂ ਜਾ ਬੈਠਦੇ ਹਾਂ। ਦਰਿਆ ਉਸ ਥਾਂ ਤੋਂ ਮਸਾਂ ਤੀਹ ਗਜ਼ ਚੌੜਾ ਹੋਵੇਗਾ। ਪਾਰ ਕੰਢੇ ਉਚਾ ਪਹਾੜ ਹੈ। ਇਸ ਕੰਢੇ ਸਾਫ ਪਾਣੀ ਦੇ ਚਸ਼ਮੇ ਭੀ ਹਨ। ਇਥੇ ਅਸੀਂ ਕਦੀ ਪਥਰਾਂ ਉਤੇ ਬੈਠ ਕੇ ਪੜ੍ਹਦੇ ਲਿਖਦੇ ਹਾਂ ਜਾਂ ਕਦੀ ਸਾਫ਼ ਰੇਤ ਵਿਚ ਬੈਠ ਜਾਂਦੇ ਹਾਂ ਤੇ ਰੇਤ ਲੈ ਕੇ ਆਪਣੀਆਂ ਕਿਰਪਾਨਾਂ ਲਿਸ਼ਕਾਣ ਲਗ ਪੈਂਦੇ ਹਾਂ। ਸ਼ਾਮ ਪੈਣ ਉਤੇ ਅਸੀਂ ਉਥੋਂ ਘਰ ਮੁੜ ਆਉਂਦੇ ਹਾਂ। ਸਾਡੀ ਸਲਾਹ ਕਲ ਭੰਗਾਣੀ ਸਾਹਿਬ ਗੁਰਦਵਾਰੇ ਦੇ ਦਰਸ਼ਨ ਕਰਨ ਜਾਣ ਦੀ ਹੈ। ਉਹ ਇਥੋਂ ਕੋਈ ਛੇ ਸਤ ਮੀਲ ਦਸਦੇ ਹਨ।

## ਪੌਂਟਾਂ ਸਾਹਿਬ ੨-੯-੩੪

ਅਸੀਂ ਕਲ ਭੰਗਾਣੀ ਸਾਹਿਬ ਪੁਜੇ ਹਾਂ। ਰਾਹ ਪਹਾੜ ਦੇ ਨਾਲ ਨਾਲ ਹੈ। ਪਰ ਸਾਨੂੰ ਇਕ ਰਾਹ ਦਸਣ ਵਾਲੇ ਜਰਾ ਕੁਝ ਕੁਰਾਹੇ ਪਾ ਦਿੱਤਾ ਤੇ ਅਸੀਂ ਧਾਨਾਂ ਦੇ ਖੇਤਾਂ ਦੀਆਂ ਵੱਟਾਂ ਉਤੋਂ ਉਤੋਂ ਲੰਘਦੇ ਆਏ ਹਾਂ। ਖੇਤਾਂ ਵਾਲੇ ਸਿਖ ਸਾਨੂੰ ਮਿਲੇ ਸਨ। ਇਕ



Digitized by Panjab Digital Library | www.panjabdigilib.org

ਸਿਖ ਤੋਂ ਪਤਾ ਲਗਾ ਹੈ ਕਿ ਇਹ ਸੂਏ ਦਾ ਪਾਣੀ ਜੋ ਖੇਤਾਂ ਨੂੰ ਦਿੱਤਾ ਜਾਂਦਾ ਹੈ ਇਹ ਗਿਰੀ ਨਾਲੇ ਤੋਂ ਕਢ ਕੇ ਲਿਆਉਂਦੇ ਹਨ ਤੇ ਇਸ ਤਰ੍ਹਾਂ ਦੇ ਸੂਏ ਜ਼ਿਮੀਂਦਾਰ ਆਪ ਹੀ ਨਾਲੋਂ ਵਿਚੋਂ ਕੱਢ ਲਿਆਉਂਦੇ ਹਨ ਅਤੇ ਰਿਆਸਤ ਨੂੰ ਪਾਣੀ ਦਾ **ਕੋਈ** ਮਸੂਲ ਨਹੀਂ ਭਰਦੇ। ਇਨਾਂ ਖੇਤਾਂ ਵਿਚੋਂ ਲੰਘ ਕੇ ਅਸੀਂ ਗਿਰੀ ਨਾਲੇ ਉਤੇ ਪੁਜੇ। ਇਹ ਨਾਲਾ ਜਮਨਾ ਵਿਚ ਉਥੋਂ ਲਾਗੇ ਹੀ ਪੈ ਜਾਂਦਾ ਹੈ। ਇਹ ਨਾਲਾ ਸ਼ਿਮਲੇ ਦੀਆਂ ਪਹਾੜੀਆਂ ਵਿਚੋਂ ਆਉਂਦਾ ਹੈ ਤੇ ਇਸਦੀ ਮੱਛੀ ਮਸ਼ਹੂਰ ਹੈ। ਇਸ ਨਾਲੇ ਉਤੇ ਅਪੜ ਕੇ ਅਸਾਂ ਮਲਾਹਾਂ ਨੂੰ ਪਾਰ ਕਰਣ ਲਈ ਕਿਹਾ। ਉਨਾਂ ਸਾਥੋਂ ਦੋ ਦੋ ਆਨੇ ਲਏ ਤੇ ਟੀਨਾਂ ਦੇ ਇਕ ਭਰਨੇ ਉਤੇ ਸਾਨੂੰ ਬਠਾ ਲਿਆ। ਮੈਂ ਤਾਂ ਭਰਲੇ ਉਤੇ ਬੈਠ ਗਿਆ ਤੇ ਸ: ਅਰਜਨ ਸਿੰਘ ਜੀ ਭਰਲੇ ਨਾਲ ਪਾਣੀ ਵਿਚ ਉਸੇ ਤਰ੍ਹਾਂ ਲਟਕੇ ਹੋਏ ਸਨ ਜਿਸ ਤਰ੍ਹਾਂ ਮਲਾਹ ਲਟਕੇ ਹੋਏ ਸਨ। ਉਹ ਸਗੋਂ ਭਰਲਾ ਚਲਾਣ ਵਿਚ ਮਹਾਲਾਂ ਵਾਂਗੂ ਹੀ ਜ਼ੋਰ ਮਾਰਦੇ ਰਹੇ ਪਰ ਮਲਾਹਾਂ ਨੇ ਆਪਣੀ ਲਈ ਮਜੂਰੀ ਵਿਚੋਂ ਉਨ੍ਹਾਂ ਨੂੰ ਕੋਈ ਹਿੱਸਾ ਨਹੀਂ ਦਿੱਤਾ। ਪਰੇ ਕੰਢੇ ਇਕ ਦਰਖ਼ਤ ਹੇਠਾਂ ਬੈਠ ਕੇ ਅਸਾਂ ਕਪੜੇ ਲਾਹੇ ਤੇ ਟੁਰ ਪਏ। ਉਥੇ ਮੇਰੀ ਇੰਡੀਪੈਂਡੈਟ ਕਲਮ ਡਿਗ ਪਈ। ਇਕ ਪਹਾੜੀ ਸਾਥੀ ਭੀ ਸਾਨੂੰ ਉਥੇ ਮਿਲ ਗਿਆ। ਥੋੜ੍ਹੀ ਦੂਰ ਜਾਕੇ ਮੈਨੂੰ ਕਲਮ ਦਾ ਚੇਤਾ ਆਇਆ। ਉਹ ਪਹਾੜੀਆਂ ਆਪਣੀ ਖੁਸ਼ੀ ਨਾਲ ਵਾਪਸ ਗਿਆ ਤੇ ਮੇਰੀ ਕਲਮ ਲਭ ਲਿਆਇਆ। ਅਸੀਂ ਇਕ ਥਾਂ ਬੈਠ ਕੇ ਉਸ ਨੂੰ ਉਡੀਕ ਰਹੇ ਸਾਂ। ਕਲਮ ਲੈ ਕੇ ਅਸੀਂ ਉਥੋਂ ਟੁਰੇ ਤੇ ਉਥੇ ਹੀ ਮੈਂ ਆਪਣੀ ਜੁੱਤੀ ਭੁਲ ਗਿਆ। ਉਸ ਵੇਲੇ ਅਸੀਂ ਪਾਣੀ ਦੀਆਂ ਵਟਾਂ ਤੇ ਲੰਘ ਰਹੇ ਸਾਂ ਤੇ ਜੁੱਤੀਆਂ ਲਾਹੀਆਂ ਹੋਈਆਂ ਸਨ। ਪਰ ਜੁੱਤੀ ਛੇਤੀ ਹੀ ਚੇਤੇ ਆ ਗਈ ਤੇ ਮੈਂ ਮੁੜ ਕੇ ਲੈ ਆਇਆ।



Digitized by Panjab Digital Library | www.panjabdigilib.org

ਅਗੇ ਪਿੰਡ ਆਇਆ। ਪਿੰਡ ਦੇ ਲਾਗੇ ਬਹੁਤ ਸੋਹਣਾ ਚਸ਼ਮਾ ਸੀ। ਤਿਹ ਤਾਂ ਸਾਨੂੰ ਨਹੀਂ ਸੀ ਪਰ ਸੋਹਣਾ ਚਸ਼ਮਾ ਵੇਖ ਕੇ ਅਸਾਂ ਪਾਣੀ ਪੀਤਾ। ਦੋ ਹੋਰ ਪਿੰਡਾਂ ਵਿਚੋਂ ਲੰਘ ਕੇ ਜਿਥੇ ਮਕੀ ਦੇ ਖੇਤ ਆਮ ਸਨ ਅਸੀਂ ਇਕ ਥਾਂ ਉਤੇ ਅਪੜੇ ਜਿਥੇ ਨਿਸ਼ਾਨ ਸਾਹਿਬ ਲਗਾ ਹੋਇਆ ਦੂਰੋਂ ਦਿਸਦਾ ਸੀ। ਅਸੀਂ ਇਸ ਨੂੰ ਗੁਰਦਵਾਰਾ ਸਮਝਿਆ। ਪਰ ਨੇੜੇ ਜਾ ਕੇ ਪਤਾ ਲਗਾ ਕਿ ਗੁਰਦਵਾਰਾ ਤਾਂ ਦੂਜੇ ਬਨੇ ਹੈ ਤੇ ਇਹ ਉਹ ਅਸਥਾਨ ਹੈ ਜਿਥੇ ਜੰਗ ਹੋਇਆ ਸੀ। ਗੁਰਦਵਾਰਾ ਉਸ ਥਾਂ ਉਤੇ ਬਣਿਆ ਹੋਇਆ ਸੀ ਜਿਥੇ ਗੁਰੂ ਸਾਹਿਬ ਦਾ ਕੈਂਪ ਸੀ। ਗੁਰਦਵਾਰੇ ਦੇ ਦਵਾਲੇ ਮੱਕੀ ਦੇ ਖੇਤ ਆਮ ਸਨ। ਅਸਾਂ ਸਵੇਰ ਦੀ ਰੋਟੀ ਨਹੀਂ ਖਾਧੀ ਸੀ ਤੇ ਹੁਣ ਕੁਵੇਲਾ ਹੋਣ ਕਰਕੇ ਰੋਟੀ ਪਕੀ ਹੋਈ ਨਹੀਂ ਸੀ। ਅਸੀਂ ਛਲੀਆਂ ਭੁਨਾ ਕੇ ਚਬੀਆਂ। ਗ੍ਰੰਥੀ ਜੀ ਬਹੁਤੇ ਸ਼ਰੀਫ ਆਦਮੀ ਸੀ। ਉਸ ਨੇ ਰਾਤ ਨੂੰ ਭੀ ਸਾਡੀ ਸੇਵਾ ਕੀਤੀ ਤੇ ਅਸੀਂ ਦੂਜੇ ਦਿਨ ਪਰਸ਼ਾਦ ਛਕ ਕੇ ਉਥੋਂ ਟੁਰੇ ਕਿਉਂਕਿ ਪਹਿਲੇ ਦਿਨ ਦੀ ਭੁੱਖ ਤੋਂ ਸਾਨੂੰ ਸਬਕ ਮਿਲ ਚੁਕਾ ਸੀ। ਮੁੜਦੀ ਵੇਰਾਂ ਗਿਰੀ ਲੰਘਨ ਵੇਲੇ ਮੈਂ ਭਰਲੇ ਨਾਲ ਉਸ ਤਰ੍ਹਾਂ ਲਟਕਿਆ ਸਾਂ ਜਿਸ ਤਰ੍ਹਾਂ ਅਰਜਨ ਸਿੰਘ ਜੀ ਲਟਕੇ ਸਨ। ਪਰ ਮਜ਼ਦੂਰੀ ਮੈਨੂੰ ਭੀ ਕੋਈ ਨਾ ਮਿਲੀ।

ਪਟਿਆਲਵੀ ਜਾਸੂਸਾਂ ਦੇ ਦਰਸ਼ਨਾਂ ਦੇ ਅਸੀਂ ਬੜੇ ਚਾਹਵਾਨ ਹਾਂ ਪਰ ਉਡ ਗਏ ਸ਼ਿਕਾਰ ਦਾ ਦੂਜੀ ਵੇਰ ਜਾਲ ਵਿਚ ਆ ਫਸਣਾ ਔਖਾ ਹੈ।

## ਪੌਂਟਾ ਸਾਹਿਬ ੫-੯-੧੯੩੪

ਮੇਰੀ ਬੰਦੂਕ ਜੋ ਮਾਲ ਖ਼ਾਨੇ ਵਿਚ ਪਈ ਹੈ ਉਸ ਦੀ ਜ਼ਬਤੀ ਦੀ ਆਖ਼ਰੀ ਤਰੀਕ ੪ ਅਕਤੂਬਰ ਹੈ। ਅਸੀਂ ਸਲਾਹ ਕੀਤੀ ਹੈ ਕਿ ਅਸੀਂ ਦੋਵੇਂ ਰਾਤ ਦੀ ਗਡੀ ਸਹਾਰਨਪੁਰੋਂ ਚੜ੍ਹਕੇ ਸਵੇਰੇ ਪੰਜ ਵਜੇ ਸ੍ਰੀ ਅੰਮ੍ਰਿਤਸਰ ਪੁਜ ਜਾਈਏ। ਉਥੋਂ ਚੁਪ ਕੀਤੇ ਖ਼ਾਲਸਾ



Digitized by Panjab Digital Library | www.panjabdigilib.org

ਕਾਲਜ ਚਲੀਏ। ਦਿਨ ਨੂੰ ਕਚਹਿਰੀ ਵਿਚ ਪੇਸ਼ ਹੋ ਕੇ ਮੈਂ ਚੁਪ ਕੀਤਾ ਹੀ ਮੁੜ ਆਵਾਂ। ਬਸ ਕੇਵਲ ਉਸ ਕਿਸੇ ਨੂੰ ਪਤਾ ਲਗੇ ਜੋ ਮੈਨੂੰ ਕਚਹਿਰੀ ਵਿਚ ਮਿਲੇ ਤੇ ਬਾਕੀ ਦੇ ਸਜਣ ਮੇਰੇ ਟੁਰ ਆਉਣ ਮਗਰੋਂ ਮੇਰੇ ਉਥੇ ਅਪੜਨ ਦੀ ਖਬਰ ਸੁਣਨ। ਇਸ ਕਰ ਕੇ ਅਸੀਂ ੯ ਤਰੀਕ ਇਥੋਂ ਟੁਰ ਕੇ ਰਾਤ ਨੂੰ ਸਹਾਰਨ ਪੁਰ ਅਪੜ ਕੇ ਰਾਤ ਦੀ ਗਡੀ ਚੜ੍ਹਕੇ ੧੦ ਤਰੀਕ ਸਵੇਰ ਨੂੰ ਅੰਮ੍ਰਤਸਰ ਪੁਜ ਜਾਵਾਂਗੇ।

## ਹਰਪਟ ਬਜ਼ਾਰ ੧੪-੯-੧੯੩੪

ਪਿਛੇ ਬਣੀ ਸਲਾਹ ਮੁਤਾਬਕ ਮੈਂ ਸਰਦਾਰ ਅਰਜਨ ਸਿੰਘ ਜੀ ਦੇ ਨਾਲ ਸਹਾਰਨ ਪੁਰ ਤਕ ਆਇਆ। ਪਰ ਰਾਹ ਵਿਚ ਮੇਰੀ ਸਲਾਹ ਬਦਲ ਗਈ। ਮੈਨੂੰ ਖ਼ਿਆਲ ਆਇਆ ਕਿ ਕਾਲਜ ਵਿਚ ਗਰਮੀਆਂ ਦੀਆਂ ਛੁਟੀਆਂ ਹਨ ਤੇ ਹੋ ਸਕਦਾ ਹੈ ਕਿ ਪਰੋਫੈਸਰ ਨਰਿੰਜਨ ਸਿੰਘ ਜੀ ਅੰਮ੍ਰਿਤਸਰ ਵਿਚ ਨਾ ਹੋਣ। ਫਿਰ ਬੰਦੂਕ ਲੈਣ ਵਿਚ ਔਖ ਹੋਵੇਗਾ। ਇਹ ਸੋਚ ਕੇ ਸਰਦਾਰ ਅਰਜਨ ਸਿੰਘ ਜੀ ਨੂੰ ਤਾਂ ਮੈਂ ਅੰਮ੍ਰਿਤਸਰ ਟੋਰ ਦਿੱਤਾ ਤੇ ਆਪ ਹਰਪਟ ਬਜ਼ਾਰ ਚਲਾ ਗਿਆ। ਸ: ਅਰਜਨ ਸਿੰਘ ਜੀ ਨੇ ਮੈਨੂੰ ਹਰਪਟ ਬਜ਼ਾਰ ਖਬਰ ਦੇਣੀ ਸੀ ਕਿ ਪਰੋਫੈਸਰ ਨਰਿੰਜਨ ਸਿੰਘ ਜੀ ਅੰਮ੍ਰਿਤਸਰ ਵਿਚ ਹਨ ਕਿ ਨਹੀਂ ਤੇ ਮੈਂ ਕਦ ਅੰਮ੍ਰਿਤਸਰ ਆਵਾਂ। ਮੈਨੂੰ ਅਜ ਖ਼ਬਰ ਮਿਲੀ ਹੈ ਕਿ ਪਰੋਫੈਸਰ ਨਰਿੰਜਨ ਸਿੰਘ ਜੀ ਅੰਮ੍ਰਿਤਸਰ ਨਹੀਂ ਹਨ ਤੇ ਮੈਂ ਕਲ ਸਵੇਰੇ ਇਥੋਂ ਪੌਂਟਾ ਸਾਹਿਬ ਚਲਾ ਜਾਵਾਂਗਾ।

ਇਸ ਥਾਂ ਮੇਰੇ ਨਾਲ ਚੰਗਾ ਤਮਾਸ਼ਾ ਹੋਇਆ ਹੈ। ਮੈਂ ਇਥੇ ਇਕ ਗ਼ਰੀਬ ਆਦਮੀ ਕੋਲ ਰਹਿੰਦਾ ਸਾਂ ਜੋ ਮੈਨੂੰ ਰੋਟੀ ਪਕਾ ਦੇਂਦਾ ਸੀ। ਸਵੇਰੇ ਰੋਟੀ ਖਾ ਕੇ ਮੈਂ ਬਾਹਿਰ ਜੰਗਲ ਵਿਚ ਚਲਾ ਜਾਂਦਾ ਸਾਂ। ਕਲ ਮੈਂ ਇਕ ਨਾਲੇ ਵਿਚ ਛਾਵੇਂ ਬੈਠਾ ਪੜ੍ਹ ਰਿਹਾ ਸਾਂ। ਇਸ ਨਾਲੇ ਵਿਚ ਪਾਣੀ ਨਹੀਂ ਵਗਦਾ ਸੀ। ਕੇਵਲ ਬਾਰਸ਼ ਉਤੇ ਹੀ ਇਹ ਨਾਲਾ ਵਗਦਾ ਹੈ। ਪਰ ਕਿਸੇ ਕਿਸੇ ਥਾਂ ਨਾਲੇ ਵਿਚ ਛਪੜ



Digitized by Panjab Digital Library | www.panjabdigilib.org

ਲਗ ਜਾਂਦੇ ਹਨ । ਇਹ ਇਲਾਕਾ ਬਹੁਤ ਸਰਸਬਜ਼ ਹੈ ਤੇ ਨਾਲੇ ਦੇ ਦੋਹੀਂ ਪਾਸੀਂ ਖੂਬ ਸੰਘਨੇ ਬੇਲ ਬੂਟੇ ਉਗੇ ਹੋਏ ਹਨ ਜਿਨ੍ਹਾਂ ਦੀ ਛਾਂ ਨਾਲੇ ਵਿਚ ਪੈਂਦੀ ਹੈ । ਨਾਲੇ ਵਿਚ ਗੋਲ ਸਾਫ ਪੱਥਰ ਹਨ ਜਿਨਾਂ ਉਤੇ ਬੈਠ ਸਕੀਦਾ ਹੈ । ਮੈਂ ਇਹਨਾਂ ਕੰਢੇ ਦੇ ਬੇਲ ਬੂਟਿਆਂ ਦੀ ਛਾਂਵੇਂ ਨਾਲੇ ਦੇ ਪੱਥਰਾਂ ਉਤੇ ਬੈਠਾ ਪੜ੍ਹ ਰਿਹਾ ਸਾਂ । ਕੋਲ ਹੀ ਇਕ ਛਪੜੀ ਸੀ । ਇਸ ਛਪੜੀ ਵਿਚ ਇਕ ਮਹਿੰ ਬੈਠੀ ਹੋਈ ਸੀ । ਕੰਢੇ ਦੇ ਬੇਲ ਬੂਟਿਆਂ ਵਿਚੋਂ ਇਕ ਡੱਡੀ ਉਤੇ ਇਕ ਸਪ ਨੇ ਝਪਟ ਮਾਰੀ । ਸਪ ਨੇ ਡੱਡੀ ਫੜ ਲਈ ਪਰ ਉਸ ਝਪਟ ਦੇ ਜ਼ੋਰ ਨਾਲ ਉਹ ਨਾਲੇ ਵਿਚ ਮੇਰੇ ਕੋਲ ਆਣ ਡਿਗੀ । ਮੈਂ ਝਟ ਪਰੇ ਹੋ ਗਿਆ ਤੇ ਸਪ ਨੂੰ ਇਕ ਪੱਥਰ ਚੁਕ ਕੇ ਮਾਰਿਆ । ਪੱਥਰ ਸਪ ਨੂੰ ਨਾਂ ਲਗਾ ਤੇ ਉਹ ਡੱਡੀ ਛਡ ਕੇ ਇਕ ਬਿਰਛ ਦੀ ਜੜ੍ਹ ਹੇਠਾਂ ਜਾ ਲੁਕਿਆ । ਮੈਂ ਤਾੜ ਲਿਆ ਤੇ ਦੂਜਾ ਪੱਥਰ ਸਪ ਦੇ ਸਿਰ ਉਤੇ ਮਾਰਿਆ । ਸਪ ਤਾਂ ਮਰ ਗਿਆ ਤੇ ਮੈਂ ਫਿਰ ਸ਼ਾਂਤੀ ਨਾਲ ਬੈਠ ਗਿਆ ਪਰ ਜ਼ਰਾ ਅਗਾਂਹ ਹੋ ਕੇ ਬੈਠਾ ਤਾਕਿ ਜੇ ਫਿਰ ਕੋਈ ਸਪ ਕੰਢੇ ਉਤੇ ਡਿਗੇ ਤਾਂ ਮੇਰੇ ਲਾਗੇ ਨਾ ਡਿਗੇ ।

ਥੋੜੇ ਚਿਰ ਨੂੰ ਇਕ ਬਾਰਾਂ ਤੇਰਾਂ ਸਾਲਾਂ ਦਾ ਮੁੰਡਾ ਆਇਆ ਤੇ ਮੁੜ ਗਿਆ । ਮੈਂ ਕੋਈ ਖ਼ਿਅਾਲ ਨਾ ਕੀਤਾ ਕਿ ਕਿਉਂ ਆਇਆ ਹੈ ਤੇ ਕਿਉਂ ਮੁੜਿਆ ਹੈ । ਕੋਈ ਅੱਧੇ ਘੰਟੇ ਮਗਰੋਂ ਇਕ ਆਦਮੀ ਆਇਆ ਤੇ ਮੇਰੇ ਕੋਲ ਆ ਕੇ ਮੈਨੂੰ ਪੁਛਣ ਲਗਾ ਕਿ ਤੁਸੀਂ ਕਿਉਂ ਇਥੇ ਬੈਠੇ ਹੋ । ਮੈਂ ਯੋਗ ਉਤਰ ਦਿੱਤੇ । ਫਿਰ ਉਹ ਕਹਿਣ ਲਗ ਕਿ ਲਾਗੇ ਦੇ ਪਿੰਡਾਂ ਵਿਚ ਇਹ ਗਲ ਆਮ ਖਿਲਰੀ ਹੋਈ ਹੈ ਕਿ ਇਸ ਨਾਲੇ ਵਿਚ ਦਿਓ ਪੈਂਦਾ ਹੈ । ਮੁੰਡਾ ਮਹਿੰ ਮੋੜਨ ਆਇਆ ਸੀ । ਉਹ ਤੁਹਾਨੂੰ ਵੇਖ ਕੇ ਮੁੜ ਗਿਆ ਹੈ । ਕਹਿੰਦਾ ਹੈ ਕਿ ਨਾਲੇ ਵਿਚ ਮੈਂ ਦੇਓ ਬੈਠਾ ਦੇਖ ਆਇਆ ਹਾਂ, ਉਸ ਦਿਓ ਕੋਲ ਤਲਵਾਰ ਹੈ ਤੇ ਉਸ ਦੀ ਵਡੀ ਵਡੀ ਦਾੜ੍ਹੀ ਹੈ ਤੇ ਸਿਰ ਤੇ ਲੰਮੇ



Digitized by Panjab Digital Library | www.panjabdigilib.org

ਵਾਲ ਇਕੱਠੇ ਕਰ ਕੇ ਉਸ ਬਧੇ ਹੋਏ ਹਨ। ਮੇਰਾ ਮੁੰਡਾ ਤੁਹਾਨੂੰ ਦੇਖ ਕੇ ਡਰ ਗਿਆ ਹੈ ਤੇ ਉਸ ਨੂੰ ਤਾਪ ਚੜ੍ਹ ਗਿਆ ਹੈ। ਤੁਸੀਂ ਚਲੋ, ਉਸ ਨੂੰ ਤਸੱਲੀ ਦੇਵੋ ਤੇ ਉਸ ਦਾ ਡਰ ਲਾਹ ਜਾਵੋ। ਮੈਂ ਕਿਹਾ, ਮੈਂ ਚਲਣ ਨੂੰ ਤਿਆਰ ਹਾਂ ਪਰ ਹੋ ਸਕਦਾ ਹੈ ਕਿ ਉਹ ਮੁੰਡਾ ਮੈਨੂੰ ਦੇਖ ਕੇ ਹੋਰ ਡਰ ਜਾਏ। ਉਹ ਸਮਝੇ ਕਿ ਦੇਓ ਮੇਰੇ ਮਗਰ ਘਰ ਭੀ ਆ ਪੁਜਾ ਹੈ ਤੇ ਅਚਨਚੇਤ ਡਰ ਨਾਲ ਉਸਨੂੰ ਹੋਰ ਕੁਝ ਨਾ ਹੋ ਜਾਏ। ਪਹਿਲਾਂ ਮੁੰਡੇ ਨਾਲ ਗਲ ਕਰ ਲਵੋ ਤੇ ਜੇ ਲੋੜ ਹੋਵੇ ਤਾਂ ਮੈਨੂੰ ਬਜ਼ਾਰ ਦੇ ਪਰਲੇ ਪਾਸੇ ਦੀ ਦੁਕਾਨ ਤੋਂ ਸਦ ਲੈਣਾ, ਉਹ ਆਦਮੀ ਚਲਾ ਗਿਆ ਤੇ ਮੁੜ ਨਾ ਆਇਆ।

ਇਹ ਗਲ ਤਾਂ ਕਲ ਵਰਤੀ ਸੀ। ਅਜ ਮੈਂ ਇਹ ਸੋਚਿਆ ਕਿ ਇਸ ਤਰ੍ਹਾਂ ਇਕਾਂਤ ਵਿਚ ਬੈਠਣਾਂ ਠੀਕ ਨਹੀਂ ਹੈ। ਕਿਧਰੇ ਇਹ ਜਿਨਾਂ ਦਾ ਜਨ ਕਰਨ ਵਾਲੇ ਪਹਾੜੀ ਜਿਨ ਉਲਟੇ ਮੈਨੂੰ ਹੀ ਨਾ ਚਮੜ ਪੈਣ। ਅਜ ਮੈਂ ਪੌਂਟੇ ਸਾਹਿਬ ਵਲ ਜਾਣ ਵਾਲੀ ਕੱਚੀ ਸੜਕ ਦੇ ਲਾਗੇ ਹੀ ਇਕ ਟਾਹਲੀ ਦੇ ਦਰਖ਼ਤ ਹੇਠਾਂ ਜਾ ਬੈਠਾ। ਮੈਂ ਹੱਥ ਵਿਚ ਮਾਲਾ ਲਈ ਬੈਠਾਂ ਸਾਂ। ਉਧਰੋਂ ਇਕ ਸਿੰਘ ਤੇ ਉਸਦੀ ਸਿੰਘਣੀ ਆ ਕੇ ਮੇਰੇ ਕੋਲੋਂ ਲੰਘੇ। ਮੈਨੂੰ ਕੁਝ ਪਤਾ ਨਾ ਸੀ। ਪਰੇ ਇਕ ਬਿਰਛ ਹੇਠਾਂ ਸਿੰਘਣੀ ਨੂੰ ਬਿਠਾਕੇ ਸਿੰਘ ਮੇਰੇ ਕੋਲ ਆ ਗਿਆ। ਆ ਕੇ ਉਹ ਸਿੰਘ ਮੈਨੂੰ ਕਹਿਣ ਲੱਗਾ ਕਿ ਤੁਹਾਡੇ ਗੋਚਰਾਂ ਇਕ ਕੰਮ ਹੈ। ਮੈਂ ਹੈਰਾਨ ਹੋ ਗਿਆ ਕਿ ਇਥੇ ਪਰਦੇਸ ਵਿਚ ਬੈਠਿਆਂ ਇਕ ਨਾਵਾਕਫ਼ ਨੂੰ ਮੇਰੇ ਗੋਚਰਾ ਕੀ ਕੰਮ ਪੈ ਗਿਆ ਹੈ। ਮੈਂ ਹੈਰਾਨ ਹੋ ਕੇ ਕਿਹਾ ਹੁਕਮ ਕਰੋ।

ਉਹ ਸਿੰਘ ਬੋਲਿਆ—ਤੁਸੀਂ ਭੂਤ ਵਿਦਿਆ ਜਾਣਦੇ ਹੋ।

ਮੈਂ—ਨਹੀਂ ਮੈਨੂੰ ਤਾਂ ਕੁਝ ਪਤਾ ਨਹੀਂ ਹੈ।

ਸਿੰਘ—ਮੇਰੀ ਸਿੰਘਣੀ ਨੂੰ ਇਕ ਸ਼ਹੀਦ ਸਿੰਘ ਪੈਂਦਾ ਹੈ। ਉਹ ਔਹ ਬੈਠੀ ਹੈ। ਇਸ ਵੇਲੇ ਉਸਨੂੰ ਪਿਆ ਹੋਇਆ ਹੈ। ਤੁਸੀਂ



Digitized by Panjab Digital Library | www.panjabdigilib.org

ਚਲਕੇ ਵੇਖੋ ਤੇ ਕੋਈ ਇਲਾਜ ਕਰੋ। ਮੈਨੂੰ ਉਸ ਨੇ ਤੁਹਾਨੂੰ ਬੁਲਾਣ ਲਈ ਘਲਿਆ ਹੈ।

ਮੈਂ-ਮੈਂ ਤਾਂ ਕੁਝ ਜਾਣਦਾ ਨਹੀਂ ਹਾਂ। ਮੈਂ ਵੇਖਾਂਗਾ ਕੀ ਤੇ ਇਲਾਜ ਕੀ ਕਰਾਂਗਾ।

ਸਿੰਘ—ਚਲੋ ਤਾਂ ਸਹੀ, ਚਲ ਕੇ ਵੇਖੋ ਤਾਂ ਸਹੀ।

ਮੈਂ ਚਲਾ ਗਿਆ, ਉਥੇ ਜਾ ਕੇ ਉਸ ਸਿੰਘ ਨੇ ਮੈਨੂੰ ਕਿਹਾ ਕਿ ਮੈਂ ਉਸ ਸ਼ਹੀਦ ਸਿੰਘ ਨੂੰ ਬੁਲਾਵਾਂ। ਮੈਂ ਫਿਰ ਕਿਹਾ ਕਿ ਮੈਂ ਜਾਣਦਾ ਕੁਝ ਨਹੀਂ ਹਾਂ। ਆਖ਼ਰ ਉਸ ਸਿੰਘ ਦੇ ਜ਼ੋਰ ਦੇਣ ਉਤੇ ਮੈਂ ਉਸ ਨੂੰ ਕਾਗਜ਼ ਤੇ ਮੂਲ ਮੰਤ੍ਰ ਲਿਖ ਕੇ ਦਿੱਤਾ ਜੋ ਉਸ ਨੇ ਸਿੰਘਣੀ ਦੇ ਗਲ ਨਾਲ ਬੰਨ੍ਹਣਾ ਸੀ। ਮੈਂ ਇਹੋ ਜਿਹੇ ਟੂਣਿਆਂ ਤੇ ਵਹਿਮਾਂ ਦੇ ਵਿਰੁਧ ਹਾਂ ਪਰ ਇਸ ਵੇਲੇ ਵਹਿਮ ਨੂੰ ਕਟਣ ਲਈ ਵਹਿਮ ਦੀ ਓਟ ਹੀ ਲੈਣੀ ਪਈ। ਜੰਤਰ ਲੈ ਕੇ ਉਸ ਸਿੰਘ ਨੇ ਆਪ ਹੀ ਸ਼ਹੀਦ ਸਿੰਘ ਨੂੰ ਪੁੱਛਣਾ ਸ਼ੁਰੂ ਕਰ ਦਿੱਤਾ। ਮੇਰਾ ਝਕ ਭੀ ਲਹਿ ਗਿਆ ਤੇ ਮੈਂ ਭੀ ਪੁਛਣ ਲਗ ਪਿਆ। ਸਿੰਘ ਤੋਂ ਮੈਂ ਪਹਿਲਾਂ ਹੀ ਸੁਣ ਚੁਕਾ ਸਾਂ ਕਿ ਉਹ ਸਿੰਘਣੀ ਧਰਮ ਨਾਲ ਬਹੁਤ ਪ੍ਰੇਮ ਰਖਦੀ ਹੈ। ਗੁਰਦਵਾਰੇ ਰੋਜ਼ ਸਵੇਰੇ ਝਾੜੂ ਦੇਂਦੀ ਹੈ ਤੇ ਹੋਰ ਭੀ ਸੇਵਾ ਕਰਦੀ ਹੈ। ਮੈਂ ਤਾੜ ਲਿਆ ਸੀ ਕਿ ਇਹ ਨਸ਼ਾਨੀਆਂ ਦਸਦੀਆਂ ਹਨ ਕਿ ਸਿੰਘਣੀ ਦੇ ਦਿਮਾਗ਼ ਉਤੇ ਅਸਰ ਹੈ। ਇਹ ਜਾਣਦਿਆਂ ਹੋਇਆ ਮੈਂ ਉਸ ਸਿੰਘਣੀ ਤੋਂ ਜਾਂ ਸ਼ਹੀਦ ਸਿੰਘ ਤੋਂ ਪੁੱਛਿਆ :—ਅਜ ਤੁਸੀਂ ਕਿਉਂ ਆਏ ਹੋ।

ਸ਼ਹੀਦ ਸਿੰਘ—ਤੁਹਾਡੇ ਦਰਸ਼ਨ ਨੂੰ।

ਮੈਂ—ਮੇਰੇ ਦਰਸ਼ਨ ਨੂੰ।

ਸ਼ਹੀ. ਸਿੰਘ—ਹਾਂ ਤੁਹਾਡੇ ਦਰਸ਼ਨ ਨੂੰ ਮੈਂ ਤੁਹਾਡਾ ਛੋਟਾ ਭਰਾ ਹਾਂ।

ਮੈਂ...ਤੁਸੀਂ ਕਿਥੇ ਸ਼ਹੀਦ ਹੋਏ ਸੀ।



Digitized by Panjab Digital Library | www.panjabdigilib.org

ਸ਼ਹੀਦ ਸਿੰਘ—ਭੰਗਾਣੀ ਸਾਹਿਬ।

ਮੈਂ—ਤੁਹਾਡਾ ਨਾਮ ਕੀ ਹੈ ?

ਸ਼ਹੀਦ ਸਿੰਘ—ਮੇਰਾ ਨਾਮ ਤਾਰਾ ਸਿੰਘ ਹੈ।

ਮੈਂ—ਮੇਰਾ ਨਾਮ ਭੀ ਤਾਰਾ ਸਿੰਘ ਹੈ। ਚੰਗਾ, ਹੁਣ ਤੁਸੀਂ ਇਸ ਡੋਲੀ ਨੂੰ ਛੋੜ ਜਾਓ।

ਸ਼ਹੀਦ ਸਿੰਘ—ਚੰਗਾ, ਜਿਸ ਤਰ੍ਹਾਂ ਤੁਸੀਂ ਕਹੋ। ਪਰ ਹਰ ਛੇਵੇਂ ਮਹੀਨੇ ਇਹ ਇਕ ਸਿੰਘ ਨੂੰ ਪਰਸ਼ਾਦ ਛਕਾਇਆ ਕਰੇ।

ਮੈਂ—ਚੰਗਾ, ਇਹ ਗਲ ਪੱਕੀ ਹੋਈ।

ਸ਼ਹੀਦ ਸਿੰਘ—ਚੰਗਾ ਫਿਰ ਮੈਂ ਜਾਂਦਾ ਹਾਂ।

ਸਿੰਘਣੀ ਹੋਸ਼ ਵਿਚ ਆ ਗਈ ਤੇ ਦਸਿਆ ਕਿ ਜਦ 'ਮੈਂ ਤੁਹਾਨੂੰ ਮਾਲਾ ਫੜਿਆਂ ਹੋਇਆਂ ਵੇਖਿਆ ਤਾਂ ਮੈਨੂੰ ਝੰਜੂਨੀ ਜੇਹੀ ਆਈ ਤੇ 'ਸ਼ਹੀਦ ਸਿੰਘ' ਵਾਲਾ ਦੌਰਾ ਆ ਪਿਆ। ਫਿਰ ਉਹ ਦੋਵੇਂ ਉਥੋਂ ਤੁਰ ਪਏ ਤੇ ਮੈ ਹਰਪਟ ਬਜ਼ਾਰ ਨੂੰ ਆ ਗਿਆ।

ਆ ਕੇ ਮੈਨੂੰ ਸ੍ਰ: ਅਰਜਨ ਸਿੰਘ ਜੀ ਦੀ ਚਿੱਠੀ ਭੀ ਮਿਲ ਗਈ ਹੈ ਕਿ ਪਰੋਫੈਸਰ ਨਰਿੰਜਨ ਸਿੰਘ ਅੰਮ੍ਰਿਤਸਰ ਨਹੀਂ ਹਨ। ਇਸ ਕਰ ਕੇ ਮੈਂ ਕਲ ਸਵੇਰੇ ਪੌਂਟੇ ਸਾਹਿਬ ਜਾਵਾਂਗਾ।

ਇਥੇ ਚਾਹ ਬਹੁਤ ਹੁੰਦੀ ਹੈ। ਨਾਲੇ ਕੇਲੇ ਤੇ ਅਮਰੂਦਾਂ ਦੇ ਬਾਗ਼ ਹਨ। ਅਮਰੂਦ ਖ਼ੂਬ ਮੋਟੇ ਤੇ ਮਿਠੇ ਹਨ। ਇਕ ਪੈਸੇ ਦੇ ਪੰਜ ਮੈਂ ਲਏ ਹਨ। ਜੋ ਬਹੁਤ ਸਵਾਦੀ ਹਨ। ਹਰੀ ਛਾਲ ਕੇਲਾ ਇਥੇ ਚੰਗਾ ਮੋਟਾ ਪੈਸੇ ਪੈਸੇ ਮਿਲਦਾ ਹੈ। ਮੈਂ ਕੁਝ ਕੱਚੇ ਕੇਲੇ ਪੌਂਟੇ ਸਾਹਿਬ ਲਿਜਾਣ ਲਈ ਖ਼ਰੀਦੇ ਹਨ। ਪੌਂਟੇ ਸਾਹਿਬ ਭੀ ਅਮਰੂਦ ਮਿਲਦਾ ਹੈ ਪਰ ਕੇਲਾ ਨਹੀਂ ਮਿਲਦਾ।

## ਪੌਂਟਾ ਸਾਹਿਬ, ੨੧-੯-੧੯੩੮

ਮੈਂ ਪੌਂਟਾ ਸਾਹਿਬ ਪੰਜ ਛੇ ਦਿਨ ਤੋਂ ਅਪੜ ਚੁਕਾ ਹਾਂ। ਕਲ ਮੈਂ ਇਥੇ ਇਕ ਜੰਗਲ ਵਿਚ ਸ਼ਿਕਾਰ ਖੇਡਣ ਗਿਆ



Digitized by Panjab Digital Library | www.panjabdigilib.org

ਸੀ । ਇਕ ਸਜਣ ਕੋਲ ਦੋ ਬੰਦੂਕਾਂ ਸਨ ਉਹ ਮੈਨੂੰ ਨਾਲ ਲੈ ਗਿਆ ਸੀ । ਜੰਗਲ ਦੇ ਵਿਚ ਜਾ ਕੇ ਸ਼ਿਕਾਰ ਖੇਡਨਾ ਬੰਦ ਹੈ, ਪਰ ਜੰਗਲ ਦੇ ਕੰਢੇ ਜ਼ਿਮੀਂਦਾਰਾਂ ਦੇ ਖੇਤਾਂ ਵਿਚ ਸ਼ਿਕਾਰ ਦੀ ਖੁਲ੍ਹ ਹੈ । ਪਰ ਜੋ ਸਜਣ ਮੈਨੂੰ ਸ਼ਿਕਾਰ ਲਈ ਨਾਲ ਲੈ ਗਿਆ ਸੀ, ਉਹ ਖੁਲ੍ਹ ਵਾਲੀ ਹੱਦ ਟਪ ਕੇ ਅੰਦਰ ਚਲਾ ਗਿਆ ਸੀ । ਮੈਂ ਵੀ ਨਾਲ ਸਾਂ । ਇਕ ਥਾਂ ਸਾਨੂੰ ਚਿੱਤਰਾਂ (ਹਿਰਨ ਦੀ ਕਿਸਮ) ਮਿਲੀਆਂ ਪਰ ਮੈਂ ਉਹਨਾਂ ਦੀ ਆਦਤ ਤੋਂ ਜਾਣੂ ਨਾ ਸਾਂ ਤੇ ਉਹ ਭਜ ਗਈਆਂ । ਫਿਰ ਇਕ ਮਾਹ ਮਿਲਿਆ । ਇਹ ਹਿਰਨ ਤੋਂ ਬਹੁਤ ਵਡਾ ਹੁੰਦਾ ਹੈ । ਇਸ ਨੂੰ ਪਹਿਲੇ ਫ਼ਾਇਰ ਨਾਲ ਅਸੀਂ ਜ਼ਖਮੀ ਕਰ ਲਿਆ, ਪਰ ਇਹ ਭਜ ਗਿਆ । ਥੋੜੀ ਦੂਰ ਜਾ ਕੇ ਇਹ ਖੜਾ ਹੋ ਗਿਆ । ਦੂਜਾ ਫ਼ਾਇਰ ਕੀਤਾ ਤਾਂ ਉਹ ਖਾਲੀ ਚਲਾ ਗਿਆ ਫਿਰ ਇਹ ਭਜਾ, ਪਰ ਅਗੇ ਦੂਜਾ ਬੰਦੂਕਚੀ ਖੜਾ ਸੀ, ਉਸ ਨੇ ਫ਼ਾਇਰ ਕੀਤਾ ਤੇ ਇਹ ਫਿਰ ਜ਼ਖਮੀ ਹੋਇਆ । ਥੋੜੀ ਦੂਰ ਜਾ ਕੇ ਉਹ ਬੈਠ ਗਿਆ । ਅਸੀਂ ਨੇੜੇ ਗਏ ਕਿ ਹੁਣ ਮਰਦਾ ਹੈ, ਪਰ ਉਹ ਉਠ ਕੇ ਸਾਡੇ ਵਲ ਸਿੰਗ ਮਾਰਨ ਆਇਆ । ਇਸ ਵਿਚ ਤਾਕਤ ਨਹੀਂ ਸੀ ਤੇ ਇਹ ਦੌੜ ਨਹੀਂ ਸਕਦਾ ਸੀ । ਕੇਵਲ ਤੁਰ ਕੇ ਹੀ ਸਾਡੇ ਵਲ ਆਉਂਦਾ ਸੀ ।ਫਿਰ ਚੌਥਾ ਫਾਇਰ ਕਰਨਾ ਪਿਆ ਤੇ ਇਹ ਡਿਗਾ । ਹੁਣ ਜੰਗਲ ਵਿਚ ਅਸੀਂ ਤਿੰਨ ਆਦਮੀ ਸੀ । ਮਾਹ ਦੀ ਖਲ ਅਸਾਂ ਲਾਹੀ ਤੇ ਚੰਗੇ ਚੰਗੇ ਹਿੱਸੇ ਨਾਲੋਂ ਕੋਈ ਦੋ ਮਣ ਪਕਾ ਮਾਸ ਅਸਾਂ ਵਢ ਲਿਆ । ਅਧਾ ਤਾਂ ਇਕ ਸਜਣ ਨੇ ਚਾਦਰ ਵਿਚ ਬੰਨ੍ਹ ਕੇ ਚੁਕਿਆ ਜੋ ਸਾਡੇ ਵਿਚੋਂ ਤਕੜਾ ਸੀ । ਅਧਾ ਅਸਾਂ ਖੱਲ ਵਿਚ ਲਪੇਟਿਆ ਤੇ ਲਗੇ ਬੂਟਿਆਂ ਦੇ ਛਿਲ ਨਾਲ ਉਸ ਨੂੰ ਲਪੇਟ ਕੇ ਬੰਨ ਦਿੱਤਾ । ਬਾਕੀ ਸਾਰਾ ਮਾਸ ਉਥੇ ਹੀ ਪਿਆ ਰਿਹਾ । ਸਾਰਾ ਮਾਸ ਕੋਈ ਪੰਜ ਛੇ ਮਣ ਹੋਵੇਗਾ । ਕਿਰਪਾਨ ਨਾਲ ਇਕ ਬੂਟਾ ਵਢ ਲਿਆ । ਇਸ ਦੀ



Digitized by Panjab Digital Library | www.panjabdigilib.org

ਇਕ ਲਾਠੀ ਬਣਾ ਲਈ। ਹਰੀ ਛਿਲ ਨਾਲ ਉਸ ਮਾਸ ਨੂੰ ਇਸ ਲਾਠੀ ਦੇ ਵਿਚਕਾਰ ਬੰਨ੍ਹ ਲਿਆ ਤੇ ਅਸੀਂ ਦੋਵੇਂ ਲਾਠੀ ਦੇ ਸਿਰੇ ਮੋਢਿਆਂ ਉਤੇ ਰਖ ਕੇ ਟੁਰ ਪਏ। ਵਹਿੰਗੀ ਵਿਚ ਤਾਂ ਚੁਕਣ ਵਾਲਾ ਵਿਚਕਾਰ ਹੁੰਦਾ ਹੈ ਤੇ ਦੋਹੀਂ ਬਨੀ ਭਾਰ ਹੁੰਦਾ ਹੈ। ਪਰ ਸਾਡੀ ਵਹਿੰਗੀ ਵਿਚ ਭਾਰ ਵਿਚਕਾਰ ਸੀ ਤੇ ਚੁਕਣ ਵਾਲੇ ਦੋਹੀਂ ਬੰਨੀ ਸਨ। ਅਸੀਂ ਸਵੇਰ ਦੇ ਟੁਰ ਟੁਰ ਕੇ ਥੱਕੇ ਹੋਏ ਸਾਂ, ਤਿਹ ਲਗੀ ਹੋਈ ਸੀ, ਇਹ ਭਾਰ ਸਾਥੋਂ ਚੁਕਿਆ ਨਾ ਜਾਏ। ਪੰਜਾਹ ਪੰਜਾਹ ਤੇ ਸੌ ਸੌ ਗਜ਼ ਦੀ ਵਿਥ ਉਤੇ ਮੋਢਾ ਬਦਲੀਏ ਅਤੇ ਥਾਂ ਥਾਂ ਭਾਰ ਭੁੰਜੇ ਰਖਕੇ ਸਾਹ ਲਈਏ। ਅਗੇ ਉਚੇ ਲੰਮੇ ਦਰਖ਼ਤਾਂ ਦੇ ਤਨਿਆਂ ਵਿਚ ਖੋਖ ਸਨ। ਜਿਨ੍ਹਾਂ ਵਿਚ ਮੀਂਹ ਦਾ ਪਾਣੀ ਜਮ੍ਹਾਂ ਸੀ। ਮੇਰੇ ਸਾਥੀ ਨੂੰ ਇਹ ਭੇਦ ਪਤਾ ਸੀ। ਮੀਂਹ ਹੋਇਆਂ ਮਹੀਨੇ ਤੋਂ ਉਪਰ ਹੋ ਚੁਕਾ ਹੈ। ਇਸ ਬਹੇ ਪਾਣੀ ਨੂੰ ਅਸੀਂ ਪੱਤਿਆਂ ਦੇ ਡੂਨੇ ਬਣਾ ਖੋਖ ਵਿਚੋਂ ਭਰ ਭਰ ਕੇ ਪੀਤਾ ਸੀ। ਪਾਣੀ ਕਾਲਾ ਸੀ, ਪਰ ਸਾਨੂੰ ਪੀਣ ਵਿਚ ਕੋਈ ਬਾਹਲਾ ਬੇਸਵਾਦਾ ਨਹੀਂ ਮਾਲੂਮ ਹੋਇਆ ਸੀ। ਇਸ ਤਰ੍ਹਾਂ ਔਖੇ ਸੌਖੇ ਸ਼ਾਮ ਦੇ ਚਾਰ ਵਜੇ ਦੇ ਕਰੀਬ ਆਪਣੇ ਡੇਰੇ ਪਿੰਡ ਲਾਗੇ ਅਪੜੇ। ਭੁਖ ਸਖ਼ਤ ਲਗੀ ਹੋਈ ਸੀ ਕਿਉਂਕਿ ਅਸੀਂ ਤਾਂ ਸਵੇਰੇ ਪੰਜ ਵਜੇ ਤੋਂ ਟੁਰੇ ਹੋਏ ਸਾਂ। ਉਸ ਵੇਲੇ ਮਕੀ ਦੀਆਂ ਛਲੀਆਂ ਨੇ ਖ਼ੂਬ ਸਵਾਦ ਦਿੱਤਾ।

ਅਗੇ ਭੀ ਮੈਂ ਕਈ ਵੇਰ ਸ਼ਿਕਾਰ ਵਿਚ ਇਸੇ ਤਰ੍ਹਾਂ ਥਕਦਾ ਹਾਂ। ਪਰ ਸ਼ਿਕਾਰ ਚੁਕ ਕੇ ਦੋ ਢਾਈ ਮੀਲ ਟੁਰਨ ਦਾ ਸਵਾਦ ਪਹਿਲੀ ਵੇਰਾਂ ਲੱਭਾ ਸੀ, ਜਿਸ ਕਰ ਕੇ ਲੱਤਾਂ ਦੇ ਨਾਲ ਹੀ ਮੋਢੇ ਭੀ ਥਕ ਗਏ ਸਨ। ਰਾਤ ਅਸੀਂ ਉਥੇ ਹੀ ਰਹੇ ਤੇ ਅਜ ਵਾਪਸ ਮੁੜੇ ਹਾਂ।

ਮੈਂ ੨੯ ਤਰੀਕ ਸਵੇਰੇ ਅੰਮ੍ਰਿਤਸਰ ਪੁਜ ਜਾਵਾਂਗਾ। ਗਡੀ ਮੂੰਹ ਹਨੇਰੇ ਪੌਣੇ ਪੰਜ ਪੁਜਦੀ ਹੈ। ਮੈਂ ਚੁਪ ਕੀਤਾ ਬਾਹਿਰ ਖ਼ਾਲਸਾ



Digitized by Panjab Digital Library | www.panjabdigilib.org

ਕਾਲਜ ਆ ਜਾਵਾਂਗਾ। ਸਵੇਰੇ ਅੰਦਰ ਹੀ ਰਹਾਂਗਾ ਤੇ ਦੁਪਹਿਰ ਨੂੰ ਕਚਹਿਰੀ ਜਾ ਕੇ ਮੈਜਿਸਟਰੇਟ ਦੇ ਬਿਆਨ ਦੇ ਕੇ ਜਿਸ ਵੇਲੇ ਭੀ ਵਿਹਲਾ ਹੋਵਾਂਗਾ ਉਸ ਵੇਲੇ ਮੁੜ ਆਵਾਂਗਾ।

## ਪੌਂਟਾ ਸਾਹਿਬ ੨੫-੯-੩੪

ਕਲ ਇਥੇ ਇਕ ਤਮਾਸ਼ਾ ਬਣ ਗਿਆ ਸੀ। ਗੁਰਦਵਾਰਾ ਪੌਂਟਾ ਸਾਹਿਬ ਦੇ ਐਨ ਸਾਹਮਣੇ ਦਰਿਆ ਦੇ ਪਰਲੇ ਕੰਢੇ ਇਕ ਮਾਹ ਉਤਲੇ ਜੰਗਲ ਵਿਚੋਂ ਆ ਨਿਕਲਿਆ। ਦਰਿਆ ਦੇ ਪਰਲੇ ਕੰਢੇ ਬੜਾ ਜੰਗਲ ਹੈ ਤੇ ਉਸ ਜੰਗਲ ਦੇ ਸ਼ੁਰੂ ਵਿਚ ਇਕ ਛੋਟਾ ਜਿਹਾ ਪਿੰਡ ਹੈ। ਇਸ ਪਿੰਡ ਦੇ ਦੋ ਕੁੱਤੇ ਉਸ ਮਾਹ ਦੇ ਮਗਰ ਪੈ ਗਏ। ਮਾਹ ਨੇ ਦਰਿਆ ਵਿਚ ਛਾਲ ਮਾਰ ਦਿੱਤੀ। ਕੁੱਤੇ ਭੀ ਮਗਰ ਹੀ ਆਏ। ਇਸ ਕੰਢੇ ਬਹੁਤ ਸਾਰੇ ਮੁੰਡੇ ਇਸ ਪਾਣੀ ਵਿਚ ਦੀ ਦੌੜ ਨੂੰ ਵੇਖ ਰਹੇ ਸਨ। ਅਗੇ ਅਗੇ ਮਾਹ ਤੁਰਿਆ ਆਉਂਦਾ ਸੀ ਤੇ ਮਗਰ ਮਗਰ ਕੁੱਤੇ। ਤੇ ਕੰਢੇ ਉਤੇ ਮੁੰਡੇ ਰੌਲਾ ਪਾ ਰਹੇ ਸਨ 'ਮਾਹ ਮਾਹ'। ਮੈਂ ਤੇ ਇਕ ਹੋਰ ਸਜਣ ਭੀ ਭਜੇ ਪਰ ਸਾਡਾ ਰਾਹ ਜ਼ਰਾ ਪਰਿਉਂ ਲਹਿੰਦਾ ਸੀ ਤੇ ਸਾਡੇ ਪੁਜਣ ਤੋਂ ਪਹਿਲਾਂ ਹੀ ਮਾਹ ਪੌਂਟਾ ਸਾਹਿਬ ਦੇ ਮੈਦਾਨ ਵਿਚ ਪੁਜ ਕੇ ਖੇਤਾਂ ਵਿਚ ਭਜ ਨਿਕਲਿਆ ਸੀ। ਇਕ ਕੁੱਤਾ ਇਸ ਦੇ ਮਗਰ ਹੀ ਗਿਆ ਸੀ ਤੇ ਦੂਜਾ ਮੁੜ ਆਇਆ ਸੀ। ਸਾਡੇ ਹਥੋਂ ਸ਼ਿਕਾਰ ਨਿਕਲ ਜਾਣ ਉਤੇ ਸਾਨੂੰ ਉਸ ਵਿਚਾਰੇ ਮਾਹ ਉਤੇ ਤਰਸ ਆਉਣ ਲਗ ਪਿਆ ਤੇ ਅਸੀਂ ਗੱਲਾਂ ਕਰਨ ਲਗ ਪਏ ਕਿ ਅਗਲੇ ਪਿੰਡੋਂ ਹੋਰ ਤਾਜ਼ੇ ਕੁੱਤੇ ਇਸ ਦੇ ਮਗਰ ਲਗ ਪੈਣਗੇ ਤੇ ਥਕੇ ਹੋਏ ਮਾਹ ਨੂੰ ਛੇਤੀ ਹੀ ਢਾਹ ਲੈਣਗੇ।

ਇਥੇ ਸ਼ਿਕਾਰ ਦੀ ਇਸ ਤਰ੍ਹਾਂ ਦੀ ਬਹੁਤਾਤ ਹੈ। ਸਵਾਦੀ ਗੱਲ ਇਹ ਹੈ ਕਿ ਪਰਲੇ ਪਾਸੇ ਦਾ ਜੰਗਲ ਅੰਗਰੇਜ਼ੀ ਇਲਾਕੇ ਵਿਚ ਹੈ ਤੇ ਇਹ ਰੀਜ਼ਰਵ ਹੈ। ਇਥੇ ਸ਼ਿਕਾਰ ਖੇਡਣ ਦੀ ਮਨਾਹੀ ਹੈ। ਇਧਰ ਰਿਆਸਤ ਦੇ ਇਲਾਕੇ ਵਿਚ ਭੀ ਆਪਣੇ ਖੇਤਾਂ ਬਿਨਾਂ ਸ਼ਿਕਾਰ



Digitized by Panjab Digital Library | www.panjabdigilib.org

ਮਾਰਨਾ ਬੰਦ ਹੈ। ਪਰ ਜਮਨਾ ਵਿਚ ਕਿਸੇ ਦਾ ਰਾਜ ਨਹੀਂ ਹੈ। ਜੇ ਅਸੀਂ ਮਾਹ ਨੂੰ ਪਾਣੀ ਵਿਚ ਫੜ ਲੈਂਦੇ ਤਾਂ ਦਸੋ ਕਿਸ ਸ਼ਕਾਰੀ ਕਾਨੂੰਨ ਹੇਠਾਂ ਅਸੀਂ ਸਰਕਾਰ ਦਾ ਸ਼ਿਕ਼ਾਰ ਬਣ ਸਕਦੇ ਸਾਂ ? ਕੋਈ ਆਰਡੀਨੈਂਸ ਜਾਰੀ ਕਰਨਾ ਪੈਂਦਾ। ਜਿਸ ਉਤੇ ਦਸਖ਼ਤ ਕਰਨ ਦੀ ਤਕਲੀਫ ਤਾਂ ਵਾਇਸਰਾਇ ਸਾਹਿਬ ਨੂੰ ਕਰਨੀ ਹੀ ਪੈਂਦੀ ਤੇ ਵਾਇਸਰਾਇ ਸਾਹਿਬ ਦੀ ਇਤਨੀ ਤਕਲੀਫ ਦੇ ਬਦਲੇ ਆਦਮੀ ਦੀ ਸਾਲ ਭਰ ਦੀ ਕੈਦ ਕੋਈ ਮਹਿੰਗਾ ਸੌਦਾ ਨਹੀਂ ਹੈ।

## ਅੰਮ੍ਰਿਤਸਰ ੨੯-੯-੩੪

ਅਜ ਮੈਂ ਸਵੇਰੇ ਅੰਮ੍ਰਿਤਸਰ ਪੁਜਾ ਹਾਂ। ਮੈਂ ਆਪਣੇ ਭਰਾ ਨੂੰ ਸਟੇਸ਼ਨ ਉਤੇ ਪੁਜਣ ਲਈ ਲਿਖਿਆ ਸੀ ਤੇ ਨਾਲ ਹੀ ਇਹ ਲਿਖਿਆ ਹੋਇਆ ਸੀ ਕਿ ਮੈਂ ਸਭ ਤੋਂ ਅਗਲੀ ਤੀਜੇ ਦਰਜੇ ਦੀ ਗਡੀ ਵਿਚ ਹੋਵਾਂਗਾ। ਉਸ ਗਡੀ ਉਤੇ ਕੋਈ ਸਜਣ ਮਿਤਰ ਤਾਂ ਮੈਨੂੰ ਲੈਣ ਨਹੀਂ ਆਇਆ ਹੋਇਆ ਸੀ, ਪਰ ਪੁਲਸ ਆਈ ਹੋਈ ਸੀ। ਪੁਲਸ ਦਾ ਸਿਪਾਹੀ ਆ ਕੇ ਅਗਲੇ ਦਰਵਾਜ਼ੇ ਅਗੇ ਖੜਾ ਹੋ ਗਿਅ। ਮੈਂ ਚਾਦਰ ਦੀ ਝੁੰਬ ਪਹਿਲਾਂ ਹੀ ਮਾਰੀ ਹੋਈ ਸੀ। ਮੈਂ ਪਿਛਲੇ ਦਰਬਾਜ਼ ਰਾਹੀਂ ਨਿਕਲ ਗਿਆ। ਪਰ ਵੇਖਦਾ ਹਾਂ ਕਿ ਸਾਹ-ਮਣਿਉਂ ਇਕ ਹੋਰ ਸਿਪਾਹੀ ਜੋ ਮੇਰਾ ਬਹੁਤ ਪੁਰਾਣਾ ਜਾਣੂੰ ਸੀ ਆ ਰਿਹਾ ਹੈ। ਉਹ ਝਟਪਟ ਮੁੜ ਪਿਆ। ਮੈਂ ਤਾੜ ਲਿਆ ਕਿ ਉਸ ਨੇ ਪਛਾਣ ਲਿਆ ਹੈ। ਪਰ ਅਜੇ ਸ਼ਕ ਸੀ। ਕਿਉਂਕਿ ਮੈਨੂੰ ਝੁੰਬ ਮਾਰਿਆ ਹੋਏ ਨੂੰ ਤੇ ਪਜਾਮੇ ਬਿਨਾਂ ਪਛਾਣਨਾ ਔਖਾ ਸੀ ਤੇ ਉਹ ਝਟ ਪਟ ਹੀ ਮੁੜ ਗਿਆ ਸੀ। ਮੈਂ ਸਮਝਿਆ ਸ਼ਾਇਦ ਉਸ ਨੇ ਨਾ ਪਛਾਣਿਆ ਹੋਵੇ। ਉਹ ਸਿਪਾਹੀ ਇੰਟਰ ਵਾਲੇ ਦਰਵਾਜ਼ੇ ਵਲ ਗਿਆ ਤੇ ਛੇਤੀ ਨਾਲ ਉਥੋਂ ਬਾਹਰ ਨਿਕਲ ਗਿਆ। ਮੈਂ ਗਡੀ ਵਾਲੇ ਪਾਸੇ ਮੂੰਹ ਕੀਤਾ ਤੇ ਪਿਛੇ ਤੀਜੇ ਦਰਜੇ ਦੇ ਦਰਵਾਜ਼ੇ ਵਲ ਗਿਆ ਅਤੇ ਛੇਤੀ ਨਾਲ ਉਥੋਂ ਬਾਹਿਰ ਨਿਕਲ ਗਿਆ। ਬਾਹਿਰ



Digitized by Panjab Digital Library | www.panjabdigilib.org

ਕੀ ਵੇਖਦਾ ਹਾਂ ਕਿ ਚਿਟ-ਕਪੜੇ ਸਿਪਾਹੀਆਂ ਦੀ ਹੇੜ ਦੀ ਹੇੜ ਇੰਟਰ ਕਲਾਸ ਦੇ ਦਰਵਾਜ਼ੇ ਵਲੋਂ ਭਜੀ ਆਉਂਦੀ ਹੈ। ਮੈਂ ਲਾਂਭੇ ਹੋ ਕੇ ਅਸਬਾਬ ਟਿਕਾਇਆ ਕਿ ਸ਼ਾਇਦ ਇਹ ਕਿਸੇ ਹੋਰ ਪਾਸੇ ਜਾ ਰਹੇ ਹੋਣ। ਉਹ ਤਾਂ ਮੇਰੇ ਕੋਲ ਆ ਖੜੇ ਹੋ ਗਏ। ਹੁਣ ਸ਼ਕ ਵਧ ਗਿਆ। ਮੈਂ ਸਿਧਾ ਖਾਲਸਾ ਕਾਲਜ ਨੂੰ ਟਾਂਗਾ ਲਿਆ ਤੇ ਉਸ ਵਿਚ ਆਪਣੀ ਕਿਤਾਬਾਂ ਦੀ ਗੁੱਥੀ ਰਖੀ। ਸਿਪਾਹੀ ਬਾਈਸਿਕਲ ਉਤੇ ਮੇਰੇ ਮਗਰ ਪਿਆ। ਮੈਂ ਭਰਾ ਨਰਿੰਜਨ ਸਿੰਘ ਦੇ ਘਰ ਗਿਆ ਤੇ ਸਿਪਾਹੀ ਬਾਹਿਰ ਖੜਾ ਹੋ ਗਿਆ। ਇਥੇ ਪੁਜਕੇ ਪਤਾ ਲਗਾ ਹੈ ਕਿ ਮੇਰੇ ਆਉਣ ਦੀ ਖਬਰ ਵਾਲੀ ਚਿੱਠੀ ਅਜ ਤਕ ਨਹੀਂ ਮਿਲੀ। ਮਲੂਮ ਹੁੰਦਾ ਹੈ ਕਿ ਉਹ ਪੁਲਸ ਨੇ ਖੋਲ੍ਹ ਲਈ ਹੈ ਤੇ ਉਸੇ ਖਬਰ ਦੇ ਅਧਾਰ ਉਤੇ ਉਹ ਮੈਨੂੰ ਉਡੀਕ ਰਹੇ ਸਨ। ਕੋਈ ਦੋ ਘੰਟੇ ਮਗਰੋਂ ਸਰਦਾਰ ਸੇਵਾ ਸਿੰਘ ਜੀ ਕਿਰਪਾਨ ਬਹਾਦਰ ਮੇਰੇ ਕੋਲ ਪੁਜ ਗਏ। ਉਨ੍ਹਾਂ ਕਿਹਾ ਕਿ ਪੁਲਸ ਦੇ ਇਕ ਸਿਪਾਹੀ ਨੇ ਮੈਨੂੰ ਦਸਿਆ ਹੈ ਕਿ ਮਾਸਟਰ ਤਾਰਾ ਸਿੰਘ ਖ਼ਾਲਸਾ ਕਾਲਜ ਵਿਚ ਪੁਜ ਗਿਆ ਹੈ। ਕਚਹਿਰੀ ਤੇ ਥਾਣੇ ਜਾਕੇ ਮੈਨੂੰ ਕੰਮ ਕਰਨਾ ਪਿਆ। ਜਦ ਮੁੜ ਕੇ ਮੈਂ ਆਇਆ ਤਾਂ ਮੇਰੇ ਕੋਲ ਨਾਮਧਾਰੀ ਸਜਣ ਪੁਜ ਗਏ। ਉਨ੍ਹਾਂ ਤੋਂ ਪਤਾ ਲਗਾ ਕਿ ਪੁਲਸ ਨੇ ਸ਼ਹਿਰ ਵਿਚ ਖਬਰ ਖਿਲਾਰ ਦਿੱਤੀ ਹੈ। ਉਨ੍ਹਾਂ ਮੈਨੂੰ ਭੈਣੀ ਸਾਹਿਬ ਪੁਜਣ ਲਈ ਜ਼ੋਰ ਦਿੱਤਾ। ਮੈਂ ਬਥੇਰੀ ਨਾਂਹ ਨੁਕਰ ਕੀਤੀ। ਪਰ ਉਨ੍ਹਾਂ ਕਿਹਾ ਕਿ ਇਹ ਏਕਤਾ ਕਾਨਫਰੰਸ ਹੈ ਤੇ ਕਿਧਰੇ ਅਕਾਲੀਆਂ ਦੀ ਏਕਤਾ ਦਾ ਸਵਾਲ ਉਠਣ ਉਤੇ ਕੇਵਲ ਮੇਰੀ ਗੈਰ-ਹਾਜ਼ਰੀ ਦੇ ਕਾਰਣ ਹੀ ਬਣਿਆ ਬਣਾਇਆ ਕੰਮ ਨਾ ਰਹਿ ਜਾਏ। ਇਸ ਦਲੀਲ ਉਤੇ ਮੈਂ ਇਹ ਮੰਨ ਗਿਆ ਹਾਂ ਕਿ ਦੀਵਾਨ ਵਿਚ ਦਰਸ਼ਕ ਦੀ ਹੈਸੀਅਤ ਵਿਚ ਪੁਜਾਂਗਾ, ਪਰ ਕਿਸੇ ਤਰ੍ਹਾਂ ਕਿਸੇ ਕੰਮ ਵਿਚ ਹਿੱਸਾ ਨਹੀਂ ਲਵਾਂਗਾ। ਨਾਮਧਾਰੀ ਸਜਣ ਮੇਰੀ ਇਹ ਸ਼ਰਤ ਮੰਨ ਗਏ



Digitized by Panjab Digital Library | www.panjabdigilib.org

ਹਨ। ਇਸ ਕਰਕੇ ਮੈਂ ੧੨ ਜਾਂ ੧੩ ਅਕਤੂਬਰ ਨੂੰ ਭੈਣੀ ਸਾਹਿਬ ਪੁਜਾਂਗਾ।

ਨਾਮਧਾਰੀ ਸਜਣਾਂ ਦੇ ਉਥੇ ਹੁੰਦਿਆਂ ਮੈਨੂੰ ਸ੍ਰ: ਦਲੀਪ ਸਿੰਘ ਜੀ ਦੁਆਬੀਆ ਆ ਮਿਲੇ। ਫਿਰ ਡਾਕਟਰ ਸੰਤ ਰਾਮ ਜੀ ਸੇਠ ਆ ਗਏ। ਰਾਤ ਨੂੰ ਸ੍ਰ. ਈਸ਼ਰ ਸਿੰਘ ਜੀ ਮਝੈਲ ਆ ਗਏ ਅਤੇ ਫੇਰ ਬਚਨ ਸਿੰਘ ਜੀ ਆ ਗਏ। ਉਹ ਚਲੇ ਗਏ ਤੇ ਫਿਰ ਕੋਈ ਦਸ ਵਜੇ ਰਾਤ ਗੁਰਮੁਖ ਸਿੰਘ ਜੀ ਮਿਲ ਗਏ। ਇਹਨਾਂ ਤੋਂ ਬਿਨਾਂ ਮਾਸਟਰ ਈਸ਼ਰ ਸਿੰਘ ਜੀ ਤਰਨ ਤਾਰਨ ਵਾਲੇ ਮੈਨੂੰ ਰਾਹ ਵਿਚ ਮਿਲ ਪਏ ਹਨ। ਉਨ੍ਹਾਂ ਦਾ ਭਾਣਜਾ ਜਗਜੀਤ ਸਿੰਘ ਮੈਨੂੰ ਇਥੇ ਮਿਲਿਆ ਹੈ। ਬਸ ਹੋਰ ਕੋਈ ਮੈਨੂੰ ਇਥੇ ਨਹੀਂ ਮਿਲਿਆ ਹੈ, ਸਿਵਾਏ ਆਪਣੇ ਘਰ ਦੇ ਆਦਮੀਆਂ ਜਾਂ ਉਥੇ ਖਾਲਸਾ ਕਾਲਜ ਵਿਚ ਰਹਿਣ ਵਾਲੇ ਇਕ ਦੋ ਸਜਣਾਂ ਦੇ ਤੇ ਮੈਂ ਸਵੇਰੇ ਮੂੰਹ ਹਨੇਰੇ ਇਥੋਂ ਛਿਹਰਟੇ ਸਾਹਿਬ ਚਲ ਜਾਵਾਂਗਾ। ਉਥੋਂ ਸਵੇਰੇ ਛੇ ਵਜੇ ਦੀ ਗਡੀ ਫੜ ਲਵਾਂਗਾ। ਆਸ ਹੈ ਕਿ ਪੁਲਸ ਮੇਰਾ ਪਿਛਾ ਨਹੀਂ ਕਰ ਸਕੇਗੀ।

## ਲੁਧਿਆਣਾ ੩੦-੯-੧੯੩੪

ਮੈਂ ਕਲ ਸਵੇਰੇ ਮੂੰਹ ਹਨੇਰੇ ਹੀ ਖਾਲਸਾ ਕਾਲਜ ਤੋਂ ਤੁਰ ਕੇ ਛੇਹਰਟੇ ਸਾਹਿਬ ਸਟੇਸ਼ਨ ਉਤੇ ਅਪੜਿਆ। ਮੇਰੇ ਨਾਲ ਹੀ ਮਾਸਟਰ ਈਸ਼ਰ ਸਿੰਘ ਜੀ ਦੇ ਭਾਣਜੇ ਜਗਜੀਤ ਸਿੰਘ ਜੀ ਸਨ। ਜਗਜੀਤ ਸਿੰਘ ਜੀ ਟਿਕਟ ਲੈਣ ਗਏ ਤੇ ਇਕ ਆਦਮੀ ਮੇਰੇ ਕੋਲੋਂ ਲੰਘਿਆ। ਮੈਨੂੰ ਸ਼ਕ ਪਿਆ ਕਿ ਇਹ ਪੁਲਸੀਆ ਹੈ, ਪਰ ਮੈਨੂੰ ਤਸੱਲੀ ਸੀ ਕਿ ਸਾਡੇ ਮਗਰ ਤਾਂ ਕੋਈ ਆਇਆ ਨਹੀਂ ਹੈ ਤੇ ਇਹ ਸਿਪਾਹੀ ਨਹੀਂ ਹੋਵੇਗਾ। ਉਥੋਂ ਜਗਜੀਤ ਸਿੰਘ ਜੀ ਨੂੰ ਲੁਧਿਆਣੇ ਦਾ ਟਿਕਟ ਹੀ ਮਿਲਿਆ ਸੀ। ਮੇਰੇ ਖਾਨੇ ਵਿਚ ਹੀ ਉਹ ਆਦਮੀ ਜੋ ਛੇਹਰਟੇ ਸਟੇਸ਼ਨ ਉਤੇ ਮੇਰੇ



Digitized by Panjab Digital Library | www.panjabdigilib.org

ਕੋਲੋਂ ਲੰਘਿਆ ਸੀ ਚੜ੍ਹਿਆ। ਜਗਗੀਤ ਸਿੰਘ ਜੀ ਤਾਂ ਅੰਮ੍ਰਿਤਸਰ ਉਤਰ ਗਏ ਤੇ ਮੈਂ ਉਤਲੇ ਫਟੇ ਉਤੇ ਲੇਟਿਆ ਹੋਇਆ ਸਾਂ ਕਿ ਅੰਮ੍ਰਿਤ-ਸਰ ਦਾ ਸਟੇਸ਼ਨ ਖਰਾਵਾਂ ਲੰਘ ਜਾਏ ਪਰ ਥੋੜੇ ਚਿਰ ਨੂੰ ਇਕ ਬਾਬੂ ਉਸ ਡਬੇ ਦਾ ਟਿਕਟ ਵੇਖਣ ਆ ਗਿਆ। ਉਸ ਨੇ ਭਾਵੇਂ ਸਾਰੇ ਮੁਸਾਫ਼ਰਾਂ ਦੇ ਟਿਕਟ ਹੀ ਵੇਖੇ ਸਨ, ਪਰ ਮੈਨੂੰ ਤਾਂ ਆਪਣਾ ਪਾਲਾ ਪੈ ਹੀ ਗਿਆ। ਪਿਛਲਾ ਆਦਮੀ ਤਾਂ ਗਡੀ ਤੋਂ ਉਤਰ ਗਿਆ, ਪਰ ਨਵਾਂ ਇਕ ਚੜ੍ਹ ਬੈਠਾ, ਜਿਸ ਉਤੇ ਮੈਨੂੰ ਪੁਲਸੀਆ ਹੋਣ ਦਾ ਸ਼ਕ ਸੀ।

ਜਦ ਮੈਂ ਉਸ ਦੀ ਜੁੱਤੀ ਵਲ ਵੇਖਿਆ ਤਾਂ ਮੈਨੂੰ ਪਕਾ ਨਿਸਚਾ ਹੋ ਗਿਆ ਕਿ ਇਹ ਪੁਲਸੀਆ ਹੈ। ਹੁਣ ਮੈਂ ਇਹ ਤਸੱਲੀ ਕਰਨਾ ਚਾਹੁੰਦਾ ਸਾਂ ਕਿ ਇਹ ਮੇਰੇ ਲਈ ਹੀ ਹੈ ਕਿ ਕਿਸੇ ਹੋਰ ਕੰਮ ਲਈ। ਫਲੌਰ ਸਟੇਸ਼ਨ ਉਤੇ ਮੈਂ ਪਾਣੀ ਪੀਣ ਉਤਰਿਆ ਤੇ ਆਪਣਾ ਅਸਬਾਬ ਬੰਨ੍ਹ ਕੇ ਤਾਕੀ ਕੋਲ ਰਖ ਦਿੱਤਾ, ਜਿਸ ਤਰ੍ਹਾਂ ਕਿ ਬਾਹਰੋਂ ਹੀ ਫੜ ਲੈਣਾ ਹੁੰਦਾ ਹੈ। ਉਹ ਪੁਲਸੀਆ ਭੀ ਉਤਰ ਬੈਠਾ। ਉਸ ਕੋਲ ਅਸਬਾਬ ਤਾਂ ਹੈ ਹੀ ਨਹੀਂ ਸੀ। ਮੈਂ ਗਡੀ ਟੁਰਨ ਤਕ ਬਾਹਿਰ ਖੜਾ ਰਿਹਾ। ਜਦ ਗਡੀ ਨੇ ਸੀਟੀ ਮਾਰੀ ਤਾਂ ਮੈਂ ਚੜ੍ਹ ਬੈਠਾ ਤੇ ਉਹ ਭੀ ਮਗਰੋਂ ਚੜ੍ਹਿਆ। ਬਸ ਤਸੱਲੀ ਹੋ ਗਈ। ਜਦ ਗਡੀ ਲੁਧਿਆਣੇ ਪੁਜੀ ਤਾਂ ਮੈਂ ਵੇਖ ਰਿਹਾ ਸਾਂ ਕਿ ਉਸ ਪੁਲਸੀਏ ਨੇ ਸਟੇਸ਼ਨ ਦੇ ਪੁਲਸੀਏ ਨੂੰ ਮੈਨੂੰ ਵਿਖਾ ਦਿੱਤਾ। ਉਥੋਂ ਮੇਰੇ ਮਗਰ ਨਵਾਂ ਆਦਮੀ ਲਗ ਪਿਆ। ਮੈਂ ਸਿੱਧਾ ਸਰਦਾਰ ਮੰਗਲ ਸਿੰਘ ਜੀ ਦੇ ਘਰ ਅਪੜਿਆ। ਮੈਂ ਉਥੇ ਬੈਠਾ ਤੇ ਉਹ ਪੁਲਸੀਆ ਇਕ ਹੋਰ ਨੂੰ ਸੱਦ ਕੇ ਲੈ ਆਇਆ ਤੇ ਉਸ ਨੂੰ ਮੈਨੂੰ ਵਿਖਾ ਗਿਆ। ਮੈਂ ਵੀ ਵੇਖ ਰਿਹਾ ਸਾਂ ਇਹ ਪੁਲਸੀਆ ਗਲੀ ਦੇ ਬਾਹਿਰ ਬਜ਼ਾਰ ਵਿਚ ਇਕ ਦੁਕਾਨ ਉਤੇ ਬਹਿ ਗਿਆ। ਮੈਂ ਸਰਦਾਰ ਮੰਗਲ ਸਿੰਘ ਜੀ ਦੇ ਮਕਾਨ ਉਤੇ ਬਰਸਾਤੀ ਵਿਚ ਜਾ ਬੈਠਾ ਜਿਥੋਂ ਮੈਂ ਪੁਲਸੀਏ ਨੂੰ ਵੇਖਦਾ ਸਾਂ ਤੇ ਉਹ ਮੈਨੂੰ ਨਹੀਂ ਵੇਖ ਸਕਦਾ ਸੀ। ਸ਼ਾਮ ਤਕ ਉਸ ਨੇ ਦੌਰਾ ਰਖਿਆ। ਸ਼ਾਮ



Digitized by Panjab Digital Library | www.panjabdigilib.org

ਨੂੰ ਉਹ ਕਿਧਰੇ ਪਰੇ ਗਿਆ। ਸਰਦਾਰ ਮੰਗਲ ਸਿੰਘ ਜੀ ਘਰ ਨਹੀਂ ਸਨ। ਉਨ੍ਹਾਂ ਦਾ ਇਕ ਆਦਮੀ ਬਜ਼ਾਰ ਵਿਚ ਵੇਖ ਆਇਆ ਕਿ ਪੁਲਸੀਆ ਲਾਗੇ ਤਾਗੇ ਕਿਧਰੇ ਨਹੀਂ ਹੈ। ਮੈਂ ਉਥੋਂ ਹਨੇਰੇ ਵਿਚ ਨਿਕਲ ਕੇ ਸਰਦਾਰ ਗੁਲਬਦਨ ਸਿੰਘ ਜੀ ਦੇ ਘਰ ਜਾ ਅਪੜਿਆ। ਸਵੇਰੇ ਇਥੋਂ ਉਠਕੇ ਅਗਲੇ ਸਟੇਸ਼ਨ ਤੋਂ ਗਡੀ ਚੜ੍ਹਾਂਗਾ।

ਮੈਂ ਇਹਨਾਂ ਪੁਲਸੀਆਂ ਨੂੰ ਇਸ ਕਰ ਕੇ ਛਡਦਾ ਹਾਂ ਕਿ ਪਿੰਡਾਂ ਵਿਚ ਜਾ ਕੇ ਇਹ ਲੋਕਾਂ ਉਤੇ ਰੋਹਬ ਪਾਂਦੇ ਹਨ ਤੇ ਫਿਰਨ ਤੁਰਨ ਦੀ ਤਕਲੀਫ਼ ਹੁੰਦੀ ਹੈ। ਜੇਕਰ ਇਕੋ ਪੁਲਸੀਆ ਨਾਲ ਰਹੇ ਤਾਂ ਸਗੋਂ ਸੁਖ ਹੋ ਜਾਂਦਾ ਹੈ ਤੇ ਇਕ ਸਾਥੀ ਮਿਲ ਜਾਂਦਾ ਹੈ। ਪਰ ਇਹ ਬਦਲਦੇ ਰਹਿੰਦੇ ਹਨ। ਤੇ ਇਹਨਾਂ ਵਿਚੋਂ ਕਈ ਅਜੇਹੇ ਨਿਕਲ ਪੈਂਦੇ ਹਨ ਜੋ ਇਉਂ ਸਮਝਣ ਲਗ ਜਾਂਦੇ ਹਨ ਕਿ ਉਹ ਕਿਸੇ ਮੁਲਜ਼ਮ ਦੇ ਮਗਰ ਲਗੇ ਹੋਏ ਹਨ।

★★★



Digitized by Panjab Digital Library | www.panjabdigilib.org

## ੨.

### ਬਿਹਾਰੀ ਗੜ੍ਹ ੨-੧੦-੩੪

ਕਲ ਸਵੇਰੇ ਮੈਂ ਲੁਧਿਆਣਿਉ ਚਲ ਕੇ ਸਹਾਰਨ ਪੁਰ ਪੁਜਾ। ਰਾਤ ਮੈਂ ਮੋਟਰ ਵਾਲੇ ਸ: ਕਰਤਾਰ ਸਿੰਘ ਕੋਲ ਹੀ ਰਿਹਾ ਤੇ ਸਵੇਰੇ ਮੋਟਰ ਤੇ ਚੜ੍ਹਕੇ ਇਥੇ ਆ ਅਪੜਿਆ ਹਾਂ। ਇਹ ਥਾਂ ਸਹਾਰਨਪੁਰ ਤੇ ਡੇਰਾਦੂਨ ਦੇ ਠੀਕ ਵਿਚਕਾਰ ਮੋਟਰ ਵਾਲੀ ਸੜਕ ਉਤੇ ਹੈ।

ਇਥੋਂ ੨੧ ਮੀਲ ਸਹਾਰਨ ਪੁਰ ਹੈ ਤੇ ੨੧ ਮੀਲ ਡੇਰਾਦੂਨ ਹੈ। ਇਥੇ ਇਕ ਗੁਰਦਵਾਰਾ ਹੈ ਪਰ ਸਿਖ ਕੋਈ ਨਹੀਂ ਹੈ। ਇਹ ਗੁਰਦਵਾਰਾ ਸਹਾਰਨ ਪੁਰ ਤੇ ਡੇਰਾਦੂਨ ਦੇ ਸਿਖਾਂ ਨੇ ਪਰਚਾਰ ਲਈ ਬਣਾਇਆ ਹੋਇਆ ਹੈ। ਇਸ ਇਲਾਕੇ ਵਿਚ ਵਣਜਾਰੇ ਬਹੁਤ ਹਨ। ਇਹ ਲੋਕ ਪੰਜਾਬ ਵਿਚ ਲੁਬਾਣੇ ਅਖਵਾਂਦੇ ਹਨ। ਮਲੂਮ ਹੁੰਦਾ ਹੈ ਕਿ ਇਹ ਪੰਜਾਬ ਤੋਂ ਹੀ ਆਏ ਹਨ। ਇਨਾਂ ਦੇ ਵਡੇ ਵਡੇਰਿਆਂ ਵਿਚ ਕਈ ਅੰਮ੍ਰਿਤ ਧਾਰੀ ਸਿੰਘ ਸਨ ਤੇ ਕਿਧਰੇ ਕਿਧਰੇ ਬੁੱਢੇ ਅੰਮ੍ਰਿਤ ਧਾਰੀ ਜੀਉਂਦੇ ਹਨ। ਇਹ ਮੋਨੇ



Digitized by Panjab Digital Library | www.panjabdigilib.org

ਹਨ ਤੇ ਹੁਕਾ ਭੀ ਪੀਂਦੇ ਹਨ ਪਰ ਜਦ ਆਪੋ ਵਿਚ ਮਿਲਦੇ ਹਨ ਤਾਂ ਵਾਹਿਗੁਰੂ ਜੀ ਕੀ ਫਤਹ ਹੀ ਬੁਲਾਂਦੇ ਹਨ। ਕਿਸੇ ਕਿਸੇ ਪਿੰਡ ਗੁਰੂ ਗਰੰਥ ਸਾਹਿਬ ਜੀ ਦਾ ਪਰਕਾਸ਼ ਭੀ ਹੈ। ਪਰ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਨਹੀਂ ਭੀ ਹਨ। ਉਥੇ ਭੀ ਇਹ ਲੋਕੀ ਸੰਗਰਾਂਦ ਨੂੰ ਕੜਾਹ ਪਰਸ਼ਾਦ ਕਰਾਂਦੇ ਹਨ ਤੇ ਅਰਦਾਸਾ ਸੋਧ ਕੇ ਪਿੰਡ ਵਿਚ ਵੰਡ ਦੇਂਦੇ ਹਨ। ਇਨ੍ਹਾਂ ਵਿਚੋਂ ਕੋਈ ਕੋਈ ਅਰਦਾਸਾ ਸੋਧਣਾ ਜਾਣਦਾ ਹੈ। ਇਹ ਹਾਲਤ ਵੇਖ ਕੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਭਾਈ ਸਾਹਿਬ ਗੁਰਬਚਨ ਸਿੰਘ ਜੀ ਪ੍ਰਚਾਰਕ ਨੂੰ ਇਥੇ ਪਰਚਾਰ ਕਰਨ ਲਈ ਮੁਕਰਰ ਕੀਤਾ ਹੋਇਆ ਹੈ। ਮੈਂ ਓਹਨਾਂ ਕੋਲ ਹੀ ਠਹਿਰਿਆ ਹੋਇਆ ਹਾਂ। ਓਹਨਾਂ ਤੋਂ ਬਿਨਾਂ ਗੁਰਦਵਾਰੇ ਦੇ ਗ੍ਰੰਥੀ ਸਿੰਘ ਹਨ। ਹੋਰ ਤਾਂ ਦੁਵਾਲੇ ਦੇ ਪਿੰਡਾਂ ਵਿਚੋਂ ਹੀ ਰਾਹ ਲੰਘਦੇ ਵਣਜਾਰੇ ਕਦੀ ਕਦੀ ਆਉਂਦੇ ਹਨ। ਭਾਈ ਗੁਰਬਚਨ ਸਿੰਘ ਜੀ ਦੁਆਲੇ ਦੇ ਪਿੰਡਾਂ ਵਿਚ ਪਰ-ਚਾਰ ਲਈ ਜਾਂਦੇ ਹਨ ਤੇ ਆਮ ਕਰਕੇ ਰਾਤ ਨੂੰ ਮੁੜ ਆਉਂਦੇ ਹਨ। ਕਿਧਰੇ ਕਿਧਰੇ ਭਾਈ ਸਾਹਿਬ ਗਰੰਥੀ ਸਿੰਘ ਵੀ ਓਹਨਾਂ ਨਾਲ ਜਾਂਦੇ ਹਨ। ਇਨ੍ਹਾਂ ਵਣਜਾਰਿਆਂ ਵਿਚ ਕਿਧਰੇ ਕਿਧਰੇ ਕੋਈ ਕੋਈ ਅੰਮ੍ਰਿਤਧਾਰੀ ਸਿੰਘ ਸਜੇ ਹਨ। ਇਹਨਾਂ ਵਣਜਾਰਿਆਂ ਨੂੰ ਪੰਜਾਬੀਆਂ ਵਾਂਗੂ ਸ਼ਿਕਾਰ ਦਾ ਸ਼ੌਕ ਹੈ। ਪਰ ਇਹ ਹਨ ਸਾਰੇ ਮੁਜਾਰੇ ਮੌਰੂਸੀ। ਇਸ ਕਰਕੇ ਇਨ੍ਹਾਂ ਵਿਚ ਗਰੀਬੀ ਬਹੁਤ ਹੈ ਤੇ ਵਿਦਿਆ ਬਹੁਤ ਘਟ ਹੈ। ਹੋਰ ਫੇਰ ਲਿਖਾਂਗਾ।

ਲੁਧਿਆਣੇ ਤੋਂ ਪੁਲਸ ਮੇਰਾ ਪਿੱਛਾ ਨਹੀਂ ਕਰ ਸਕੀ ਹੈ। ਮੈਂ ਇਥੇ ਬਹੁਤ ਅਨੰਦ ਵਿਚ ਹਾਂ। ਇਥੇ ਕੋਈ ਸਿਖ ਨਹੀਂ ਹੈ ਤੇ ਕੋਈ ਧਿਆਨ ਹੀ ਨਹੀਂ ਕਰਦਾ ਕਿ ਕੋਈ ਨਵਾਂ ਆਦਮੀ ਆਇਆ ਹੈ ਕਿ ਨਹੀਂ।



Digitized by Panjab Digital Library | www.panjabdigilib.org

## ਬਿਹਾਰੀ ਗੜ੍ਹ ੧੧-੧੦-੩੪

ਮੈਂ ਇਥੇ ਬੜੇ ਅਨੰਦ ਵਿਚ ਹਾਂ। ਜਿਸ ਤਰ੍ਹਾਂ ਦਾ ਇਕਾਂਤ ਮੈਂ ਚਾਹੁੰਦਾ ਸਾਂ ਉਸ ਤਰ੍ਹਾਂ ਦੀ ਇੱਥੇ ਹੀ ਮਿਲੀ ਹੈ। ਗੁਰਦਵਾਰੇ ਵਿਚ ਭੀ ਇਕਾਂਤ ਹੀ ਹੈ। ਪਰ ਮੈਂ ਕਦੀ ਕਦੀ ਨਦੀ ਦੇ ਕੰਢੇ ਦਰਖ਼ਤਾਂ ਹੇਠਾਂ ਜਾ ਬੈਠਦਾ ਹਾਂ ਤੇ ਉਥੇ ਹੀ ਲਿਖਦਾ ਪੜ੍ਹਦਾ ਹਾਂ। ਪਰਸੋਂ ਮੈਂ ਬਾਦਸ਼ਾਹ ਪੁਰ ਪਿੰਡ ਗਿਆਨੀ ਗੁਰਬਚਨ ਸਿੰਘ ਜੀ ਤੇ ਭਾਈ ਗੁੰਥੀ ਸਿੰਘ ਜੀ ਦੇ ਨਾਲ ਗਿਆ ਸਾਂ। ਉਨ੍ਹਾਂ ਲੋਕਾਂ ਨੂੰ ਸਾਡੇ ਆਵਣ ਦੀ ਬਹੁਤ ਹੀ ਖੁਸ਼ੀ ਹੋਈ। ਉਹਨਾਂ ਬੜਾ ਪਰੇਮ ਕੀਤਾ ਤੇ ਸਾਨੂੰ ਆਵਨ ਨਹੀਂ ਸਨ ਦਿੰਦੇ। ਰਾਤ ਸਾਨੂੰ ਉਥੇ ਹੀ ਰਹਿਣਾ ਪਿਆ। ਇਹ ਲੋਕੀ ਸ਼ੁਕਰ ਕਰਦੇ ਹਨ ਕਿ ਕੋਈ ਅੰਮ੍ਰਿਤਧਾਰੀ ਸਿੰਘ ਇਨ੍ਹਾਂ ਦੇ ਪਿੰਡ ਆ ਜਾਵੇ। ਦਿਨ ਨੂੰ ਇਨ੍ਹਾਂ ਨਾਲ ਗਲਬਾਤ ਹੁੰਦੀ ਰਹੀ। ਉਹ ਹੁਣ ਆਪਣੇ ਆਪ ਨੂੰ ਸਿਖ ਸਮਝਣ ਲਗ ਪਏ ਹਨ ਤੇ ਕਈਆਂ ਨੇ ਕੜੇ ਪਾ ਲਏ ਹਨ। ਸ਼ਾਮ ਨੂੰ ਉਹਨਾਂ ਇਕ ਬੰਦੂਕ ਲਈ ਤੇ ਸਾਡੇ ਨਾਲ ਸ਼ਿਕਾਰ ਨੂੰ ਨਿਕਲੇ, ਪਰ ਬੰਦੂਕ ਅਜੇਹੀ ਸੀ ਜਿਸ ਦੀ ਨਾਲੀ ਡਿਪਟੀ ਕਮਿਸ਼ਨਰ ਨੇ ਅੱਧੀ ਕਟਵਾ ਦਿੱਤੀ ਸੀ ਜਿਸ ਕਰਕੇ ਉਹ ਨੇੜੇ ਹੀ ਮਾਰ ਕਰ ਸਕਦੀ ਸੀ। ਅਸੀਂ ਜੰਗਲ ਵਿਚ ਫਿਰ ਆਏ। ਤਿਤਰ ਭੀ ਅਸਾਂ ਬਹੁਤ ਵੇਖੇ ਤੇ ਖਰਗੋਸ਼ ਭੀ ਦੇਖੇ ਪਰ ਮੋਇਆ ਸਾਥੋਂ ਕੋਈ ਭੀ ਨਾਂਹ। ਅਸੀਂ ਸ਼ਾਮ ਨੂੰ ਮੁੜ ਆਏ। ਕਲ ਸਵੇਰੇ ਅਸੀਂ ਉਥੋਂ ਮੁੜੇ ਹਾਂ। ਰਾਹ ਵਿਚ ਸਾਨੂੰ ਇਕ ਸਪ ਮਿਲਿਆ। ਪਰ ਮੈਂ ਅਗੇ ਸਾਂ ਤੇ ਗਿਆਨੀ ਗੁਰਬਚਨ ਸਿੰਘ ਜੀ ਪਿਛੇ ਸਨ। ਸੋਟੀ ਉਨ੍ਹਾਂ ਦੇ ਹੱਥ ਵਿਚ ਸੀ ਤੇ ਮੈਂ ਖ਼ਾਲੀ ਹੱਥ ਸਾਂ। ਇਸ ਕਰ ਕੇ ਸਪ ਲੁਕ ਗਿਆ।

ਇਹਨਾਂ ਪਿੰਡਾਂ ਵਿਚ ਬੁਖ਼ਾਰ ਬਹੁਤ ਹੁੰਦਾ ਹੈ। ਇਹ ਬੜਾ ਸਰ ਸਬਜ਼ ਇਲਾਕਾ ਹੈ। ਬਾਰਸ਼ ਬਹੁਤ ਹੁੰਦੀ ਹੈ। ਜ਼ਮੀਨ ਵਿਚ



Digitized by Panjab Digital Library | www.panjabdigilib.org

ਪਾਣੀ ਨੇੜੇ ਹੈ । ਇਥੇ ਕਮਾਦ ਬਰਾਨੀ ਹੁੰਦਾ ਹੈ । ਅਮਰੂਦ ਤੇ ਨਿੰਬੂ ਭੀ ਬਰਾਨੀ ਹੁੰਦੇ ਹਨ । ਇਸ ਇਲਾਕੇ ਵਿਚ ਸ਼ਹਿਦ ਭੀ ਬਹੁਤ ਹੁੰਦਾ ਹੈ । ਚੰਗਾ ਵਧੀਆਂ ਸ਼ਹਿਦ ਪੰਜ ਆਨੇ ਸੇਰ ਮਿਲ ਜਾਂਦਾ ਹੈ । ਪਰ ਤਹਿਜ਼ੀਬ ਦੀ ਬੀਮਾਰੀ ਦਾ ਇਥੇ ਭੀ ਇਤਨਾ ਅਸਰ ਹੈ ਕਿ ਸ਼ਹਿਦ ਦੇ ਭਾ ਖੰਡ ਲੈ ਕੇ ਲੋਕੀ ਖਾਂਦੇ ਹਨ । ਤਾਪ ਇਥੇ ਇਤਨਾ ਹੈ ਕਿ ਮੈਂ ਤਾਂ ਸਮਝਦਾ ਹਾਂ ਕਿ ਮੇਰੇ ਬਿਨਾਂ ਹੋਰ ਕੋਈ ਤਾਪ ਤੋਂ ਖ਼ਾਲੀ ਨਹੀਂ ਰਿਹਾ ਹੈ । ਗਿਆਨੀ ਗੁਰਬਚਨ ਸਿੰਘ ਜੀ ਸਹਾਰਨਪੁਰੋਂ ਦਵਾਈਆਂ ਬਨਵਾ ਲਿਆਉਂਦੇ ਹਨ ਤੇ ਇਥੇ ਪਿੰਡ ਪਿੰਡ ਵੰਡਦੇ ਫਿਰਦੇ ਹਨ । ਪਿੰਡਾਂ ਵਿਚ ਹਕੀਮ ਵੀ ਬਹੁਤ ਹੀ ਵਿਰਲੇ ਹਨ । ਇਸ ਇਲਾਕੇ ਵਿਚ ਸਭ ਤੋਂ ਵਡੀ ਲੋੜ ਤਾਪ ਦੇ ਡਾਕਟਰ ਤੇ ਹਕੀਮ ਹਨ । ਇਹਨਾਂ ਲੋਕਾਂ ਨਾਲ ਵੱਡੇ ਵਡੇ ਜ਼ਿਮੀਦਾਰ ਬਹੁਤ ਜ਼ੁਲਮ ਕਰਦੇ ਹਨ । ਹੁਣ ਕਾਨੂੰਨ ਬਣ ਗਿਆ ਹੈ ਕਿ ਜਿਥੇ ਕੋਈ ਮੁਜ਼ਾਰਾ ਵਾਹੀ ਕਰਦਾ ਹੈ ਉਸ ਨੂੰ ਮਾਲਕ ਤਦ ਤਕ ਨਹੀਂ ਉਠਾ ਸਕਦੇ ਜਦ ਤਕ ਉਹ ਲਗਾਨ ਦਿੱਤੀ ਚਲੇ । ਵੇਖੀਏ ਇਸ ਕਾਨੂੰਨ ਦਾ ਲੋਕਾਂ ਦੀ ਹਾਲਤ ਤੇ ਕੀ ਅਸਰ ਪੈਂਦਾ ਹੈ । ਹਾਲਾਂ ਤਾਂ ਪਿਛਲੇ ਰੋਹਬ ਦੇ ਕਾਰਣ ਮੁਜ਼ਾਰਿਆਂ ਦਾ ਬੁਰਾ ਹਾਲ ਹੈ ।

ਇਥੇ ਭੀ ਪੌਂਟੇ ਸਾਹਿਬ ਵਾਂਗੂ ਬੰਦਰ ਆਮ ਹਨ । ਮੈਂ ਚੂੰਕਿ ਇਕੱਲਾ ਜੰਗਲ ਵਿਚ ਬੈਠਾ ਰਹਿੰਦਾ ਹਾਂ ਇਸ ਕਰਕੇ ਕਦੀ ਕਦੀ ਇਹਨਾਂ ਬੰਦਰਾਂ ਦੀਆਂ ਆਦਤਾਂ ਵੇਖਣ ਲਗ ਜਾਂਦਾ ਹਾਂ । ਪਹਿਲੀ ਗਲ ਤਾਂ ਮੈਂ ਇਹ ਵੇਖੀ ਹੈ ਕਿ ਇਹ ਜੱਥਿਆਂ ਵਿਚ ਰਹਿੰਦੇ ਹਨ ਤੇ ਜਿਧਰ ਟੁਰਦੇ ਹਨ ਸਾਰਾ ਜੱਥਾ ਹੀ ਤੁਰਿਆ ਜਾਂਦਾ ਹੈ । ਇਹ ਆਪੋ ਵਿਚ ਲੜਦੇ ਭੀ ਹਨ ਪਰ ਲੜ ਕੇ ਅਡੋ ਅਡਰੇ ਨਹੀਂ ਹੁੰਦੇ ਤੇ ਨਾਂ ਲੜਾਈ ਵਿਚ ਕੋਈ ਸਖ਼ਤ ਜ਼ਖ਼ਮੀ ਹੀ ਹੁੰਦਾ ਹੈ । ਇਹਨਾਂ ਦੀ ਲੜਾਈ ਦਾ ਵਡਾ ਕਾਰਨ ਖੁਰਾਕ



Digitized by Panjab Digital Library | www.panjabdigilib.org

ਹੈ। ਹਰ ਤਕੜਾ ਬਾਂਦਰ ਬਾਂਦਰੀ ਮਾੜੇ ਤੋਂ ਜੋ ਚੰਗੀ ਚੀਜ਼ ਮਿਲੇ ਖੋਹ ਲੈਂਦਾ ਹੈ। ਇਹਨਾਂ ਬਾਂਦਰਾਂ ਦੀ ਆਮ ਖ਼ੁਰਾਕ ਪਿਪਲਾਂ, ਬੋਹੜਾਂ ਤੇ ਹੋਰ ਦਰਖ਼ਤਾਂ ਦੀਆਂ ਗੋਹਲਾਂ ਤੇ ਕਈ ਕਿਸਮ ਦੀਆਂ ਬੂਟੀਆਂ ਤੇ ਪਕੇ ਹੋਏ ਘਾਹ ਦੇ ਬੀਜ ਹਨ। ਇਸ ਖ਼ੁਰਾਕ ਉਤੇ ਤਾਂ ਘਟ ਵਧ ਹੀ ਲੜਾਈ ਹੋਂਦੀ ਹੈ ਕਿਉਂਕਿ ਹਰ ਕਿਸੇ ਕੋਲ ਮਿਹਨਤ ਦਾ ਫਲ ਲੈਣ ਦੀ ਗੁੰਜਾਇਸ਼ ਹੈ। ਅਸੀਂ ਵੇਖਦੇ ਸਾਂ ਕਿ ਛੋਟੇ ਵੱਡੇ ਬੰਦਰ ਬੰਦਰੀਆਂ ਸਾਰਾ ਦਿਨ ਪੱਕੇ ਹੋਏ ਘਾਹ ਦੇ ਬੀਜ ਧੂਹ ਧੂਹ ਕੇ ਖਾਂਦੇ ਰਹਿੰਦੇ ਹਨ ਤੇ ਕੋਈ ਕਿਸੇ ਨਾਲ ਲੜਦਾ ਨਹੀਂ ਹੈ। ਪਰ ਕਦੀ ਕਦੀ ਵਿਚੇ ਹੀ ਲੜਾਈ ਸ਼ੁਰੂ ਹੋ ਜਾਂਦੀ ਹੈ, ਤੇ ਪਤਾ ਹੀ ਨਹੀਂ ਲੱਗਦਾ ਸੀ ਕਿ ਲੜਾਈ ਕਿਉਂ ਸ਼ੁਰੂ ਹੋ ਗਈ ਹੈ। ਤਕੜਾ ਮਾੜੇ ਨੂੰ ਮਾਰਦਾ ਸੀ, ਪਰ ਥੋੜੇ ਚਿਰ ਵਿਚ ਹੀ ਮਾੜੇ ਦੀ ਮਦਦ ਉਤੇ ਹੋਰ ਖੜੇ ਹੋ ਜਾਂਦੇ ਹਨ। ਿ ਰ ਤਕੜੇ ਨੂੰ ਮਾਰ ਪੈਂਦੀ ਸੀ, ਤੇ ਉਸ ਦੀ ਮਦਦ ਉਤੇ ਹੋਰ ਖੜੇ ਹੋ ਜਾਂਦੇ ਸਨ ਤੇ ਖੂਬ ਜੰਗ ਮਚਦਾ ਸੀ। ਇਨ੍ਹਾਂ ਬੰਦਰਾਂ ਦਾ ਇਕ ਸਰਦਾਰ ਹੋਂਦਾ ਹੈ ਜੋ ਸਭ ਨਾਲੋਂ ਤਕੜਾ ਹੋਂਦਾ ਹੈ। ਉਹ ਇਸ ਘਮਸਾਨ ਦੀ ਲੜਾਈ ਵਿਚ ਸ਼ਾਮਿਲ ਨਹੀਂ ਹੋਂਦਾ ਸੀ। ਇਸ ਮੋਟੇ ਬੰਦਰ ਦਾ ਨਾਮ ਮੁੰਡਿਆਂ ਨੇ ਗੋਹਲੂ ਰੱਖ ਲਿਆ ਸੀ। ਗੋਹਲੂ ਪਹਿਲਾਂ ਤਾਂ ਲੜਾਈ ਵਲ ਵੇਖਦਾ ਹੀ ਨਹੀਂ ਪਰ ਜੇ ਛੇਤੀ ਨਾ ਮੁਕੇ ਤੇ ਲੜਾਈ ਵਧ ਜਾਏ ਤਾਂ ਫਿਰ ਇਹ ਉਧਰ ਤਾੜਦਾ ਹੈ, ਤੇ ਜੇ ਹੋਰ ਲੜਾਈ ਵਧੇ ਤਾਂ ਇਹ ਘੁਰਕੀ ਲੈ ਕੇ ਜਾ ਪੈਂਦਾ ਸੀ ਤੇ ਸਭ ਲੜਾਈ ਛੱਡ ਕੇ ਲਾਂਭੇ ਹੋ ਜਾਂਦੇ ਸਨ।

ਇਸ ਤਰ੍ਹਾਂ ਇਹ ਗੋਹਲੂ ਲੜਾਈ ਮੁਕਾਣ ਵਾਲਾ ਸਰਦਾਰ ਹੈ। ਪਰ ਜੇ ਕੋਈ ਆਦਮੀ ਕਿਸੇ ਬੰਦਰ ਜਾਂ ਬੱਚੇ ਨੂੰ ਰੋਟੀ ਪਾਏ ਤਾਂ ਇਹ ਝਟ ਉਸ ਦੀ ਬਾਂਹ ਮਰੋੜ ਕੇ ਰੋਟੀ ਖੋਹ ਲੈਂਦਾ ਹੈ। ਜੇ ਕਿਸੇ ਬੱਚੇ ਜਾਂ ਬੰਦਰ ਨੇ ਰੋਟੀ ਮੂੰਹ ਵਿਚ ਪਾ ਲਈ ਹੋਵੇ ਤਾਂ ਇਹ



Digitized by Panjab Digital Library | www.panjabdigilib.org

ਉਸ ਨੂੰ ਗਰਦਨੋਂ ਫੜ ਕੇ ਢਾਹ ਲੈਂਦਾ ਸੀ ਤੇ ਮੂੰਹ ਵਿਚੋਂ ਵੀ ਰੋਟੀ ਕੱਢ ਲੈਂਦਾ ਸੀ, ਸਿਵਾਏ ਉਸ ਰੋਟੀ ਦੇ ਜੋ ਉਸ ਗ਼ਰੀਬ ਨੇ ਛੇਤੀ ਨਾਲ ਆਪਣੀ ਥੈਲੀ ਵਿਚ ਲੰਘਾ ਲਈ ਹੋਵੇ। (ਇਹ ਆਪ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਬੰਦਰ ਦੇ ਗਲੇ ਵਿਚ ਇਕ ਥੈਲੀ ਜਹੀ ਹੋਂਦੀ ਹੈ, ਜਿਸ ਵਿਚ ਉਹ ਸਭ ਰੋਟੀ ਆਦਿ ਜਮ੍ਹਾਂ ਕਰ ਲੈਂਦਾ ਹੈ, ਤੇ ਵਿਹਲੇ ਸਮੇਂ ਕਢ ਕੇ ਉਥੋਂ ਸਵਾਦ ਨਾਲ ਖਾਂਦਾ ਹੈ। ਇਸੇ ਥੈਲੀ ਦੀ ਨਕਲ ਉਤੇ ਕੈਦੀ ਗਲੇ ਵਿਚ ਗੋਣਾ ਬਣਾਂਦੇ ਹਨ, ਜਿਥੇ ਜੇਹਲ ਅਫਸਰ ਤੋਂ ਚੋਰੀ ਰੁਪੈ ਰਖ ਲੈਂਦੇ ਹਨ।) ਇਸ ਤਰ੍ਹਾਂ ਇਹ ਗੋਹਲੂ ਬੜਾ ਜ਼ਾਲਮ ਹੈ। ਇਕ ਦਿਨ ਮੈਂ ਵੇਖਿਆ ਕਿ ਪੌਂਟੇ ਸਾਹਿਬ ਦੇ ਹੇਠਾਂ ਰਹਿਣ ਵਾਲੇ ਇਕ ਸਾਧੂ ਨੇ ਬੰਦਰਾਂ ਨੂੰ ਬਹੁਤ ਸਾਰਾ ਆਟੇ ਦਾ ਛੂਲਰ ਇਕ ਸਿਲ੍ਹ ਉਤੇ ਪਾਇਆ। ਗੋਹਲੂ ਨੇ ਸਭ ਨੂੰ ਘੂਰ ਕੇ ਲਾਂਭੇ ਕਰ ਦਿੱਤਾ ਤੇ ਆਪ ਇਕਲਾ ਬਹਿ ਕੇ ਮਜ਼ੇ ਮਜ਼ੇ ਆਪਣਾ ਥੈਲਾ ਭਰਨ ਲੱਗ ਪਿਆ। ਬਾਕੀ ਦੇ ਬੰਦਰ ਬੰਦਰੀਆਂ ਲਾਂਭੇ ਦੇ ਦਰਖ਼ਤਾਂ ਵਿਚ ਲੁਕੇ ਹੋਏ ਹਸਰਤ ਦੀ ਨਜ਼ਰ ਨਾਲ ਵੇਖ ਰਹੇ ਸਨ। ਮੈਨੂੰ ਇਸ ਜ਼ਾਲਮ ਸਰਮਾਏਦਾਰ ਉਤੇ ਗੁੱਸਾ ਤਾਂ ਬਹੁਤ ਆਇਆ ਪਰ ਮੈਂ ਚੁਪ ਕਰ ਕੇ ਵੇਖਣ ਲੱਗ ਪਿਆ। ਪਰਲੇ ਬੂਟਿਆਂ ਵਿਚੋਂ ਇਕ ਬੰਦਰ ਦਾ ਬੱਚਾ ਨਿਕਲਿਆ। ਉਹ ਅਜੇ ਕੋਈ ਪੰਦਰਾਂ ਵੀਹ ਗਜ਼ ਦੂਰ ਹੋਵੇਗਾ ਕਿ ਇਹ ਗੋਹਲੂ ਆ ਣਾ ਖਾਣਾ ਛੱਡ ਕੇ ਉਸ ਉਤੇ ਟੁੱਟ ਕੇ ਜਾ ਪਿਆ। ਉਹ ਬੱਚਾ ਭੱਜਾ ਪਰ ਇਸ ਗੋਹਲੂ ਨੇ ਉਸ ਨੂੰ ਚੰਗਾ ਮਰੋੜਿਆ। ਮੈਂ ਉਸ ਬੱਚੇ ਦੀ ਸਹਾਇਤਾ ਨਹੀਂ ਕਰ ਸਕਦਾ ਸਾਂ ਕਿਉਂਕਿ ਉਹ ਦਰਿਆ ਦੇ ਲਾਗੇ ਦੇ ਝਾੜਾਂ ਵਿਚੋਂ ਨਿਕਲ ਕੇ ਠਾਕਰ ਦਵਾਰੇ ਦੇ ਪਿਛੇ ਹੋ ਗਏ ਸਨ, ਤੇ ਮੈਂ ਉਧਰ ਜਾ ਨਹੀਂ ਸਕਦਾ ਸਾਂ। ਜਦ ਗੋਹਲੂ ਉਧਰ ਗਿਆ ਤਾਂ ਦਰਖ਼ਤਾਂ ਵਿਚ ਲੁਕੇ ਬਾਕੀ ਬੰਦਰ ਬੰਦਰੀਆਂ ਆ ਉਸ ਛੂਲਰ ਨੂੰ ਪਏ।



Digitized by Panjab Digital Library | www.panjabdigilib.org

ਗੋਹਲੂ ਉਧਰੋਂ ਮੁੜਿਆ ਤੇ ਅਗੇ ਛੂਲਰ ਅੱਧਾ ਹੋਇਆ ਪਿਆ ਸੀ। ਗੋਹਲੂ ਦੇ ਆਉਣ ਉਤੇ ਸਭ ਭਜ ਗਏ ਤੇ ਹੁਣ ਗੋਹਲੂ ਕਿਸੇ ਦੇ ਮਗਰ ਨਾ ਪਿਆ। ਗੋਹਲੂ ਆਪਣਾ ਥੈਲਾ ਭਰ ਕੇ ਪਰੇ ਹੋ ਗਿਆ ਤੇ ਫਿਰ ਸਾਰੇ ਬੰਦਰ ਬੰਦਰੀਆਂ ਭੱਜ ਕੇ ਆ ਗਏ ਤੇ ਫਿਰ ਬਾਕੀ ਛੂਲਰ ਖਾਣ ਲੱਗ ਪਏ।

ਮੈਂ ਕਈ ਵੇਰਾਂ ਛੋਟੇ ਬੱਚਿਆਂ ਨੂੰ ਦਾਣੇ ਤੇ ਰੋਟੀ ਪਾਂਦਾ ਸਾਂ। ਪਰ ਇਤਨੇ ਥੋੜੇ ਥੋੜੇ ਕਰ ਕੇ ਪਾਂਦਾ ਸਾਂ ਕਿ ਉਹ ਅਗਲਾ ਲੰਘਾ ਲੈਣ ਤੇ ਹੋਰ ਦੇਵਾਂ। ਕਿਉਂਕਿ ਜੇ ਜ਼ਰਾ ਵੀ ਉਸ ਦੇ ਹੱਥ ਜਾਂ ਮੂੰਹ ਵਿਚ ਪਾਇਆ ਹੋਇਆ ਹੁੰਦਾ ਤਾਂ ਗੋਹਲੂ ਝਟ ਟੁੱਟ ਪੈਂਦਾ ਸੀ ਤੇ ਬੱਚੇ ਦਾ ਬੁਰਾ ਹਾਲ ਕਰਦਾ ਸੀ। ਇਕ ਦਿਨ ਮੈਂ ਇਕ ਬੱਚੇ ਨੂੰ ਥੋੜ੍ਹੀ ਥੋੜ੍ਹੀ ਰੋਟੀ ਪਾ ਕੇ ਖੁਆ ਰਿਹਾ ਸਾਂ। ਗੋਹਲੂ ਲਾਗੇ ਬੈਠਾ ਵੇਖ ਰਿਹਾ ਸੀ, ਪਰ ਉਸ ਦੀ ਵਾਹ ਨਹੀਂ ਚਲਦੀ ਸੀ। ਕਿਉਂਕਿ ਮੈਂ ਤਾਂ ਇਕ ਬੁਰਕੀ ਤੋਂ ਵਧ ਸੁੱਟਦਾ ਹੀ ਨਹੀਂ ਸਾਂ, ਜੋ ਉਹ ਬੱਚਾ ਝਟ ਲੰਘਾ ਕੇ ਥੈਲੀ ਵਿਚ ਪਾ ਲੈਂਦਾ ਸੀ। ਇਸ ਤਰ੍ਹਾਂ ਜਦ ਬੱਚੇ ਨੂੰ ਚੋਖੀ ਸਾਰੀ ਰੋਟੀ ਮਿਲਦੀ ਗਈ ਤਾਂ ਗੋਹਲੂ ਕੋਲੋਂ ਨਾ ਰਹਿਆ ਗਿਆ। ਉਹ ਬੱਚੇ ਨੂੰ ਆ ਪਿਆ ਤੇ ਉਸ ਨੂੰ ਬੁਰੀ ਤਰ੍ਹਾਂ ਝੰਜੋੜਨਾ ਸ਼ੁਰੂ ਕਰ ਦਿੱਤਾ, ਭਾਵੇਂ ਉਸ ਬੱਚੇ ਕੋਲ ਰੋਟੀ ਨਾ ਵੀ ਸੀ। ਇਹ ਵੇਖ ਕੇ ਉਸ ਬੱਚੇ ਦੀ ਮਾਂ ਗੋਹਲੂ ਤੇ ਆ ਪਈ। ਇਕ ਹੋਰ ਅੰਜਾਣਾ ਬੱਚਾ ਇਸ ਮਾਂ ਦੀ ਛਾਤੀ ਨਾਲ ਲੱਗਾ ਹੋਇਆ ਸੀ। ਗੋਹਲੂ ਇਸ ਨੂੰ ਵੀ ਉਠ ਪਿਆ। ਇਹ ਵੇਖ ਕੇ ਇਕ ਹੋਰ ਬੰਦਰੀ ਜਿਸ ਦੀ ਛਾਤੀ ਨਾਲ ਵੀ ਬੱਚਾ ਸੀ ਆ ਪਈ। ਦੋਹਾਂ ਨੇ ਗੋਹਲੂ ਨੂੰ ਪੈਰੋਂ ਕੱਢ ਲਿਆ। ਗੋਹਲੂ ਉਠ ਭੱਜਾ ਪਰ ਉਹ ਤੇਜ਼ ਨਹੀਂ ਨਸ ਸਕਦਾ ਸੀ। ਬੰਦਰੀਆਂ ਵੀ ਬਾਹਲਾ ਨੇੜੇ ਜਾਣ ਦਾ ਹੌਂਸਲਾ ਨਹੀਂ ਕਰਦੀਆਂ ਸਨ। ਬੰਦਰੀ ਆਪਣੇ ਬੱਚਿਆਂ ਨਾਲ



Digitized by Panjab Digital Library | www.panjabdigilib.org

ਵੱਡੇ ਹੋਂਦੇ ਤਕ ਪਿਆਰ ਰਖਦੀ ਹੈ। ਹੋਰ ਜਾਨਵਰਾਂ ਵਿਚ ਤਾਂ ਇਹ ਹੈ ਕਿ ਜਦ ਬੱਚੇ ਨੇ ਦੁੱਧ ਛਡਿਆ ਤਾਂ ਮਾਂ ਬੱਚੇ ਦਾ ਕੋਈ ਸੰਬੰਧ ਨਾ ਰਿਹਾ। ਪਰ ਬੰਦਰੀ ਵਿਚ ਆਦਮੀ ਵਰਗਾ ਪਿਆਰ ਹੈ। ਦੁੱਧ ਪੀਣ ਵਾਲਾ ਬੱਚਾ ਤਾਂ ਬੰਦਰੀ ਦੀ ਛਾਤੀ ਨਾਲ ਲੱਗਾ ਹੋਂਦਾ ਹੈ ਜਾਂ ਕਦੀ ਉਸ ਦੀ ਪਿਠ ਉਤੇ ਚੜ੍ਹਿਆ ਹੋਂਦਾ ਹੈ। ਇਕ ਹੋਰ ਅੰਜਾਣਾ ਬੱਚਾ ਉਸ ਦੇ ਲਾਗੇ ਲਾਗੇ ਹੀ ਰਹਿੰਦਾ ਹੈ ਤੇ ਮਾਂ ਉਸ ਦੀ ਰਖਿਆ ਕਰਦੀ ਹੈ। ਤੀਜਾ ਵੱਡਾ ਬੱਚਾ ਜੱਥੇ ਵਿਚ ਰਲਿਆ ਹੋਂਦਾ ਹੈ ਤੇ ਮਾਂ ਵੇਲੇ ਕੁਵੇਲੇ ਉਸ ਦੀ ਵੀ ਮਦਦ ਕਰਦੀ ਹੈ। ਇਸ ਤੋਂ ਛੁਟ ਮੈਂ ਇਹ ਗਲ ਵੀ ਦੇਖੀ ਹੈ ਕਿ ਬੰਦਰਾਂ ਵਿਚ ਭੈਣਾਂ ਭਰਾਵਾਂ ਤੇ ਹੋਰ ਰਿਸ਼ਤੇਦਾਰਾਂ ਦਾ ਪਿਆਰ ਵੀ ਹੋਂਦਾ ਹੈ। ਉਪਰਲੇ ਸਾਕੇ ਵੇਲੇ ਗੋਹਲੂ ਦੇ ਲਾਗੇ ਹੋਰ ਵੀ ਬੰਦਰੀਆਂ ਬੰਦਰ ਸਨ। ਮਾਂ ਨੇ ਭਲਾ ਆਪਣੇ ਬੱਚੇ ਦੀ ਮਦਦ ਲਈ ਆਉਣਾ ਹੀ ਸੀ, ਪਰ ਸਾਰੀਆਂ ਬੰਦਰੀਆਂ ਵਿਚੋਂ ਉਹ ਇਕ ਕਿਉਂ ਆ ਪਈ ? ਜ਼ਰੂਰ ਉਸ ਬੱਚੇ ਦੀ ਮਾਸੀ ਹੋਣੀ ਹੈ। ਭੂਆ ਨਹੀਂ ਹੋ ਸਕਦੀ ਕਿਉਂਕਿ ਗਲਿਆਂ ਵਿਚ ਰਹਿਣ ਵਾਲਿਆਂ ਜਾਨਵਰਾਂ ਦਾ ਪਿਆਰ ਕੇਵਲ ਮਾਂ ਤੇ ਮਾਂ ਰਾਹੀਂ ਬਣੇ ਰਿਸ਼ਤੇਦਾਰਾਂ ਨਾਲ ਹੀ ਹੋ ਸਕਦਾ ਹੈ। ਫਿਰ ਇਕ ਹੋਰ ਲੜਾਈ ਜੋ ਮੈਂ ਵੇਖੀ ਹੈ, ਲਿਖਦਾ ਹਾਂ।

ਇਕ ਵੇਰਾਂ ਮੈਂ ਜਮਨਾ ਦੇ ਕੰਢੇ ਸਰਕਾਰੀ ਕੁਟੀਆ ਵਿਚ ਬੈਠਾ ਲਿਖ ਰਿਹਾ ਸਾਂ ਤੇ ਬੰਦਰਾਂ ਦਾ ਗਲਾ ਮੇਰੇ ਕੋਲ ਆ ਗਿਆ। ਇਕ ਬੰਦਰੀ ਨੇ ਇਕ ਬੱਚੀ ਨੂੰ ਖੂਬ ਪਲਟਿਆ। ਉਸ ਨੇ ਚੀਂ ਚੀਂ ਕੀਤੀ। ਨੇੜੇ ਖੜੇ ਬੰਦਰ ਬੰਦਰੀਆਂ ਵਿਚੋਂ ਕੋਈ ਉਸ ਅੰਜਾਣੀ ਬੱਚੀ ਦੀ ਮਦਦ ਉਤੇ ਨਾ ਅਪੜਿਆ। ਪਰੋਂ ਇਕ ਬੱਚਾ 'ਖਹੁੰ ਖਹੁੰ' ਕਰਦਾ ਗੁੱਸੇ ਵਿਚ ਭਜ ਕੇ ਆਇਆ। ਇਹ ਬੱਚਾ ਉਸ ਬੱਚੀ ਨਾਲੋਂ ਥੋੜ੍ਹਾ ਹੀ ਵੱਡਾ ਹੋਵੇਗਾ, ਪਰ ਇਸ ਦੇ



Digitized by Panjab Digital Library | www.panjabdigilib.org

ਅਪੜਨ ਉਤੇ ਉਹ ਵੱਡੀ ਭੈਣ ਉਸ ਬੱਚੀ ਨੂੰ ਛੱਡ ਕੇ ਭਜ ਕੇ ਝਾੜੀਆਂ ਵਿਚ ਜਾ ਵੜੀ। ਫਿਰ ਇਹ ਬੱਚਾ ਪਰੇ ਹੋ ਕੇ ਘਾਹ ਚੁਗਣ ਲੱਗ ਪਿਆ। ਉਹ ਬੰਦਰੀ ਝਾੜੀਆਂ ਵਿਚੋਂ ਨਿਕਲੀ ਤੇ ਉਸ ਬੱਚੇ ਨੇ ਜੋ ਹਾਲਾਂ ਝਾੜੀਆਂ ਲਾਗੇ ਹੀ ਸੀ, ਨੇ ਇਸ ਡੈਣ ਨੂੰ ਵੇਖਦੇ ਸਾਰ ਹੀ ਫਿਰ 'ਚੀਂ ਚੀਂ' ਕੀਤੀ। ਫਿਰ ਉਹੋ ਬੱਚਾ ਭਜ ਕੇ ਆਇਆ ਤੇ ਫਿਰ ਉਹ ਡੈਣ ਨਸ ਗਈ। ਹੁਣ ਉਹ ਬੱਚਾ ਉਸ ਬੱਚੀ ਦੇ ਲਾਗੇ ਲਾਗੇ ਹੀ ਚੁਗਣ ਲੱਗ ਪਿਆ। ਇਸ ਤੋਂ ਪਹਿਲਾਂ ਜਦ ਕਦੀ ਕਿਸੇ ਬੱਚੇ ਨੂੰ ਕੋਈ ਦੂਜਾ ਮਾਰਦਾ ਸੀ ਤਾਂ ਉਸ ਦੀ ਮਾਂ ਮਦਦ ਉਤੇ ਆਉਂਦੀ ਸੀ। ਇਸ ਵੇਰਾਂ ਕੋਈ ਮਾਂ ਨਹੀਂ ਸੀ ਆਈ, ਸਗੋਂ ਇਕ ਹੋਰ ਬੱਚਾ ਹੀ ਆਇਆ ਸੀ। ਮੈਂ ਸਮਝਿਆ ਇਸ ਬੱਚੀ ਦੀ ਮਾਂ ਮਰ ਚੁਕੀ ਹੈ ਤੇ ਇਹ ਬੱਚਾ ਇਸ ਦਾ ਭਰਾ ਹੈ, ਜੋ ਭੈਣ ਦੀ ਮਦਦ ਉਤੇ ਅਪੜਿਆ ਹੈ। ਇਸ ਕਰ ਕੇ ਬੰਦਰਾਂ ਵਿਚ ਭੈਣਾਂ ਭਰਾਵਾਂ ਤੇ ਹੋਰ ਰਿਸ਼ਤੇਦਾਰਾਂ ਦੀ ਮੁਹੱਬਤ ਵੀ ਹੋਂਦੀ ਹੈ। ਮਾਲੂਮ ਹੋਂਦਾ ਹੈ ਕਿ ਇਸੇ ਅਸੂਲ ਅਨੁਸਾਰ ਹੀ ਇਨ੍ਹਾਂ ਦੀ ਆਪੋ ਵਿਚ ਲੜਾਈ ਹੋਂਦੀ ਹੈ। ਸੱਕੇ ਸੱਕੇ ਲੜਾਈ ਵਿਚ ਇਕੱਠੇ ਹੋ ਜਾਂਦੇ ਹਨ।

ਗੋਹਲੂ ਦੇ ਜ਼ੁਲਮ ਵੇਖ ਕੇ ਮੈਂ ਪਹਿਲਾਂ ਇਤਨਾ ਗੁੱਸੇ ਵਿਚ ਆਉਂਦਾ ਸਾਂ ਕਿ ਮੈਂ ਹੈਰਾਨ ਹੁੰਦਾ ਸਾਂ ਕਿ ਇਹ ਦੈਂਤ ਇਹਨਾਂ ਵਿਚ ਰਹਿੰਦਾ ਹੀ ਕਿਉਂ ਹੈ? ਪਰ ਮਗਰੋਂ ਮੈਂ ਇਸ ਦੀ ਸੇਵਾ ਵੀ ਦੇਖੀ। ਇਹ ਸਭ ਕੋਲੋਂ ਖੋਹ ਕੇ ਖਾਂਦਾ ਹੈ ਤੇ ਸਭ ਨੂੰ ਘੂਰਦਾ ਹੈ, ਪਰ ਇਹ ਸਭ ਦੀ ਰਖਿਆ ਕਰਦਾ ਹੈ ਤੇ ਇਸ ਰਖਿਆ ਵਿਚ ਆਪਣੀ ਜਾਨ ਹੂਲਣ ਤਕ ਜਾਂਦਾ ਹੈ। ਜਦ ਕੋਈ ਕੁੱਤਾ ਜਾਂ ਆਦਮੀ ਬੰਦਰਾਂ ਉਤੇ ਹਮਲਾ ਕਰੇ ਤਾਂ ਬਾਕੀ ਸਾਰੇ ਭਜ ਕੇ ਦਰਖ਼ਤਾਂ ਉਤੇ ਚੜ੍ਹ ਜਾਂਦੇ ਹਨ, ਪਰ ਇਹ ਗੋਹਲੂ ਹਮਲਾ ਕਰਨ ਵਾਲੇ ਦਾ ਮੁਕਾਬਲਾ ਕਰਦਾ ਹੈ ਤੇ



Digitized by Panjab Digital Library | www.panjabdigilib.org

ਅਜੇਹੀ ਉਸਤਾਦੀ ਨਾਲ ਝਹੀਆਂ ਲੈਂਦਾ ਹੈ ਕਿ ਹਮਲਾ ਕਰਨ ਵਾਲੇ ਦੇ ਕਾਬੂ ਵੀ ਨਹੀਂ ਚੜ੍ਹਦਾ ਤੇ ਉਸ ਨੂੰ ਦੂਜਿਆਂ ਦੇ ਮਗਰ ਵੀ ਨਹੀਂ ਜਾਣ ਦੇਂਦਾ। ਜਦ ਸਭ ਦਰਖ਼ਤਾਂ ਉਤੇ ਚੜ੍ਹ ਜਾਂਦੇ ਹਨ ਤਾਂ ਫਿਰ ਗੋਹਲੂ ਚੜ੍ਹਦਾ ਹੈ। ਜੇ ਕੋਈ ਆਦਮੀ ਜਾਂ ਕੋਈ ਜਾਨਵਰ ਕਿਸੇ ਬੱਚੇ ਨੂੰ ਪਕੜੇ ਤਾਂ ਇਹ ਗੋਹਲੂ ਟੁੱਟ ਕੇ ਆ ਪੈਂਦਾ ਹੈ। ਇਕ ਦਿਨ ਗੁਰਦਵਾਰੇ ਦੇ ਲੰਗਰ ਦੇ ਅਹਾਤੇ ਵਿਚ ਇਕ ਕੁੱਤੇ ਨੇ ਇਕ ਬੱਚੇ ਨੂੰ ਪਕੜ ਲਿਆ। ਗੋਹਲੂ ਅਣਝਕ ਹੋ ਕੇ ਪਿਆ ਤੇ ਉਸ ਨੇ ਕੁੱਤੇ ਨੂੰ ਕੰਨੋਂ ਪਕੜ ਕੇ ਉਸ ਦੀ ਗਰਦਨ ਮਰੋੜੀ। ਇਤਨੇ ਨੂੰ ਹੋਰ ਆਦਮੀ ਪੁੱਜ ਗਏ ਤੇ ਬੱਚੇ ਨੂੰ ਕੁੱਤੇ ਤੋਂ ਛੁਡਾ ਲਿਆ। ਸਰਦਾਰ ਅਮਰ ਸਿੰਘ ਜੀ ਦੇ ਮੁੰਡਿਆਂ ਨੇ ਇਕ ਬੱਚੇ ਨੂੰ ਅੰਦਰ ਘੇਰਕੇ ਫੜ ਲਿਆ। ਜਦ ਗੋਹਲੂ ਨੂੰ ਪਤਾ ਲਗਾ ਤਾਂ ਉਹ ਬੱਚੇ ਕੋਲ ਖੜੇ ਮੁੰਡਿਆਂ ਉਤੇ ਭਜ ਭਜ ਕੇ ਪਵੇ। ਇਥੋਂ ਤਕ ਕਿ ਮੈਨੂੰ ਭਜ ਕੇ ਮੁੰਡਿਆਂ ਦਾ ਬਚਾਓ ਕਰਨਾ ਪਿਆ। ਇਕ ਵੇਰਾਂ ਇਕ ਦੁੱਧ ਪੀਣ ਵਾਲਾ ਬੱਚਾ ਗੁਰਦਵਾਰੇ ਦੀ ਕੰਧ ਉਤੇ ਬੈਠਾ ਚੀਕ ਰਿਹਾ ਸੀ ਤੇ ਉਸ ਦੀ ਮਾਂ ਨਹੀਂ ਸੀ ਬਹੁੜਦੀ। ਬਾਹਲਾ ਚਿਰ ਹੋ ਗਿਆ ਤਾਂ ਗਿਆਨੀ ਦੂਨਾ ਸਿੰਘ ਜੀ ਉਸੇ ਬੱਚੇ ਵਲ ਟੁਰੇ। ਗੋਹਲੂ ਦੂਰ ਬੈਠਾ ਵੇਖ ਰਿਹਾ ਸੀ। ਜਦ ਗਿਆਨੀ ਜੀ ਲਾਗੇ ਗਏ ਤਾਂ ਗੋਹਲੂ ਛੂਟ ਕਰਕੇ ਅਜਿਹੇ ਜ਼ੋਰ ਤੇ ਹੌਂਸਲੇ ਨਾਲ ਪਿਆ ਕਿ ਗਿਆਨੀ ਜੀ ਭਜ ਗਏ। ਮੇਰੇ ਹੱਥ ਵਿਚ ਉਸ ਵੇਲੇ ਵਡੀ ਕਿਰਪਾਨ ਫੜੀ ਹੋਈ ਸੀ। ਜੇਕਰ ਮੈਂ ਝਟਪਟ ਭਜਕੇ ਗਿਆਨੀ ਜੀ ਦੀ ਮਦਦ ਉਤੇ ਨਾ ਅਪੜਦਾ ਤਾਂਗੋਹਲੂ ਨੇ ਗਿਆਨੀ ਜੀ ਨੂੰ ਤਾਂ ਢਾਹ ਹੀ ਲਿਆ ਸੀ। ਮੇਰੇ ਅਪੜਨ ਉਤੇ ਗੋਹਲੂ ਉਸ ਬੱਚੇ ਨੂੰ ਨਾਲ ਲੈਕੇ ਭਜਕੇ ਇਕ ਝਾੜ ਵਿਚ ਜਾ ਵੜਿਆ ਇਕ ਦੁੱਧ ਪੀਣੇ ਬੱਚੇ ਦੀ ਮਾਂ ਮਰ ਗਈ। ਗੋਹਲੂ ਉਸਨੂੰ ਨਾਲ ਲਈ ਫਿਰਦਾ ਸੀ। ਉਸ ਬੱਚੇ ਨੂੰ ਆਪ ਖਵਾਂਦਾ ਸੀ। ਮਾਂ ਬੱਚੇ



Digitized by Panjab Digital Library | www.panjabdigilib.org

ਨੂੰ ਦੁੱਧ ਪਲਾਂਦੀ ਹੈ ਪ ' ਉਹ ਆਪਣੀ ਇਕੱਠੀ ਕੀਤੀ ਖ਼ੁਰਾਕ ਵਿਚੋਂ ਇਸ ਅੰਜਾਣੇ ਬੱਚੇ ਨੂੰ ਪਾਲਦਾ ਸੀ। ਜਦ ਕੋਈ ਮਗਰ ਭਜਦਾ ਸੀ ਤਾਂ ਗੋਹਲੂ ਬੱਚੇ ਨੂੰ ਚੁਕ ਕੇ ਦਰਖ਼ਤ ਉਤੇ ਚੜ੍ਹ ਜਾਂਦਾ ਸੀ।

ਇਕ ਦਿਨ ਮੁੰਡਿਆਂ ਨੇ ਬੰਦਰ ਫੜਨ ਲਈ ਫਾਹੀ ਲਈ ਉਨ੍ਹਾਂ ਇਕ ਲੰਮੀ ਰੱਸੀ ਲਈ ਤੇ ਕਿੱਲਾ ਗਡਿਆ। ਰੱਸੀ ਦਾ ਇਕ ਸਿਰਾ ਕਿੱਲੇ ਨਾਲ ਬੰਨ੍ਹ ਦਿੱਤਾ। ਰੱਸੀ ਦੇ ਵਿਚਕਾਰ ਇਕ ਟੋਰਵੀਂ ਗੰਢ ਪਾ ਦਿੱਤੀ ਪਰ ਉਸਨੂੰ ਖੁਲ੍ਹਾ ਰਖਿਆ। ਇਕ ਟੋਆ ਪੁਟ ਕੇ ਉਸ ਉਤੇ ਇਸ ਗੰਢ ਦਾ ਖੁਲ੍ਹਾ ਮੂੰਹ ਰਖ ਦਿੱਤਾ। ਤੇ ਟੋਏ ਵਿਚ ਰੋਟੀ ਰਖ ਦਿੱਤੀ। ਰੱਸੀ ਦਾ ਦੂਜਾ ਸਿਰਾ ਫੜ ਕੇ ਮੁੰਡੇ ਦੂਰ ਬੈਠ ਗਏ। ਭਾਵ ਇਹ ਸੀ ਕਿ ਜਦ ਰੋਟੀ ਲੈਣ ਲਈ ਕੋਈ ਬੰਦਰ ਟੋਏ ਵਿਚ ਹੱਥ ਪਾਵੇ ਤਾਂ ਰੱਸੀ ਖਿਚ ਲਈ ਜਾਵੇ ਤੇ ਬੰਦਰ ਦੀ ਬਾਂਹ ਵਿਚ ਗੰਢ ਪੈ ਜਾਵੇ।

ਇਤਫਾਕ ਨਾਲ ਪਹਿਲਾਂ ਗੋਹਲੂ ਹੀ ਆ ਗਿਆ। ਉਸ ਨੇ ਰੱਸੀ ਵੇਖੀ, ਟੋਆ ਵੇਖਿਆ, ਕਿੱਲਾ ਵੇਖਿਆ, ਮੁੰਡੇ ਵੇਖੇ, ਰੋਟੀ ਵੇਖੀ ਤੇ ਟੋਏ ਤੋਂ ਜ਼ਰਾ ਪਰੇ ਹੋ ਕੇ ਬਹਿ ਗਿਆ। ਜਿਹੜਾ ਬੰਦਰ ਆਵੇ ਉਸਨੂੰ ਗੋਹਲੂ ਘੂਰ ਕੇ ਪਵੇ ਤੇ ਭਜਾ ਦੇਵੇ। ਕਿਸੇ ਨੂੰ ਇਸ ਟੋਏ ਲਾਗੇ ਭੀ ਨਾ ਜਾਣ ਦੇਵੇ। ਇਹ ਵੇਖ ਕੇ ਮੁੰਡਿਆਂ ਨੇ ਗੋਹਲੂ ਨੂੰ ਪਥਰ ਮਾਰ ਕੇ ਭਜਾਇਆ ਤੇ ਕੁਝ ਚਿਰ ਮਗਰੋਂ ਇਕ ਛੋਟਾ ਜਿਹਾ ਬੱਚਾ ਫਸਿਆ।

ਇਹ ਗਲ ਵੇਖਕੇ ਮੇਰਾ ਗੋਹਲੂ ਵਿਰੁਧ ਗੁੱਸਾ ਹਟ ਗਿਆ। ਉਹ ਭਾਵੇਂ ਸਭ ਨੂੰ ਮਾਰਦਾ ਸੀ ਤੇ ਸਭ ਤੋਂ ਖੋਹ ਕੇ ਖਾਂਦਾ ਸੀ ਪਰ ਉਹ ਸਭ ਦੀ ਰਖਿਆ ਕਰਦਾ ਹੈ। ਬੇ ਆਸਰੇ ਬੱਚਿਆਂ ਨੂੰ ਪਾਲਦਾ ਹੈ ਤੇ ਖਤਰੇ ਵੇਲੇ ਆਪਣੀ ਜਾਨ ਨੂੰ ਹੂਲਦਾ ਹੈ। ਇਹ ਚੇਤੇ ਰਖੋ ਕਿ ਗੋਹਲੂ ਬੜਾ ਉਸਤਾਦ ਹੈ। ਇਸ ਤਰ੍ਹਾਂ ਹੌਸਲੇ



Digitized by Panjab Digital Library | www.panjabdigilib.org

ਨਾਲ ਝਹੀ ਲੈ ਕੇ ਆਉਂਦਾ ਹੈ ਜਿਸ ਤਰ੍ਹਾਂ ਇਸ ਨੇ ਮਾਰ ਹੀ ਲੈਣਾ ਹੁੰਦਾ ਹੈ। ਜੇ ਕੋਈ ਇਸ ਝਹੀ ਦੇ ਰੁਹਬ ਵਿਚ ਪਿਛੇ ਹਟੇ ਤਾਂ ਉਸ ਨੂੰ ਇਹ ਜਾਣ ਨਹੀਂ ਦਿੰਦਾ। ਪਰ ਜੋ ਆਪਣੇ ਕਦਮਾਂ ਉਤੇ ਤਿਆਰ ਪਰ ਤਿਆਰ ਖੜਾ ਰਹੇ ਉਸ ਦੇ ਕੋਲ ਪੁਜ ਕੇ ਝਟ ਪਿਛੇ ਨਸ ਜਾਂਦਾ ਹੈ। ਇਸ ਤਰਾਂ ਯਰਕੇ ਨੂੰ ਯਰਕਾਈਏ ਤੇ ਜੋ ਨਾ ਯਰਕੇ ਉਸ ਤੋਂ ਯਰਕ ਜਾਈਏ ਵਾਲੀ ਪਲਿਸੀ ਵਿਚ ਇਹ ਗੋਹਲੂ ਅੰਗਰੇਜ਼ਾਂ ਨੂੰ ਭੀ ਮਾਤ ਕਰ ਦੇਂਦਾ ਹੈ।

ਖਿਹਾਰੀ ਗੜ੍ਹ ਦਾ ਗੋਹਲੂ ਪੌਂਟੇ ਸਾਹਿਬ ਦੇ ਗੋਹਲੂ ਵਰਗਾ ਦਲੇਰ ਨਹੀਂ ਹੈ। ਮਲੂਮ ਹੁੰਦਾ ਹੈ ਕਿ ਇਥੋਂ ਦੇ ਕੁੱਤੇ ਤਕੜੇ ਹਨ ਜਿਨ੍ਹਾਂ ਨੇ ਗੋਹਲੂ ਨੂੰ ਡਰ ਪਾਇਆ ਹੋਇਆ ਹੈ। ਇਥੇ ਭੀ ਗੋਹਲੂ ਕੁੱਤੇ ਤੇ ਹੋਰ ਹਮਲਾ ਆਵਰਾਂ ਦੇ ਸਾਹਮਣੇ ਝਹੀਆਂ ਘੁਰਕੀਆਂ ਲੈ ਕੇ ਪੈਂਦਾ ਹੈ ਤੇ ਇਹਨਾਂ ਝਾਂਸਿਆਂ ਨਾਲ ਦੂਜੇ ਬਾਂਦਰਾਂ ਨੂੰ ਭਜ ਜਾਣ ਦਾ ਮੌਕਾ ਦੇਂਦਾ ਹੈ। ਪਰ ਕੁੱਤੇ ਦੇ ਬਾਹਲੇ ਲਾਗੇ ਨਹੀਂ ਜਾਂਦਾ ਜਿਸ ਤਰ੍ਹਾਂ ਪੌਂਟੇ ਸਾਹਿਬ ਦੇ ਗੋਹਲੂ ਨੇ ਕੁੱਤੇ ਨੂੰ ਕੰਨੋਂ ਜਾ ਫੜਿਆ ਸੀ, ਉਹ ਦਲੇਰੀ ਇਸ ਗੋਹਲੂ ਵਿਚ ਨਹੀਂ ਹੈ। ਇਥੇ ਇਕ ਹੋਰ ਗਲ ਮੈਂ ਵੇਖੀ ਹੈ। ਇਕ ਮੋਟਾ ਬੰਦਰ ਸਾਰੇ ਟੋਲੇ ਨਾਲੋਂ ਅਡਰਾ ਰਹਿੰਦਾ ਹੈ। ਰੋਜ ਮੈਂ ਵੇਖਦਾ ਰਿਹਾ ਹਾਂ ਇਹ ਬਿਲਕੁਲ ਅਡਰੀ ਥਾਂ ਉੱਤੇ ਰਹਿੰਦਾ ਹੈ ਤੇ ਟੋਲੇ ਵਿਚ ਨਹੀਂ ਰਲਦਾ। ਪਤਾ ਨਹੀਂ ਕਿ ਬੰਦਰਾਂ ਨੇ ਕਿਸੇ ਕਸੂਰ ਬਦਲੇ ਇਸ ਦਾ ਬਾਈਕਾਟ ਕੀਤਾ ਹੋਇਆ ਹੈ ਜਾਂ ਇਸ ਨੂੰ ਭੀ ਮੇਰੇ ਵਾਂਗੂ ਗੁਰ ਸੇਵਕ ਸਭਾ ਹੀ ਪਈ ਹੈ। ਸੰਢਿਆਂ ਵਾਂਗੂ ਬੰਦਰ ਇਹ ਨਹੀਂ ਕਰਦੇ ਕਿ ਇਕ ਗੋਹਲੂ ਦੂਜੇ ਨੂੰ ਮਾਰ ਕੇ ਕਢ ਦੇਵੇ। ਇਕ ਜੱਥੇ ਵਿਚ ਤਿੰਨ ਤਿੰਨ ਗੋਹਲੂ ਹੁੰਦੇ ਹਨ। ਇਕ ਵਡਾ ਗੋਹਲੂ ਹੁੰਦਾ ਹੈ ਪਰ ਦੂਜੇ ਭੀ ਉਸੇ ਤਰ੍ਹਾਂ ਦੇ ਜ਼ਿਮੇਵਾਰ ਤੇ ਤਕੜੇ ਹੁੰਦੇ ਹਨ। ਇਹ ਆਪੋ ਵਿਚ ਨਹੀਂ ਲੜਦੇ।



Digitized by Panjab Digital Library | www.panjabdigilib.org

ਮੈਂ ਕਲ ਇਥੋਂ ਟੁਰ ਪਵਾਂਗਾ ਤੇ ਰਾਤ ਸਹਾਰਨ ਪੁਰ ਜਾ ਰਹਾਂਗਾ। ਪਰਸੋਂ ਸਵੇਰੇ ਆਪਣੇ ਕੀਤੇ ਇਕਰਾਰ ਮੁਤਾਬਕ ਭੈਣੀ ਸਾਹਿਬ ਜਾਵਾਂਗਾ।

***



Digitized by Panjab Digital Library | www.panjabdigilib.org

## ੩.

### ਸਹਰਾਨ ਪੁਰ ੧੭-੧੦-੩੪

ਮੈਂ ਭੈਣੀ ਸਾਹਿਬ ਤੋਂ ਮੁੜਕੇ ਕੱਲ ਇਥੇ ਪੁਜ ਗਿਆ ਹਾਂ ਤੇ ਅਜ ਹਜ਼ੂਰ ਸਾਹਿਬ ਜਾ ਰਿਹਾ ਹਾਂ। ਭੈਣੀ ਸਾਹਿਬ ਬੜਾ ਭਾਰੀ ਇਕੱਠ ਸੀ ਤੇ ਉਸ ਇਕੱਠ ਵਿਚ ਸਿੱਖੀ ਸੇਵਾ ਤੇ ਗੁਰਬਾਣੀ ਦਾ ਪਰਵਾਹ ਚਲ ਰਿਹਾ ਸੀ। ਬਸ ਇਕ ਗਲ ਮੈਨੂੰ ਬੁਰੀ ਲਗੀ ਸੀ। ਉਹ ਇਹ ਕਿ ਕੂਕੇ ਬਬੇਕੀਆਂ ਦਾ ਲੰਗਰ ਅਡਰਾ, ਨਿਹੰਗ ਬ਼ਬੇਕੀਆ ਦਾ ਲੰਗਰ ਅਡਰਾ, ਭਸੌੜੀ ਬਬੇਕੀਆ ਦਾ ਲੰਗਰ ਅਡਰਾ ਤੇ ਆਮ ਸਿਖ ਸੰਗਤ ਦਾ ਅਡਰਾ। ਮੈਂ ਇਸ ਉਤੇ ਬਹਿਸ ਨਹੀਂ ਕਰਣਾ ਚਾਹੁੰਦਾ। ਪਰ ਜਿਥੇ ਇਸ ਤਰ੍ਹਾਂ ਅਡੋ ਅਡਰੇ ਲੰਗਰ ਹੋਣ ਕੀ ਉਥੇ ਲੰਗਰ ਦਾ ਅਸਲ ਮੰਤਵ ਉਡ ਨਹੀਂ ਜਾਂਦਾ। ਜੋ ਗੁਰਮਤੇ ਪਾਸ ਹੋਏ ਹਨ ਤੇ ਜੋ ਕਾਰਵਾਈ ਉਥੇ ਹੋਈ ਹੈ ਉਹ ਤੁਸੀਂ ਅਖਬਾਰਾਂ ਵਿਚ ਪੜ੍ਹ ਚੁਕੇ ਹੋਵੋਗੇ। ਇਸ ਦੀਵਾਨ



Digitized by Panjab Digital Library | www.panjabdigilib.org

ਉਤੇ ਆ ਕੇ ਮੇਰੇ ਦਿਲ ਵਿਚ ਬਾਬਾ ਪਰਤਾਪ ਸਿੰਘ ਜੀ ਦੀ ਲਿਆਕਤ ਦਾ ਸਿੱਕਾ ਬਹੁਤ ਬੈਠਾ ਹੈ। ਹਰ ਵੇਲੇ ਹਰ ਗਲ ਵਿਚ ਉਹਨਾਂ ਨੂੰ ਠੀਕ ਜਵਾਬ ਸੁਝਦਾ ਸੀ। ਧਾਰਮਕ ਜੀਵਨ ਕਿਸੇ ਦਾ ਛੇਤੀ ਪੜਤਾਲਣਾ ਨਾ ਸੌਖਾ ਹੁੰਦਾ ਹੈ ਤੇ ਨਾਂ ਹੀ ਚੰਗਾ ਹੀ ਹੁੰਦਾ ਹੈ। ਪਰ ਉਹਨਾਂ ਦੀ ਲਿਆਕਤ ਵੇਖਕੇ ਮੈਂ ਇਹ ਕਹਿ ਸਕਦਾ ਹਾਂ ਕਿ ਜੇ (ਕੂਕਿਆਂ ਵਿਚ) ਗੁਰਿਆਈ ਦੀ ਗਦੀ ਉਹਨਾਂ ਨੂੰ ਨਾ ਭੀ ਮਿਲੀ ਹੁੰਦੀ ਤੇ ਕੂਕੇ ਆਪ ਆਪਣਾ ਗੁਰੂ ਚੁਣਦੇ ਤਾਂ ਨਿਸਚਾ ਹੈ ਕਿ ਉਹ ਸਰਬ ਸੰਮਤੀ ਨਾਲ ਬਾਬਾ ਪਰਤਾਪ ਸਿੰਘ ਜੀ ਨੂੰ ਹੀ ਗੁਰੂ ਚੁਣਦੇ। ਉਹਨਾਂ ਵਿਚ ਆਗੂ ਦੇ ਬਹੁਤ ਸਾਰੇ ਗੁਣ ਮੌਜੂਦ ਹਨ।

ਮੈਂ ਭੈਣੀ ਸਾਹਿਬ ਦੀਵਾਨ ਵਿਚ ਕੇਵਲ ਦਰਸ਼ਕ ਦੇ ਤੌਰ ਤੇ ਹੀ ਮੌਜੂਦ ਸਾਂ। ਨਾਂ ਮੈਂ ਦੀਵਾਨ ਦੀ ਕਿਸੇ ਕਾਰਵਾਈ ਵਿਚ ਹਿੱਸਾ ਲਿਆ ਤੇ ਨਾਂ ਹੀ ਸਬਜੈਕਟ ਕਮੇਟੀ ਵਿਚ ਗਿਆ ਸਾਂ। ਭੈਣੀ ਸਾਹਿਬ ਤੋਂ ਮੈਂ ਸਿੱਧਾ ਲੁਧਿਆਣੇ ਪੁਜਾ ਤੇ ਰਾਤ ਸਰਦਾਰ ਗੁਰਦਿਤ ਸਿੰਘ ਜੀ ਦੇ ਮਕਾਨ ਉਤੇ ਰਿਹਾ। ਦੂਜੇ ਦਿਨ ਪੁਲਸ ਨੂੰ ਛਡ ਕੇ ਗਡੀ ਚੜ੍ਹ ਆਇਆ ਹਾਂ। ਲੁਧਿਆਣੇ ਆ ਕੇ ਮੈਂ ਸੁਣਿਆਂ ਹੈ ਕਿ ਜਿਸ ਸਿਪਾਹੀ ਨੂੰ ਮੈਂ ਛਡ ਆਇਆ ਹਾਂ ਉਹ ਮੁਅਤਲ ਹੋ ਗਿਆ ਹੈ। ਮੈਂ ਇਸਨੂੰ ਸਖ਼ਤ ਧਕਾ ਸਮਝਦਾ ਹਾਂ। ਕੋਈ ਇਕ ਆਦਮੀ ਇਕ ਆਦਮੀ ਦੀ ਰਾਖੀ ਨਹੀਂ ਕਰ ਸਕਦਾ ਤੇ ਮੇਰੇ ਵਰਗੇ ਦੀ ਰਾਖੀ ਤਾਂ ਦੋ ਭੀ ਨਹੀਂ ਕਰ ਸਕਦੇ। ਲੋਕੀ ਜੇਹਲਾਂ ਵਿਚੋਂ ਕੰਧਾਂ ਟਪਕੇ ਕਈ ਪਹਿਰਿਆਂ ਵਿਚੋਂ ਨਿਕਲ ਜਾਂਦੇ ਹਨ ਜਿਥੇ ਕਿ ਪਹਿਰੇਦਾਰਾਂ ਨੂੰ ਮਾਰਨ ਦਾ ਹਕ ਭੀ ਹੁੰਦਾ ਹੈ ਤੇ ਭਜਣ ਵਾਲੇ ਨੂੰ ਹਰ ਇਕ ਸਜ਼ਾ ਮਿਲ ਸਕਦੀ ਹੈ। ਇਸ ਤਰ੍ਹਾਂ ਬਾਹਿਰ ਨਿਗਰਾਨੀ ਕਰਨ ਵਾਲੇ ਸਿਪਾਹੀ ਨੂੰ ਤਾਂ ਕੋਈ ਸਵਾਲ ਪੁਛਣ ਦਾ ਹਕ ਭੀ ਨਹੀਂ ਹੈ। ਤੇ ਖੁਲੇ ਕੈਦੀ ਨੂੰ ਭਜਣ ਦੀ



Digitized by Panjab Digital Library | www.panjabdigilib.org

ਕੋਈ ਮਜ਼ਾ ਭੀ ਨਹੀਂ ਹੈ ।

## ਹਜ਼ੂਰ ਸਾਹਿਬ ਨੰਦੇੜ ੧੦-੧੧-੧੯੩੪

ਮੈਂ ਭੈਣੀ ਸਾਹਿਬ ਤੋਂ ਆ ਕੇ ਰਾਤ ਲੁਧਿਆਣੇ ਰਿਹਾ ਸਾਂ ਤੇ ੧੯ ਅਕਤੂਬਰ ਨੂੰ ਸਹਾਰਨ ਪੁਰ ਪੁਜ ਗਿਆ ਸਾਂ । ਮੈਨੂੰ ਸ਼ਕ ਸੀ ਕਿ ਲੁਧਿਆਣੇ ਦੀ ਪੁਲਸ ਮੇਰਾ ਪਿਛਾ ਕਰੇਗੀ ਕਿਉਂਕਿ ਮੈਂ ਉਨ੍ਹਾਂ ਕੋਲੋਂ ਹੀ ਅਗੇ ਖਿਸਕਿਆ ਸੀ ਤੇ ਮੈਨੂੰ ਪਤਾ ਲਗ ਚੁੱਕਾ ਸੀ ਕਿ ਜਿਸ ਸਿਪਾਹੀ ਕੋਲੋਂ ਮੈਂ ਖਿਸਕਿਆਂ ਸਾਂ ਉਹ ਮੁਅਤਲ ਹੋ ਚੁਕਾ ਹੈ । ਇਸ ਕਰਕੇ ਲੁਧਿਆਣੇ ਤੋਂ ਮੈਂ ਗਡੀ ਨਾ ਚੜ੍ਹਿਆ । ਸਰਦਾਰ ਕਪੂਰ ਸਿੰਘ ਜੀ ਨੇ ਮੈਨੂੰ ਮੋਟਰ ਵਿਚ ਅਗਲੇ ਸਟੇਸ਼ਨ ਉਤੇ ਪੁਚਵਾ ਦਿੱਤਾ ਤੇ ਉਥੋਂ ਸਹਾਰਨ ਪੁਰ ਪੁਜ ਕੇ ਮੈਂ ਗੁਰਦਵਾਰੇ ਵਿਚ ਚਲਾ ਗਿਆ । ਉਸੇ ਵੇਲੇ ਉਥੇ ਮੈਨੂੰ ਸਰਦਾਰ ਅਮਰ ਸਿੰਘ ਜੀ ਮਿਲ ਪਏ ਤੇ ਉਸੇ ਵੇਲੇ ਹੀ ਹਜ਼ੂਰ ਸਾਹਿਬ ਆਵਣ ਦੀ ਸਲਾਹ ਪਕ ਗਈ । ਮੈਂ ਸਿੱਧਾ ਦਿੱਲੀ ਪੁਜਾ ਪਰ ਉਥੋਂ ਸ਼ਾਮ ਤਕ ਕੋਈ ਗਡੀ ਨਹੀਂ ਚਲਦੀ ਸੀ । ਮੈਂ ਸਿਵਲ ਐਂਡ ਮਿਲਟਰੀ ਖਾਲਸਾ ਹੋਟਲ ਪੁਜ ਗਿਆ ਤੇ ਉਥੇ ਪਰਸ਼ਾਦ ਛਕਿਆ ਅਤੇ ਅਸਬਾਬ ਉਹਨਾਂ ਕੋਲ ਰਖ ਦਿੱਤਾ । ਆਪ ਸਾਹਮਣੇ ਹਾਰਡਿੰਗ ਲਾਇਬ੍ਰੇਰੀ ਵਿਚ ਜਾ ਬੈਠਾ । ਸ਼ਾਮ ਨੂੰ ਅਸਬਾਬ ਲੈ ਕੇ ਮੈਂ ਗੱਡੀ ਚੜ੍ਹ ਕੇ ਅਗਲੀ ਰਾਤ ਨੂੰ ਇਕ ਬਜੇ ਮਨਮਾਡ ਅਪੜ ਗਿਆ । ਰਾਹ ਵਿਚ ਮੈਂ ਹਰ ਥਾਂ ਇਹ ਗਲ ਵੇਖੀ ਕਿ ਕੇਲੇ ਬਹੁਤ ਸਸਤੇ ਹਨ । ਪਰ ਭੁਸਾਵਲ ਜੰਕਸ਼ਨ ਉਤੇ ਪੈਸੇ ਦੇ ਦੋ ਦੋ ਮੋਟੇ ਹਰੀ ਛਾਲ ਕੇਲੇ ਮਿਲਦੇ ਸਨ ਤੇ ਉਥੇ ਇਹ ਸੁਣਿਆ ਕਿ ਸ਼ਹਿਰ ਵਿਚ ਪੈਸੇ ਦੇ ਤਿੰਨ ਤਿੰਨ ਮਿਲਦੇ ਹਨ । ਮਨਮਾਡ ਸਟੇਸ਼ਨ ਆਉਣ ਉਤੇ ਮੈਂ ਆਪਣਾ ਟਿਕਟ ਲਭਾਂ ਤੇ ਟਿਕਟ ਨਾ ਲਭੇ ਸਾਰੀਆਂ ਜੇਬਾਂ ਫੋਲ ਮਾਰੀਆਂ ਤੇ ਗੁੱਥੀ ਦੀ ਨੁਕਰ ਨੁਕਰ ਟੋਲੀ ਪਰ ਟਿਕਟ ਨਾ ਲੱਭੇ, ਚੰਗਾ ਤੰਗ ਪਿਆ । ਪਰ ਮੈਨੂੰ ਆਪਣੇ ਟਿਕਟ ਦਾ ਨੰਬਰ



Digitized by Panjab Digital Library | www.panjabdigilib.org

ਚੇਤੇ ਸੀ। ਇਹ ਸੁਣਕੇ ਆਪ ਹੈਰਾਨ ਹੀ ਹੋਵੋਗੇ ਕਿ ਮੈਂ ਜੋ ਹਰ ਗਲ ਭੁਲ ਜਾਣ ਵਾਲਾ ਹਾਂ ਟਿਕਟ ਦਾ ਨੰਬਰ ਕਿਸ ਤਰਾਂ ਚੇਤੇ ਰਖ਼ਿਆ ਇਸ ਵਿਚ ਇਕ ਭੇਦ ਹੈ। ਜੋ ਦਸਣ ਨਾਲ ਹਾਸਾ ਪਏਗਾ। ਬਸ ਇਤਨਾ ਹੀ ਮੈਂ ਦਸਦਾ ਹਾਂ ਕਿ ਭਾਵੇਂ ਮੈਂ ਹਰ ਤਰ੍ਹਾਂ ਦੇ ਵਹਿਮ ਦੇ ਵਿਰੁੱਧ ਹਾਂ ਤੇ ਵਹਿਮ ਨੂੰ ਦਿਲੋਂ ਕਢਦਾ ਰਹਿੰਦਾ ਹਾਂ ਪਰ ਮੇਰੇ ਦਿਲ ਵਿਚ ਕਈ ਤਰ੍ਹਾਂ ਦੇ ਵਹਿਮ ਆ ਵੜਦੇ ਹਨ। ਚੰਗਾ ਹੋਇਆ ਕਿ ਇਸ ਸਮੇਂ ਵਹਿਮ ਹੀ ਕੰਮ ਆ ਗਿਆ। ਮੈਨੂੰ ਟਿਕਟ ਨਾ ਲਭਾ। ਮੈਂ ਗਡੀ ਤੋਂ ਨਿਕਲਿਆਂ ਮੇਰੀ ਨੀਯਤ ਰਾਤ ਮਨਮਾਡ ਵਿਚ ਹੀ ਟਿਕਣ ਦੀ ਸੀ। ਮੈਨੂੰ ਟਿਕਟ ਟੋਲਦੇ ਟੋਲਦੇ ਦੇਰ ਹੋ ਗਈ ਤੇ ਮੁਸਾਫਰ ਸਟੇਸ਼ਨ ਤੋਂ ਚਲੇ ਗਏ। ਮੈਨੂੰ ਹੁਣ ਸਟੇਸ਼ਨ ਤੋਂ ਬਾਹਿਰ ਨਿਕਲਣ ਦਾ ਰਾਹ ਨਾ ਲੱਭੇ। ਇਕ ਨੂੰ ਪੁਛਿਆ ਤਾਂ ਉਸ ਨੇ ਪੁਲੋਂ ਪਾਰ ਹੋ ਜਾਣ ਲਈ ਕਿਹਾ। ਜਦ ਪੁਲ ਟਪਕੇ ਮੈਂ ਪੁਛਿਆ ਤਾ ਉਸ ਨੇ ਪੁਲੋਂ ਇਧਰ ਘਲ ਦਿੱਤਾ। ਫਿਰ ਇਧਰ ਪੁਛਿਆ ਤਾਂ ਇਕ ਹੋਰ ਨੇ ਫਿਰ ਪੁਲ ਟਪ ਕੇ ਦੂਜੇ ਪਾਸੇ ਜਾਣ ਲਈ ਕਿਹਾ। ਮੈਂ ਹੈਰਾਨ ਹੋ ਗਿਆ ਕਿ ਇਹ ਕੀ ਬਣ ਰਿਹਾ ਹੈ। ਮੈਂ ਉਸਦੀ ਕੋਈ ਗੱਲ ਨਾ ਸੁਣੀ ਤੇ ਆਪ ਇਧਰ ਉਧਰ ਪਲੇਟਫਾਰਮ ਉਤੇ ਟੋਲਣ ਲਗ ਪਿਆ। ਪਲੇਟ-ਫਾਰਮ ਉਤੇ ਇਕ ਮੁਸਲਮਾਨ ਹੋਟਲ ਹੈ ਮੈਂ ਉਸ ਵਿਚ ਝਾਤੀ ਮਾਰੀ ਅੰਦਰ ਇਕ ਵਿਅਕਤੀ ਸੀ ਉਸ ਨੂੰ ਮੈਂ ਬਾਹਰ ਜਾਣ ਦਾ ਰਾਹ ਪੁਛਿਆ। ਉਸ ਨੇ ਅਗੋਂ ਮੈਨੂੰ ਦਸਿਆ ਕਿ ਨਾਲ ਹੀ ਮੁਸਾਫਰ ਖਾਨਾ ਹੈ। ਮੈਂ ਮੁਸਾਫਰ ਖਾਨੇ ਵਿਚ ਪੁਜਾ ਮੈਨੂੰ ਇਕ ਪੁਲਸ ਦਾ ਸਿਪਾਹੀ ਮਿਲਿਆ ਉਹ ਮੈਨੂੰ ਵੇਖਦੇ ਹੀ ਕਹਿਣ ਲਗਾ ਕਿ ਇਸ ਤਲਵਾਰ ਦਾ ਲਾਇਸੈਂਸ ਵਿਖਾਉ। ਮੈਨੂੰ ਦਿੱਲੀ ਤੋਂ ਟੁਰਨ ਵੇਲੇ ਤੋਂ ਪਹਿਲਾਂ ਹੀ ਪਤਾ ਸੀ ਕਿ ਮਨਮਾਡ ਅਜ ਕਲ ਕਿਰਪਾਨ ਨੂੰ ਫੜਦੇ ਹਨ ਮੈਂ ਤਾਂ ਜਾਣ ਬੁਝ ਕੇ ਕਿਰਪਾਨ ਲਿਆਇਆ ਸਾਂ



Digitized by Panjab Digital Library | www.panjabdigilib.org

ਮੈਨੂੰ ਕੋਈ ਭੁਲੇਖਾ ਨਹੀਂ ਸੀ। ਇਸ ਕਰਕੇ ਮੈਂ ਕਿਹਾ ਕਿ ਤੂੰ ਆਪਣਾ ਕੰਮ ਕਰ ਇਨ੍ਹਾਂ ਸਵਾਲਾਂ ਜਵਾਬਾਂ ਦੀ ਲੋੜ ਨਹੀਂ ਹੈ। ਉਹ ਮੈਨੂੰ ਪੁਲਸ ਦੇ ਦਫਤਰ ਲੈ ਗਿਆ। ਰਾਤ ਮੈਂ ਉਥੇ ਹੀ ਕਟੀ ਤੇ ਸਵੇਰੇ ਮੈਨੂੰ ਮੈਜਿਸਟਰੇਟ ਦੇ ਪੇਸ਼ ਕੀਤਾ ਗਿਆ। ਕਚੈਹਿਰੀ ਅੰਦਰ ਜਾਣ ਤੋਂ ਪਹਿਲਾਂ ਮੈਨੂੰ ਪੁਲਸ ਵਾਲੇ ਜੁੱਤੀ ਲਾਹੁਣ ਲਈ ਕਹਿਣ ਤੇ ਮੈਂ ਇਨਕਾਰ ਕਰਾਂ। ਮੈਜਿਸਟਰੇਟ ਦੇ ਹੁਕਮ ਨਾਲ ਪੁਲਸ ਵਾਲੇ ਮੈਨੂੰ ਨਾਲ ਦੇ ਕਮਰੇ ਵਿਚ ਲੈ ਗਏ। ਉਥੇ ਉਨ੍ਹਾਂ ਮੈਨੂੰ ਬਥੇਰਾ ਕਿਹਾ ਕਿ ਜੁੱਤੀ ਲਾਹ ਦੇਵੋ ਪਰ ਮੈਂ ਨਾ ਮੰਨਿਆ। ਹਾਂ ਮੈਂ ਉਨ੍ਹਾਂ ਨੂੰ ਇਹ ਤਸੱਲੀ ਦੇ ਦਿੱਤੀ ਕਿ ਤੁਹਾਡੇ ਜਬਰ ਕਰਨ ਉਤੇ ਭੀ ਮੈਂ ਤੁਹਾਨੂੰ ਧਕੇ ਨਹੀਂ ਮਾਰਾਂਗਾ। ਕੇਵਲ ਆਪਣੀ ਮਰਜ਼ੀ ਨਾਲ ਜੁੱਤੀ ਨਹੀਂ ਲਾਹਵਾਂਗਾ। ਇਸ ਉਤੇ ਉਨ੍ਹਾਂ ਨੂੰ ਜ਼ਰਾ ਧਰਵਾਸ ਆਇਆ ਨਹੀਂ ਤਾਂ ਉਹ ਚਾਰ ਆਦਮੀ ਸਨ ਤੇ ਅਜਿਹੇ ਜਵਾਨ ਸਨ ਕਿ ਜੇ ਮੈਂ ਤਕੜਾ ਹੋਕੇ ਟਕਰਦਾ ਤਾਂ ਚੌਹਾਂ ਦੇ ਹੀ ਦੰਦ ਖੱਟੇ ਕਰ ਦਿੰਦਾ। ਮੇਰੇ ਤਸੱਲੀ ਦੇਣ ਉਤੇ ਇਹ ਮੇਰੀਆਂ ਲੱਤਾਂ ਨੂੰ ਚਮੜ ਗਏ ਤੇ ਮੇਰੀ ਜੁੱਤੀ ਉਨ੍ਹਾਂ ਲਾਹ ਲਈ। ਮੈਜਿਸਟਰੇਟ ਦੇ ਸਾਹਮਣੇ ਕੁਝ ਚਿਰ ਇਸ ਕਰਕੇ ਲਗਾ ਕਿ ਮੈਂ ਚਾਹੁੰਦਾ ਸਾਂ ਕਿ ਪੰਜਾਬ ਤੋਂ ਸਰਕਾਰੀ ਖਰਚ ਉਤੇ ਗਵਾਹ ਬੁਲਾਵਾਂ ਤੇ ਰੌਲਾ ਪਵੇ ਪਰ ਮੈਜਿਸਟਰੇਟ ਨੇ ਆਗਿਆ ਨਾ ਦਿੱਤੀ। ਝਟ ਪਟ ਹੀ ਮੇਰੀ ਕਿਰਪਾਨ ਜ਼ਬਤ ਤੇ ਦਸ ਰੁਪੈ ਜੁਰਮਾਨੇ ਦਾ ਹੁਕਮ ਦਿੱਤਾ ਗਿਆ। ਮੈਂ ਜੁਰਮਾਨਾ ਦੇਣੋਂ ਨਾਂਹ ਕੀਤੀ। ਇਸ ਉਤੇ ਮੈਜਿਸਟਰੇਟ ਨੇ ਮੇਰੀ ਤਲਾਸ਼ੀ ਵਿਚੋਂ ਨਿਕਲੀ ਰਕਮ ਵਿਚੋਂ ਦਸ ਰੁਪੈ ਕਟ ਲੈਣ ਦਾ ਹੁਕਮ ਦਿੱਤਾ ਗੁਰਦਵਾਰੇ ਦੇ ਮਹੰਤ ਸਾਹਿਬ ਸੀ ਉਥੇ ਆਏ ਹੋਏ ਸਨ। ਉਹ ਮੈਨੂੰ ਗੁਰਦਵਾਰੇ ਲੇ ਗਏ। ਗੁਰਦਵਾਰਾ ਸੋਹਣਾ ਤੇ ਬਹੁਤ ਸੋਹਣੀ ਥਾਂ ਉਤੇ ਬਣਿਆ ਸੀ। ਇਕ ਸਾਫ ਪਾਣੀ ਦਾ ਨਾਲਾ



Digitized by Panjab Digital Library | www.panjabdigilib.org

ਵਗਦਾ ਹੈ ਤੇ ਗੁਰਦਵਾਰਾ ਉਸ ਨਾਲੇ ਦੇ ਕੰਢੇ ਬਣਿਆ ਹੋਇਆ ਹੈ । ਆਉਂਦੀਆਂ ਜਾਂਦੀਆਂ ਸੰਗਤਾਂ ਲਈ ਲੰਗਰ ਤੇ ਰਿਹਾਇਸ਼ ਦਾ ਚੰਗਾ ਪਰਬੰਧ ਹੈ । ਮੈਂ ਰਾਤ ਉਥੇ ਕਟੀ । ਗਡੀ ਉਥੋਂ ਕੋਈ ਚਾਰ ਬਜੇ ਸਵੇਰੇ ਚਲਦੀ ਹੈ । ਗੁਰਦਵਾਰੇ ਦੇ ਸੇਵਾਦਾਰ ਸੰਗਤਾਂ ਦਾ ਅਸਬਾਬ ਗਡਿਆਂ ਵਿਚ ਲਦ ਕੇ ਗੱਡੀ ਚੜ੍ਹਾ ਜਾਂਦੇ ਹਨ । ਉਸੇ ਗੱਡੀ ਚੜ੍ਹ ਕੇ ਮੈਂ ਦੁਪਹਿਰ ਨੂੰ ਇਥੇ ਹਜ਼ੂਰ ਸਾਹਿਬ ਆ ਪੁਜਾ । ਮਨਮਾਡ ਮੈਨੂੰ ਬਾਬਾ ਕਿਸ਼ਨ ਸਿੰਘ ਜੀ ਸਰਬਰਾਹ ਸ੍ਰੀ ਹਜ਼ੂਰ ਸਾਹਿਬ ਮਿਲ ਪਏ ਸਨ ਤੇ ਉਹਨਾਂ ਨੇ ਗੁਰਦਵਾਰਾ ਹਜ਼ੂਰ ਸਾਹਿਬ ਮੇਰੇ ਪੁਜਣ ਦੀ ਖ਼ਬਰ ਤਾਰ ਰਾਹੀਂ ਦੇ ਦਿੱਤੀ ਸੀ । ਇਸ ਕਰਕੇ ਹਜ਼ੂਰ ਸਾਹਿਬ ਮੇਰੇ ਪੁਜਣ ਤੇ ਮੈਨੂੰ ਕੁਝ ਸੇਵਾਦਾਰ ਤੇ ਪੁਜਾਰੀ ਗੱਡੀ ਉਤੇ ਲੈਣ ਆਏ ਸਨ । ਜਿਸ ਗਲ ਤੋਂ ਭਜ ਕੇ ਮੈਂ ਇਥੇ ਦੂਰ ਆਇਆ ਸਾਂ ਉਹੋਂ ਮੈਨੂੰ ਅਗੋਂ ਗਲ ਆ ਪਈ । ਖੈਰ ਵਹਿਗੁਰੂ ਦਾ ਭਾਣਾ ਮਨਕੇ ਮੈਂ ਗੁਰਦਵਾਰੇ ਵਿਚ ਆ ਟਿਕਿਆ । ਮੈਨੂੰ ਰਹਿਣ ਲਈ ਚੰਗੀ ਥਾਂ ਦਿੱਤੀ ਗਈ ਤੇ ਮੇਰੀ ਸੇਵਾ ਦਾ ਹਰ ਤਰ੍ਹਾਂ ਦਾ ਜਤਨ ਕੀਤਾ ਗਿਆ । ਪਰ ਮੈਂ ਤਾਂ ਲੰਗਰ ਦੇ ਪਰਸ਼ਾਦੇ ਬਿਨਾਂ ਹੋਰ ਕੋਈ ਚੀਜ਼ ਖਾਣੋ ਨਾਂਹ ਕਰ ਦਿੱਤੀ ਤੇ ਨਾ ਹੀ ਵਡੇ ਟੱਟੇ ਦੇ ਕਾਬੂ ਚੜ੍ਹਿਆ । ਮੈਂ ਅਜ਼ਾਦ ਰਹਿਣਾ ਚਾਹੁੰਦਾ ਸਾਂ ਤੇ ਅਜ਼ਾਦੀ ਕੇਵਲ ਗ਼ਰੀਬੀ ਵਿਚ ਹੀ ਮਿਲ ਸਕਦੀ ਸੀ । ਮੈਨੂੰ ਜੋ ਥਾਂ ਦਿੱਤੀ ਗਈ ਸੀ ਉਹ ਏਕਾਂਤ ਭੀ ਸੀ । ਮੇਰਾ ਜੀਅ ਲਗ ਗਿਆ । ਪਰ ਜੋ ਛਜ ਮੇਰੀ ਦੁਮ ਨਾਲ ਬਝ ਗਿਆ ਹੈ ਉਹ ਇਸ ਖੂਡ ਵਿਚ ਮੈਨੂੰ ਸੌਣ ਨਹੀਂ ਦੇਂਦਾ । ਕੋਈ ਆ ਕੇ ਕਿਸੇ ਪੁਜਾਰੀ ਦੀ ਸ਼ਕਾਇਤ ਮੇਰੇ ਕੋਲ ਕਰਦਾ ਹੈ ਕੋਈ ਉਸ ਦੇ ਨੁਕਸ ਆ ਸੁਣਾਂਦਾ ਹੈ ਕੋਈ ਗੁਰਦਵਾਰੇ ਦੀ ਮਰਯਾਦਾ ਉਤੇ ਗੁੱਸੇ ਹੋਇਆ ਆਉਂਦਾ ਹੈ, ਕੋਈ ਕਿਰਪਾਨ ਦੀ ਜ਼ਬਤੀ ਸਬੰਧੀ ਮੇਰੇ ਨਾਲ ਆ ਵਿਚਾਰ ਕਰਦਾ ਹੈ ਕੋਈ ਹੋਰ



Digitized by Panjab Digital Library | www.panjabdigilib.org

ਕਈ ਤਰ੍ਹਾਂ ਦੀਆਂ ਗੱਲਾਂ ਆ ਕਰਦਾ ਹੈ। ਇਨ੍ਹਾਂ ਸਭ ਨੂੰ ਮੈਂ ਇਕੋ ਹੀ ਉਤਰ ਦੇਂਦਾ ਹਾਂ ਕਿ ਮੈਂ ਇਨ੍ਹਾਂ ਗੱਲਾਂ ਤੋਂ ਲਾਂਭੇ ਹੋ ਚੁਕਾ ਹਾਂ ਤੇ ਮੈਂ ਇਨ੍ਹਾਂ ਵਿਚਾਰਾਂ ਦੇ ਟੰਟਿਆਂ ਵਿਚ ਨਹੀਂ ਪੈਣਾ। ਪਰ ਇਹ ਜਵਾਬ ਦੇਣ ਵਿਚ ਭੀ ਕਾਫੀ ਸਮਾਂ ਲਗਦਾ ਹੈ ਤੇ ਕਾਫੀ ਘੋਲ ਕਰਨਾ ਪੈਂਦਾ ਹੈ। ਗਲ ਕੀ ਮੈਂ ਇਥੇ ਇਕਾਂਤ ਵਿਚ ਸ਼ਾਂਤੀ ਲਭਣ ਆਇਆ ਸਾਂ ਪਰ ਮੈਨੂੰ ਨੰਬਰਦਾਰੀ ਦਾ ਛਜ ਅਜੇ ਭੀ ਨਹੀਂ ਛੱਡਦਾ। ਇਸ ਕਰਕੇ ਮੇਰੀ ਇਥੋਂ ਭਜਣ ਦੀ ਸਲਾਹ ਹੋ ਗਈ ਹੈ ਤੇ ਕਲ ਕਿਸੇ ਹੋਰ ਪਾਸੇ ਜਾ ਰਿਹਾ ਹਾਂ।

ਉਂਝ ਪਰਬੰਧਕਾਂ ਵਲੋਂ ਮੈਨੂੰ ਪੂਰੀ ਤਰ੍ਹਾਂ ਅਜ਼ਾਦ ਹੀ ਰਹਿਣ ਦਿੱਤਾ ਗਿਆ ਹੈ। ਇਥੇ ਦੇ ਗੁਰਦੁਆਰਿਆਂ ਦੇ ਦਰਸ਼ਨ ਭੀ ਕਰ ਆਇਆ ਹਾਂ। ਨਗੀਨਾ ਘਾਟ ਤੇ ਬੰਦਾ ਘਾਟ ਗੁਦਾਵਰੀ ਦੇ ਕੰਢੇ ਸਚਖੰਡ ਤੋਂ ਚੌਥਾਈ ਕੁ ਮੀਲ ਦੇ ਫਾਸਲੇ ਉਤੇ ਹੋਣਗੇ। ਬੰਦਾ ਘਾਟ ਖੂਬ ਏਕਾਂਤ ਥਾਂ ਹੈ। ਇਹਨਾਂ ਦੋਹਾਂ ਗੁਰਦਵਾਰਿਆਂ ਦੇ ਆਲੇ ਦੁਆਲੇ ਇੰਬਲੀ ਦੇ ਦਰਖ਼ਤ ਬਹੁਤ ਲਗੇ ਹਨ ਤੇ ਇੰਬਲੀ ਇਥੇ ਮਨਾਂ ਮੂੰਹੀ ਹੁੰਦੀ ਹੈ।

ਇਹਨਾਂ ਗੁਰਦਵਾਰਿਆਂ ਤੋਂ ਛੁਟ ਮੈਂ ਬਾਹਰ ਜਾ ਕੇ ਹੀਰਾ ਘਾਟ, ਗੁਰਦੁਵਾਰਾ ਮਾਤਾ ਜੀ ਤੇ ਸ਼ਿਕਾਰ ਘਾਟ ਦੇ ਭੀ ਦਰਸ਼ਨ ਕਰ ਆਇਆ ਹਾਂ। ਇਹ ਤਿੰਨੇ ਗੁਰਦੁਆਰੇ ਗੋਦਾਵਰੀ ਦੇ ਕੰਢੇ ਉਤੇ ਤੇ ਇਕਾਂਤ ਵਿਚ ਹਨ। ਇਹ ਨੰਦੇੜ ਤੋਂ ਕੋਈ ਅਠ ਨੌਂ ਮੀਲ ਦੇ ਫਾਸਲੇ ਉਤੇ ਹੋਣਗੇ। ਰੇਲਵੇ ਸਟੇਸ਼ਨ ਤੋਂ ਮਾਤਾ ਜੀ ਦਾ ਗੁਰਦੁਆਰਾ ਤੇ ਹੀਰਾ ਘਾਟ ਤਾਂ ਕੋਈ ਦੋ ਦੋ ਮੀਲ ਹੋਣਗੇ ਤੇ ਸ਼ਿਕਾਰ ਘਾਟ ਤਿੰਨ ਮੀਲ ਹੋਵੇਗਾ। ਪਰ ਜੇ ਕਿਸੇ ਨੂੰ ਪੁਛੋ ਤਾਂ ਇਹੋ ਹੀ ਉੱਤਰ ਮਿਲਦਾ ਹੈ ਨੰਦੇੜ ਤੋਂ ਇਹ ਗੁਰਦੁਆਰੇ ਤਿੰਨ ਮੀਲ ਹਨ। ਮੇਰੇ ਪੈਰ ਦੀ ਅੱਡੀ ਵਿਚ ਪੌਂਟੇ ਸਾਹਿਬ ਹੀ ਪੱਥਰ ਦੀ ਦਬ ਲਗੀ ਸੀ ਤੇ ਮੈਥੋਂ ਬਾਹਲਾ ਤੁਰਿਆ ਨਹੀਂ ਸੀ ਜਾ



Digitized by Panjab Digital Library | www.panjabdigilib.org

ਸਕਦਾ। ਚੰਗਾ ਹੋਇਆ ਮੈਂ ਟਪਲੇ ਵਿਚ ਨਾ ਫਸਿਆ ਤੇ ਰੇਲ ਦੇ ਰਾਹੀਂ ਹੀ ਇਹਨਾਂ ਗੁਰਦਵਾਰਿਆਂ ਦੇ ਦਰਸ਼ਨ ਨੂੰ ਜਾਂਦਾ ਹਾਂ। ਮਾਤਾ ਜੀ ਦੇ ਗੁਰਦਵਾਰੇ ਨਿਹੰਗ ਸਿੰਘ ਜੀ ਰਹਿੰਦੇ ਹਨ ਜੋ ਬਹੁਤ ਪਰੇਮੀ ਹਨ। ਜਦ ਮੈਂ ਉਥੇ ਗਿਆ ਸਾਂ ਤਾਂ ਸੰਗਤਾਂ ਭੀ ਬਹੁਤ ਗਈਆਂ ਹੋਈਆਂ ਸਨ।

ਉਸ ਦਿਨ ਸੌ ਤੋਂ ਵਧ ਯਾਤਰੂ ਹੋਣਗੇ। ਇਤਨੇ ਸਿੰਘਾਂ ਨੂੰ ਵੇਖਕੇ ਤਾਂ ਨਿਹੰਗ ਸਿੰਘਾਂ ਨੂੰ ਲਾਲੀਆਂ ਚੜ੍ਹ ਗਈਆਂ। ਉਹਨਾਂ ਦੁੱਧ ਤੇ ਜਲੇਬੀਆਂ ਸਭ ਸੰਗਤਾਂ ਨੂੰ ਰੱਜ ਕੇ ਛਕਾਈਆਂ। ਇਹ ਗੁਰ-ਦਵਾਰਾ ਵੇਖਕੇ ਮੇਰਾ ਤਾਂ ਜੀ ਕੀਤਾ ਕਿ ਇਥੇ ਹੀ ਟਿਕਾਂ। ਰਾਤ ਮੈਂ ਉਥੇ ਰਿਹਾ। ਗੁਰਦਵਾਰੇ ਦੀ ਇਮਾਰਤ ਕੋਈ ਨਹੀਂ, ਟੀਨ ਖੜੇ ਕਰਕੇ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਇਕ ਕਮਰਾ ਬਣਾਇਆ ਹੋਇਆ ਹੈ। ਉਥੇ ਦੇ ਰਹਿਣ ਵਾਲੇ ਨਿਹੰਗ ਸਿੰਘਾਂ ਲਈ ਕੁਝ ਛਪਰੀਆਂ ਪਈਆਂ ਹੋਈਆਂ ਹਨ। ਰ ਤ ਨੂੰ ਮੈਂ ਟੀਨ ਵਾਲੇ ਕਮਰੇ ਵਿਚ ਰਿਹਾ। ਮੇਰੇ ਕੋਲ ਇਕੋ ਕੰਬਲ ਸੀ ਤੇ ਰਾਤ ਮੈਨੂੰ ਪਾਲਾ ਖੂਬ ਲਗਾ। ਏਥੇ ਪਾਲਾ ਸਚ ਖੰਡ ਨਾਲੋਂ ਵਧੇਰੇ ਹੈ। ਨਾਲ ਮੈਂ ਸੁਣਿਆ ਹੈ ਕਿ ਇਥੇ ਸਪ ਬਹੁਤ ਹੋਂਦੇ ਹਨ ਇਸ ਕਰਕੇ ਸਵੇਰੇ ਉਠਕੇ ਅਸ਼ਨਾਨ ਕਰਨ ਵੇਲੇ ਧਿਆਨ ਰਖਣਾ ਪੈਂਦਾ ਹੈ। ਮੇਰੇ ਕੋਲ ਕਪੜੇ ਥੋੜੇ ਹਨ, ਇਸ ਕਰਕੇ ਇਥੇ ਟਿਕਣ ਦੀ ਸਲਾਹ ਮੈਂ ਹਟਾ ਦਿੱਤੀ ਹੈ।

ਜਿਸ ਤਰ੍ਹਾਂ ਪੌਂਟੇ ਸਾਹਿਬ ਬੰਦਰਾਂ ਦੇ ਜੱਥੇ ਹਨ, ਇਥੇ ਲੰਗੂਰਾਂ ਦੇ ਹਨ ਲੰਗੂਰ ਨਾਲੋਂ ਬਾਂਦਰ ਤਕੜਾ ਤੇ ਵੱਡਾ ਹੋਂਦਾ ਹੈ ਪਰ ਇਹ ਭਲੇ ਮਾਣਸ ਵੀ ਵਧੇਰੇ ਹੈ। ਲੋਕਾਂ ਦੇ ਹੱਥਾਂ ਵਿਚੋਂ ਰੋਟੀ ਲੈ ਕੇ ਖਾਂਦੇ ਮੈਂ ਵੇਖੇ ਹਨ। ਲੰਗੂਰੀ ਭੀ ਬੰਦਰੀ ਵਾਂਗੂ ਹੀ ਬੱਚੇ ਨੂੰ ਛਾਤੀ ਨਾਲ ਚੰਬੜਾਕੇ ਭਜ ਉਠਦੀ ਹੈ ਬੰਦਰ ਦੇ ਚਿਹਰੇ ਦਾ ਰੰਗ ਗੋਰਾ ਤੇ ਲਾਲ ਹੋਂਦਾ ਹੈ ਪਰ ਲੰਗੂਰ ਦੇ ਮੂੰਹ ਦਾ ਰੰਗ ਕਾਲਾ



Digitized by Panjab Digital Library | www.panjabdigilib.org

ਹੋਂਦਾ ਹੈ। ਕਾਲੇ ਮੂੰਹ ਵਾਲੇ ਗੋਰੇ ਮੂੰਹ ਵਾਲਿਆਂ ਨਾਲੋਂ ਵਧੇਰੇ ਭਲੇ ਮਾਣਸ ਹੋਂਦੇ ਹਨ। ਦੁਮ ਲੰਗੂਰ ਦੀ ਖੂਬ ਲੰਮੀ ਤੇ ਮਜ਼ਬੂਤ ਹੋਂਦੀ ਹੈ। ਨਗੀਨਾ ਘਾਟ ਇਹ ਆਮ ਆਉਂਦੇ ਹਨ ਕਿਉਂਕਿ ਇਥੇ ਬਾਬਾ ਨਿਧਾਨ ਸਿੰਘ ਦੇ ਲੰਗਰੋਂ ਇਨ੍ਹਾਂ ਨੂੰ ਭੀ ਰੋਟੀਆਂ ਮਿਲ ਜਾਂਦੀਆਂ ਹਨ।

ਇਕ ਗਲ ਬੜੇ ਸ਼ੋਕ ਦੀ ਹੈ। ਇਥੇ ਦਖਣੀ ਤੇ ਪੰਜਾਬੀ ਸਵਾਲ ਛੇੜਣ ਦਾ ਬਹੁਤ ਯਤਨ ਹੋ ਰਿਹਾ ਹੈ। ਕੁਝ ਲੋਕਾਂ ਦੀ ਹਾਲਤ ਹੀ ਇਹੋ ਜੇਹੀ ਹੈ ਕਿ ਉਹ ਗੁਰਦੁਆਰਿਆਂ ਵਿਚ ਜਾ ਕੇ ਭਜਨ ਪਾਠ ਵਲ ਇਤਨਾ ਧਿਆਨ ਨਹੀਂ ਦੇਂਦੇ ਜਿਤਨਾ ਕਿ ਨੁਕਸ ਕੱਢਣ ਵਲ ਦੇਂਦੇ ਹਨ। ਸਚ ਖੰਡ ਦੇ ਪਰਬੰਧ ਦੇ ਨੁਕਸਾਂ ਦਾ ਬਹੁਤ ਪਰਚਾਰ ਕੀਤਾ ਜਾਂਦਾ ਹੈ। ਮੈਨੂੰ ਕਦੀ ਕੋਈ ਆ ਕੇ ਕਹੇ ਕਿ ਪੁਜਾਰੀ ਰੁਪੈ ਖਾਂਦੇ ਹਨ, ਕੋਈ ਲਾਂਗਰੀਆਂ ਦਾ ਨਾਮ ਆ ਲਵੇ, ਕੋਈ ਕਲਰਕਾਂ ਦੇ ਸਿਰ ਭਾਂਡਾ ਭੰਨੇ। ਪਰ ਖਾਸ ਸ਼ਕਾਇਤ ਕੇਵਲ ਇਕ ਸਿੰਘ ਤੋਂ ਮੈਂ ਸੁਣੀ ਕਿ ਕੜਾਹ ਪ੍ਰਸ਼ਾਦ ਵਿਚ ਘਿਓ ਘਟ ਪਿਆ ਹੈ ਤੇ ਉਸ ਤੋਂ ਪੂਰੇ ਦੀ ਕੀਮਤ ਲਈ ਗਈ ਹੈ। ਮੈਨੂੰ ਤਾਂ ਪਰਬੰਧ ਵਿਚ ਕੋਈ ਨੁਕਸ ਨਹੀ ਜਾਪਿਆ ਤੇ ਜੇ ਕੋਈ ਨੁਕਸ ਹੈ ਤੇ ਕੇਵਲ ਇਹੋ ਹੀ ਹੈ ਕਿ ਇਥ ਪਰਬੰਧ ਦਖਣੀ ਸਿੱਖਾਂ ਦੇ ਹੱਥ ਹੈ ਤੇ ਪੰਜਾਬੀਆਂ ਵਿਚੋਂ ਕਈ ਅਜੇਹੇ ਹਨ ਜੋ ਪੰਜਾਬੀ ਦਖਣੀ ਦੇ ਸਵਾਲ ਦੇ ਅਸਰਾਂ ਹੇਠ ਨੁਕਸ ਛਾਂਟਦੇ ਰਹਿੰਦੇ ਹਨ। ਹਾਂ ਗੁਰਦਵਾਰੇ ਦੀਆਂ ਧਾਰਮਕ ਰਸਮਾਂ ਤੇ ਮਰਯਾਦਾ ਬਹੁਤ ਇਤਰਾਜ਼ ਯੋਗ ਹੈ। ਭੋਗ ਲਗਾਣ ਦੇ ਤਰੀਕੇ ਤੇ ਹੋਰ ਰਸਮਾਂ ਉਤੇ ਹਿੰਦੂ ਮਤ ਦਾ ਬਹੁਤ ਅਸਰ ਹੈ। ਜਿਸ ਕਰਕੇ ਇਤਰਾਜ਼ ਹੋਂਦੇ ਹੀ ਰਹਿਣਗੇ। ਕੇਵਲ ਇਕੋ ਇਹ ਹੀ ਗੁਰਦੁਆਰਾ ਹੈ ਜਿਸ ਵਿਚ ਹਿੰਦੂ ਮਤ ਇਤਨਾ ਡੂੰਘਾ ਆ ਧਸਿਆ ਹੈ ਕਿ ਅਜੇ ਤਕ ਭੀ ਇਸ ਦਾ ਅਸਰ ਕਰੜਾਈ ਨਾਲ ਕਾਇਮ ਹੈ। ਇਸ



Digitized by Panjab Digital Library | www.panjabdigilib.org

ਗੱਲ ਦਾ ਗੁਰਦੁਆਰੇ ਦੀ ਆਮਦਨ ਉਤੇ ਭੀ ਅਸਰ ਪੈਂਦਾ ਹੈ। ਕਈ ਮੇਰੇ ਵਰਗੇ ਅਜੇਹੇ ਹੋਣਗੇ ਜੋ ਇਥੇ ਦੀਆਂ ਰਸਮਾਂ ਵੇਖਕੇ ਇਥੇ ਪਾਠ ਕਰਾਣਾ ਭੀ ਪਸੰਦ ਨਹੀਂ ਕਹਨਗੇ। ਉਂਜ ਭਜਨ ਪਾਠ ਦਾ ਪਰਵਾਹ ਇਥੇ ਖ਼ਾਸ ਤੌਰ ਤੇ ਚਲ ਰਿਹਾ ਹੈ। ਇਥੇ ਰਿਹਾਂ ਇਉਂ ਮਹਿਸੂਸ ਹੋਂਦਾ ਹੈ ਕਿ ਹਰ ਵੇਲੇ ਬਾਣੀ ਤੇ ਭਜਨ ਹਵਾ ਵਿਚ ਹੀ ਖਿਲਰਿਆ ਹੋਇਆ ਹੈ। ਜਿਸ ਨੇ ਭਜਨ ਪਾਠ ਦਾ ਆਨੰਦ ਲੈਣਾ ਹੋਵੇ ਉਸ ਲਈ ਇਹ ਥਾਂ ਬਹੁਤ ਉਤਮ ਹੈ।

ਦਖਣੀ ਸਿਖ ਤੇ ਪੰਜਾਬੀ ਸਿਖ ਦੇ ਸਵਾਲ ਦਾ ਕੋੜਾਪਨ ਦਸਣ ਲਈ ਮੈਂ ਇਕ ਵਾਕਿਆ ਲਿਖਦਾ ਹਾਂ ਜੋ ਮੈਂ ਆਪਣੀ ਅੱਖੀਂ ਡਿੱਠਾ ਹੈ। ਸ੍ਰੀ ਸਚਖੰਡ ਦੀ ਪਰਕਰਮਾਂ ਇਸੇ ਤਰ੍ਹਾਂ ਦੀ ਸਮਝੋ ਜਿਸ ਤਰ੍ਹਾਂ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਅੰਦਰਲੀ ਪ੍ਰਕਰਮਾ ਹੈ ਇਕ ਜਵਾਨ ਮੁੰਡਾ ਜਿਸ ਨੇ ਹੱਥ ਵਿਚ ਸਪ ਫੜਿਆ ਹੋਇਆ ਉਸ ਪਰਕਰਮਾਂ ਵਿਚ ਆ ਗਿਆ। ਉਸ ਵੇਲੇ ਅੰਦਰ ਰਹਿਰਾਸ ਸਾਹਿਬ ਦਾ ਪਾਠ ਹੋ ਰਿਹਾ ਸੀ, ਤੇ ਮੈਂ ਭੀ ਰਹਿਰਾਸ ਸਾਹਿਬ ਦਾ ਪਾਠ ਕਰਦਾ ਹੋਇਆ ਪਰਕਰਮਾਂ ਕਰ ਰਿਹਾ ਸਾਂ। ਉਸ ਮੁੰਡੇ ਨੂੰ ਇਕ ਪੁਜਾਰੀ ਨੇ ਕਿਹਾ ਕਿ ਸਪ ਲੈ ਕੇ ਨਾ ਆਇਆ ਕਰ, ਹੁਣ ਇਥੋਂ ਚਲਾ ਜਾ। ਇਸ ਉਤੇ ਉਹ ਮੁੰਡਾ ਬਹੁਤ ਤੇਜ਼ ਹੋਇਆ। ਮੈਂ ਇਕ ਵੇਰਾਂ ਤਾਂ ਉਸ ਕੋਲੋਂ ਲੰਘ ਗਿਆ ਪਰ ਦੂਜੀ ਪਰਕਰਮਾਂ ਆਉਂਦੇ ਤਕ ਸਗੋਂ ਇਹ ਝਗੜਾ ਵਧ ਗਿਆ। ਮੈਂ ਖੜਾ ਹੋ ਗਿਆ, ਉਹ ਮੁੰਡਾ ਸਖਤ ਤੇਜ਼ ਹੋ ਰਿਹਾ ਸੀ ਤੇ ਅਗੋਂ ਪੁਜਾਰੀ ਜੀ ਧੀਰਜ ਨਾਲ ਉਸਨੂੰ ਸਮਝਾ ਰਹੇ ਸਨ। ਪਰ ਉਹ ਤੇਜ਼ ਹੀ ਹੋਂਦਾ ਜਾਵੇ। ਮੈਂ ਭੀ ਉਸਨੂੰ ਕਿਹਾ ਕਿ ਪੁਜ਼ਾਰੀ ਨੇ ਕੋਈ ਮਾੜੀ ਗਲ ਨਹੀਂ ਕਹੀ ਹੈ। ਇਸ ਉਤੇ ਉਸਨੇ ਤੇਜ਼ ਹੋ ਕੇ ਬੜੇ ਗੁਸੇ ਨਾਲ ਕਿਹਾ—"ਮੈਂ ਤਲਵਾਰ ਫ਼ੜਕੇ ਸਭ



Digitized by Panjab Digital Library | www.panjabdigilib.org

ਨੂੰ ਕਤਲ ਕਰ ਦੇਵਾਂਗਾ।" ਮੈਨੂੰ ਬੜਾ ਗੁਸਾ ਆਇਆ ਪਰ ਮੈਂ ਫਿਰ ਭੀ ਸਹਾਰੇ ਨਾਲ ਉਸਨੂੰ ਕਿਹਾ ਕਿ ਅੰਦਰ ਪਾਠ ਹੋ ਰਿਹਾ ਹੈ ਤੇ ਬਾਹਰ ਇਹੋ ਜਹੇ ਬਚਨ ਕਰਨਾ ਸਿਖ ਦਾ ਕੰਮ ਨਹੀਂ ਪਰ ਉਹ ਮੁੰਡਾ ਨਾ ਹੀ ਹਟੇ। ਮੈਂ ਗੁਸੇ ਵਿਚ ਆਉਣਾ ਨਹੀਂ ਚਾਹੁੰਦਾ ਸਾਂ। ਮੈਂ ਉਥੋਂ ਟੁਰ ਗਿਆ। ਇਤਨੇ ਚਿਰ ਨੂੰ ਇਕ ਪੁਲਸ ਦੇ ਸਿਖ ਸਿਪਾਹੀ ਨੇ ਮੁੰਡੇ ਨੂੰ ਉਥੇ ਆ ਫੜਿਆ ਤੇ ਦੋ ਚਪੇੜਾਂ ਲਾ ਕੇ ਧਕੇ ਮਾਰਕੇ ਉਥੋਂ ਕਢ ਦਿੱਤਾ। ਮੁੰਡੇ ਦਾ ਗੁੱਸਾ ਬੜਾ ਸਿਆਣਾ ਨਿਕਲਿਆ। ਭਲੇ ਮਾਣਸੀ ਤੇ ਨਰਮੀ ਨਾਲ ਕਹਿਣ ਵਾਲਿਆਂ ਦੇ ਸਾਹਮਣੇ ਉਹ ਵਧਦਾ ਹੀ ਜਾਂਦਾ ਸੀ ਪਰ ਚਪੇੜਾਂ ਲਾਣ ਵਾਲੇ ਦੇ ਸਾਹਮਣੇ ਉਹ ਜ਼ਰਾ ਨਾ ਟਿਕਿਆ। ਮੁੰਡਾ ਉਥੋਂ ਬਾਬਾ ਨਿਧਾਨ ਸਿੰਘ ਜੀ ਦੇ ਡੇਰੇ ਚਲਾ ਗਿਆ ਤੇ ਦੂਜੇ ਦਿਨ ਜਦ ਮੈਂ ਬੰਦੇ ਘਾਟ ਗਿਆ ਤੇ ਉਥੇ ਚਰਚਾ ਹੋ ਰਹੀ ਸੀ ਕਿ ਇਕ ਪੰਜਾਬੀ ਮੁੰਡੇ ਨੂੰ ਦਖਣੀ ਪੁਜਾਰੀ ਤੇ ਦਖਣੀ ਸਿਪਾਹੀ ਨੇ ਮਾਰਿਆ ਹੈ। ਇਹ ਸੁਣਕੇ ਮੈਨੂੰ ਬੜਾ ਅਫਸੋਸ ਹੋਇਆ ਤੇ ਮੈਂ ਉਹਨਾਂ ਪੰਜਾਬੀ ਸਿੰਘਾਂ ਨੂੰ ਕਿਹਾ ਕਿ ਮੈਂ ਸਾਰੀ ਗਲ ਅੱਖੀਂ ਡਿੱਠੀ ਹੈ ਤੇ ਜੇ ਤੁਸੀਂ ਚਾਹੁੰਦੇ ਹੋ ਕਿ ਪੰਜਾਬੀਆਂ ਨੂੰ ਬੁਰਛਾ ਗਰਦੀ ਕਰਨ ਦੀ ਖੁਲ੍ਹ ਹੋਵੇ ਤਾਂ ਪੂਜਾ ਪਾਠ ਖ਼ਤਮ ਸਮਝੋ। ਮੈਥੋਂ ਉਹਨਾਂ ਸਾਰੀ ਕਥਾ ਸੁਣੀ ਤੇ ਸਭ ਮੇਰੇ ਨਾਲ ਸਹਿਮਤ ਹੋ ਗਏ। ਪਰ ਤੀਜੇ ਦਿਨ ਹੋਰ ਆਦਮੀਆਂ ਨੇ ਮੇਰੇ ਨਾਲ ਇਹੋ ਗਲ ਮੁੜ ਆ ਛੇੜੀ ਕਿ ਪੁਜਾਰੀਆਂ ਨੇ ਉਸ ਪੰਜਾਬੀ ਮੁੰਡੇ ਨਾਲ ਵਧੀਕੀ ਕੀਤੀ ਹੈ। ਉਹਨਾਂ ਨੂੰ ਭੀ ਮੈਂ ਸਮਝਾਇਆ। ਇਹ ਹੈ ਹਾਲਤ।

ਮੈਨੂੰ ਅਫਸੋਸ ਹੈ ਕਿ ਗੁਰਦਵਾਰਾ ਸਚਖੰਡ ਤੇ ਬਾਬਾ ਨਿਧਾਨ ਸਿੰਘ ਜੀ ਦੇ ਗੁਰਦੁਆਰੇ ਵਾਲਿਆਂ ਵਿਚ ਉਹੋ ਖਿਚੋਤਾਣ ਹੈ ਜੋ ਗਵਾਂਢੀ ਦੁਕਾਨਦਾਰਾਂ ਵਿਚ ਹੋਇਆ ਕਰਦੀ ਹੈ। ਸਟੇਸ਼ਨ ਤੇ



Digitized by Panjab Digital Library | www.panjabdigilib.org

ਦੋਹਾਂ ਧਿਰਾਂ ਦੇ ਬੰਦੇ ਆਉਂਦੇ ਹਨ। ਉਹਨਾਂ ਦੇ ਆਵਣ ਦਾ ਪਰ-ਯੋਜਨ ਯਾਤਰੂਆਂ ਦੀ ਸੇਵਾ ਨਹੀਂ ਹੈ। ਸਗੋਂ ਗਾਹਕਾਂ ਨੂੰ ਆਪਣੀ ਦੁਕਾਨ ਵਲ ਖਿਚਣਾ ਹੈ। ਜਦ ਦੋਹਾਂ ਪਾਸਿਆਂ ਵਲੋਂ ਪਾਂਡਿਆਂ ਵਾਂਗੂ ਖਿਚ ਪੈਂਦੀ ਹੋਂਦੀ ਹੈ ਤਾਂ ਯਾਤਰੂ ਦੇ ਮਨ ਉਤੇ ਚੰਗਾ ਅਸਰ ਨਹੀਂ ਪੈਂਦਾ। ਸਚਖੰਡ ਦਖਣੀ ਸਿਖ ਦਾ ਅੱਡਾ ਸਮਝਿਆ ਜਾਂਦਾ ਹੈ ਤੇ ਬਾਬਾ ਨਿਧਾਨ ਸਿੰਘ ਜੀ ਦਾ ਗੁਰਦਵਾਰਾ ਪੰਜਾਬੀ ਸਿੱਖਾਂ ਦਾ ਅੱਡਾ ਸਮਝਿਆ ਜਾਂਦਾ ਹੈ। ਮੈਨੂੰ ਬਾਬਾ ਨਿਧਾਨ ਸਿੰਘ ਜੀ ਦੇ ਗੁਰਦਵਾਰੇ ਦੇ ਇਕ ਸੇਵਾਦਾਰ ਨੇ ਕਿਹਾ ਕਿ ਸਚਖੰਡ ਜੋ ਪੈਸਾ ਚੜ੍ਹਦਾ ਹੈ ਉਹ ਨਜ਼ਾਮ ਕੋਲ ਚਲਾ ਜਾਂਦਾ ਹੈ। ਇਸ ਕਿਸਮ ਦਾ ਝੂਠ ਇਸ ਦੁਕਾਨਦਾਰੀ ਵਿਚ ਬੋਲਣੋਂ ਸੰਕੋਚ ਨਹੀਂ ਕੀਤਾਂ ਜਾ ਰਿਹਾ। ਇਹ ਖਿਚੋਤਾਣ ਹਟਣੀ ਚਾਹੀਦੀ ਹੈ।

ਗੁਰਦਵਾਰਾ ਸਚਖੰਡ ਦੀ ਯਾਤਰਾ ਲਈ ਸਿਖ ਦੂਰੋਂ ਦੂਰੋਂ ਆਉਂਦੇ ਹਨ। ਦਖਣੀ ਸਿਖ ਇਸ ਦੇ ਚੌਕੀਦਾਰ ਹਨ। ਹੁਣ ਤਕ ਇਹਨਾਂ ਬਹਾਦਰਾਂ ਨੇ ਇਸ ਚੌਕੀਦਾਰੀ ਵਿਚ ਆਪਣੀਆਂ ਜਾਨਾਂ ਹਲੂਣੋਂ ਕਦੀ ਸੰਕੋਚ ਨਹੀਂ ਕੀਤਾ। ਇਹਨਾਂ ਮੁਠੀ ਭਰ ਸਿਖਾਂ ਨੇ ਇਸ ਗੁਰਦਵਾਰੇ ਦੀ ਸ਼ਾਨ ਅਜੇਹੀ ਥਾਂ ਕਾਇਮ ਕਰ ਰਖੀ ਹੈ ਜਿਥੇ ਮੁਸਲਮਾਣੀ ਆਬਾਦੀ ਭੀ ਬਹੁਤ ਸਾਰੀ ਹੈ। ਉਹਨਾਂ ਵਿਚ ਗੁਰਦਵਾਰੇ ਵਿਰੁਧ ਖਿਆਲਾਤ ਭੀ ਬਹੁਤ ਹਨ ਇਥੇ ਸਿਖਾਂ ਮੁਸਲਮਾਨਾਂ ਦੀਆਂ ਕਈ ਵੇਰਾਂ ਲੜਾਈਆਂ ਹੋਈਆਂ ਹਨ ਪਰ ਗੁਰਦਵਾਰੇ ਦੀ ਬੇ-ਹੁਰਮਤੀ ਇਹਨਾਂ ਬਹਾਦਰ ਦਖਣੀ ਸਿਖਾਂ ਨੇ ਨਹੀਂ ਹੋਣ ਦਿੱਤੀ ਤੇ ਸਦਾ ਖਾਲਸਈ ਸ਼ਾਨ ਨੂੰ ਕਾਇਮ ਰਖਿਆ ਹੈ। ਇਹਨਾਂ ਸਿੰਘਾਂ ਦੇ ਸਰੀਰ ਪੰਜਾਬੀਆਂ ਵਰਗੇ ਤਕੜੇ ਤੇ ਵਡੇ ਨਹੀਂ ਹਨ, ਪਰ ਇਹਨਾਂ ਦੇ ਹੋਂਸਲੇ ਪੰਜਾਬੀਆਂ ਨਾਲੋਂ ਵਧ ਹਨ। ਪਰ ਮੈਂ ਹੈਰਾਨ ਹਾਂ ਕਿ ਸਿਖਾਂ ਮੁਸਲਮਾਨਾਂ ਦੀ ਖਿਚੋ-



Digitized by Panjab Digital Library | www.panjabdigilib.org

ਤਾਣ ਕਦ ਤਕ ਚਲੀ ਚਲੇਗੀ। ਇਹ ਨਾ ਸਿਖੀ ਧਰਮ ਦੇ ਅਨੁਸਾਰ ਹੈ ਨਾ ਮੁਸਲਮਾਨੀ ਮਜ਼ਹਬ ਅਨੁਸਾਰ। ਇਥੇ ਦੀ ਹਕੂਮਤ ਭਾਵੇਂ ਮੁਸਲਮਾਨੀ ਹੈ ਤੇ ਹਕੂਮਤ ਵਿਚ ਮੁਸਲਮਾਨੀ ਤੁਅੱਸਬ ਦਾ ਅਨੁ-ਸਾਰ ਭੀ ਬਹੁਤ ਹੈ, ਪਰ ਵੱਡੇ ਅਫ਼ਸਰ ਉਕਾ ਸਿਖਾਂ ਤੇ ਮੁਸਲ-ਮਾਨਾਂ ਦਾ ਝਗੜਾ ਨਹੀਂ ਚਾਹੁੰਦੇ ਤੇ ਗੁਰਦੁਆਰੇ ਦੇ ਸੰਬੰਧ ਵਿਚ ਕੋਈ ਤੁਅੱਸਬ ਦੀ ਖਾਸ ਮਿਸਾਲ ਨਹੀਂ ਹੈ। ਸਿਖ ਤੇ ਮੁਸਲਮਾਨ ਆਗੂਆਂ ਨੂੰ ਚਾਹੀਦਾ ਹੈ ਕਿ ਸਿਖਾਂ ਤੇ ਮੁਸਲਮਾਨਾਂ ਦੇ ਤਅਲਕਾਤ ਸਦਾ ਲਈ ਚੰਗੇ ਬਣਾ ਦੇਣ। ਇਹ ਗਲ ਉਕੀ ਔਖੀ ਨਹੀਂ, ਪਰ ਕਿਸੇ ਨੇ ਪੂਰਾ ਧਿਆਨ ਇਧਰ ਕਦੀ ਨਹੀਂ ਦਿੱਤਾ ਹੈ। ਇਥੋਂ ਦੇ ਝਗੜੇ ਦਾ ਅਸਰ ਪੰਜਾਬ ਵਿਚ ਭੀ ਬਹੁਤ ਹੋਂਦਾ ਹੈ ਕਿਉਂਕਿ ਇਸ ਗੁਰਦਵਾਰੇ ਦੀ ਇਜ਼ਤ ਪੰਜਾਬ ਦੇ ਸਿਖਾਂ ਦੇ ਦਿਲ ਵਿਚ ਬਹੁਤ ਹੈ। ਗੁਰੂ ਸਾਹਿਬਾਨ ਦੇ ਜੀਵਨ ਨਾਲ ਸਿਧਾ ਸਬੰਧ ਰਖਣ ਵਾਲਾ ਇਹ ਗੁਰਦੁਆਰਾ ਆਖ਼ਰੀ ਹੈ।

ਮੈਂ ਇਹ ਗਲ ਪਹਿਲਾਂ ਲਿਖਣੋਂ ਭੁਲ ਗਿਆ ਹਾਂ ਕਿ ਗੁਰ-ਦੁਆਰਾ ਸ਼ਹਿਰ ਤੇ ਸਟੇਸ਼ਨ ਦੇ ਵਿਚਕਾਰ ਹੈ ਤੇ ਬਿਲਕੁਲ ਸ਼ਹਿਰ ਨਾਲੋਂ ਅਡਰਾ ਹੈ। ਪ੍ਰਬੰਧ ਸੋਹਣਾ ਹੈ। ਰਿਆਸਤ ਫਰੀਦਕੋਟ ਵਲੋਂ ਇਸ ਗੁਰਦਵਾਰੇ ਦੀ ਬਹੁਤ ਸੇਵਾ ਹੋਈ ਹੈ। ਯਾਤਰੂਆਂ ਦੀ ਰਿਹਾਇਸ਼ ਲਈ ਬਹੁਤ ਸਾਰੇ ਮਕਾਨ ਮਹਾਰਾਜਾ ਫਰੀਦਕੋਟ ਨੇ ਹੀ ਬਣਵਾਏ ਹਨ। ਗੁਰਦੁਆਰੇ ਦਾ ਪਰਬੰਧ ਇਸ ਵੇਲੇ ਹਕੂਮਤ ਦੇ ਹੱਥ ਹੈ। ਪਰ ਮੈਨੂੰ ਆਸ ਹੈ ਕਿ ਜਿਸ ਵੇਲੇ ਭੀ ਸਿਖ ਕੋਈ ਪਰ-ਬੰਧ ਦੀ ਯੋਗ ਸਕੀਮ ਬਣਾਕੇ ਨਜ਼ਾਮ ਸਾਹਿਬ ਦੇ ਹਵਾਲੇ ਕਰਨਗੇ, ਉਸੇ ਵੇਲੇ ਪਰਬੰਧ ਸਿਖਾਂ ਦੇ ਹਵਾਲੇ ਹੋ ਜਾਏਗਾ। ਇਥੇ ਦੀ ਹਕੂਮਤ ਨੂੰ ਅੰਗਰੇਜ਼ੀ ਹਕੂਮਤ ਵਾਂਗੂੰ ਨਿਮਕ ਹਲਾਲੀ ਜ਼ੋਰ ਨਾਲ ਸਾਡੇ ਅੰਦਰ ਘੁਸੇੜਨ ਦੀ ਕੋਈ ਇੱਛਾ ਨਹੀਂ ਹੈ। ਇਹ ਤਾਂ ਕੇਵਲ ਅਮਨ ਚਾਹੁੰਦੇ ਹਨ ਤੇ ਇਹਨਾਂ ਦੇ ਦਿਲਾਂ ਵਿਚ ਸ਼ਕ



Digitized by Panjab Digital Library | www.panjabdigilib.org

ਕੇਵਲ ਇਹ ਹੈ ਕਿ ਸਿਖ ਫਸਾਦੀ ਹਨ ਤੇ ਆਪੋ ਵਿਚ ਭੀ ਲੜ ਪੈਂਦੇ ਹਨ ਅਤੇ ਚੰਗਾ ਪਰਬੰਧ ਵੀ ਨਹੀਂ ਕਰ ਸਕਦੇ। ਜੇ ਹਕੂ-ਮਤ ਨੂੰ ਅਮਨ ਦਾ, ਯਕੀਨ ਦਿਵਾ ਦਿੱਤਾ ਜਾਵੇ ਤਾਂ ਹਕੂਮਤ ਸ਼ੁਕਰ ਕਰੇਗੀ ਜੋ ਇਸ ਦੇ ਗਲੋਂ ਪਰਬੰਧ ਦਾ ਟੰਟਾ ਲਹਿ ਜਾਵੇਗਾ ਇਕ ਹੋਰ ਗਲ ਮੈਂ ਵੇਖੀ ਹੈ। ਕਈ ਲੋਕ ਅਜੇਹੇ ਹਨ ਜੋ ਬਿਨਾਂ ਟਿਕਟ ਪੰਜਾਬ ਤੋਂ ਇਥੇ ਆਉਂਦੇ ਹਨ ਤੇ ਜਾਂਦੇ ਹਨ। ਅਜੇਹੇ ਲੋਕਾਂ ਵਿਚ ਸ਼ਰਧਾ ਭਾਵ ਨਹੀਂ ਹੋਂਦਾ। ਜੇ ਉਹਨਾਂ ਨੂੰ ਯਾਤਰਾ ਦੀ ਸ਼ਰਧਾ ਹੋਵੇ ਤਾਂ ਉਹ ਇਸ ਨੂੰ ਚੋਰੀ ਨਾਲ ਹੀ ਕਿਉਂ ਸ਼ੁਰੂ ਕਰਨ। ਅਜੇਹੇ ਲੋਕ ਪ੍ਰਬੰਧ ਲਈ ਖ਼ਤਰਨਾਕ ਹੋ ਸਕਦੇ ਹਨ। ਸਾਨੂੰ ਚਾਹੀਦਾ ਹੈ ਕਿ ਪਰਚਾਰ ਕਰੀਏ ਕਿ ਚੋਰੀ ਕਰ ਕੇ ਯਾਤਰਾ ਕਰਨ ਨਾਲੋਂ ਯਾਤਰਾ ਨਾ ਕਰਨਾ ਚੰਗਾ ਹੈ। ਕੁਝ ਸਜਣ ਤਾਂ ਅਜੇਹੇ ਹਨ ਜੋ ਵਿਹਲੇ, ਬਿਨਾਂ ਟਿਕਟੋਂ ਇਧਰ ਉਧਰ ਟੁਰੇ ਹੀ ਫਿਰਦੇ ਹਨ, ਜੇ ਕਿਸੇ ਨੇ ਜੇਹਲ ਵਿਚ ਦੇ ਦਿੱਤਾ ਤਾਂ ਉਥੇ ਦਿਨ ਕਟ ਆਏ ਤੇ ਜੇ ਕਿਸੇ ਨੇ ਇਕ ਗਡੀਉਂ ਕਢ ਦਿੱਤਾ ਤਾਂ ਦੂਜੀ ਵਿਚ ਬਹਿ ਆਏ। ਇਕ ਤਮਾਸ਼ਾ ਮੈਂ ਆਪਣੀ ਅੱਖੀਂ ਵੇਖਿਆ ਹੈ। ਇਕ ਬੁਢੇ ਸਿਖ ਨੂੰ ਟਿਕਟ ਬਾਬੂ ਇਕ ਖਾਨੇ ਤੋਂ ਕਢੇ, ਤੇ ਉਹ ਦੂਜੇ ਵਿਚ ਜਾ ਵੜੇ। ਬਾਬੂ ਉਧਰੋਂ ਕਢੇ ਤਾਂ ਉਹ ਤੀਜੇ ਵਿਚ ਜਾ ਵੜੇ। ਇਸ ਤਰ੍ਹਾਂ ਉਸ ਬੁਢੇ ਤੇ ਬਾਬੂ ਵਿਚ ਖੂਬ ਦੌੜ ਹੋਈ ਪਰ ਉਹ ਬੁਢਾ ਸੀ ਤੇ ਬਾਬੂ ਜਵਾਨ ਸੋ ਬਾਬੂ ਜਿੱਤ ਗਿਆ।



Digitized by Panjab Digital Library | www.panjabdigilib.org

## ਉਸ ਸਮੇਂ ਦੇ ਪੰਥਕ ਹਾਲਾਤ ਤੇ ਇਕ ਝਾਤ

ਪੰਥ 'ਚ ਪਈ ਦੁਫੇੜ ਨੂੰ ਦੂਰ ਕਰਨ ਲਈ ਗੁਰ ਸੇਵਕ ਸਭਾ ਨੇ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਤੇ ਗਿਆਨੀ ਸ਼ੇਰ ਸਿੰਘ ਨੂੰ ਪੰਥਕ ਕੰਮਾਂ ਤੋਂ ਵੱਖ ਹੋ ਜਾਣ ਦੀ ਅਪੀਲ ਕੀਤੀ ਤਾਂ ਜੋ ਆਪਸੀ ਫੁਟ ਕਾਰਨ ਪੰਥ ਦੇ ਹਿੱਤਾਂ ਨੂੰ ਠੇਸ ਨਾ ਲਗੇ। ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਜਿਨ੍ਹਾਂ ਦੇ ਰੋਮ ਰੋਮ ਵਿਚ ਪੰਥ ਦੀ ਚੜ੍ਹਦੀ ਕਲਾ ਦੇ ਲਈ ਕੰਮ ਕਰਨ ਦਾ ਉਤਸ਼ਾਹ ਰਚਿਆ ਹੋਇਆ ਸੀ ਇਸ ਅਪੀਲ ਤੇ ਨਾ ਕੇਵਲ ਸਰਗਰਮ ਜਨਤਕ ਜੀਵਨ ਨੂੰ ਛਡ ਗਏ ਸਗੋਂ ਅਗਿਆਤਵਾਸ ਵਿਚ ਚਲੇ ਗਏ। ਉਨ੍ਹਾਂ ਦੇ ਅਗਿਆਤਵਸ ਵਿਚ ਜਾਣ ਪਿਛੋਂ ਹਾਲਾਤ ਨੇ ਬਹੁਤ ਗੰਭੀਰ ਰੂਪ ਧਾਰ ਲਿਆ ਅਤੇ ਪੰਥਕ ਨਈਆਂ ਭੰਵਰ ਵਿਚ ਫਸ ਗਈ। ਸਾਰੇ ਪੰਥ ਹਤੈਸ਼ੀਆਂ ਨੇ ਅਨੁਭਵ ਕੀਤਾ ਕਿ ਸਿਆਸੀ ਭੰਵਰ ਵਿਚ ਫਸੀ ਇਸ ਬੇੜੀ ਨੂੰ ਕੰਢੇ ਲਾਉਣ ਲਈ ਨਈਆ ਦੇ ਖਿਵਈਆਂ ਮਾਸਟਰ ਤਾਰਾ ਸਿੰਘ ਜੀ ਨੂੰ ਵਾਪਸ ਲਿਆਉਣਾ ਚਾਹੀਦਾ ਹੈ। ਇਸ ਸਬੰਧੀ ਅਖਬਾਰਾਂ ਵਿਚ ਜੋ ਸਮਾਚਾਰ ਤੇ ਲੇਖ ਪਕਾਸ਼ਤ ਹੋਏ ਉਹ ਅਗਲੇ ਪੱਨਿਆਂ ਤੇ ਦੇ ਰਹੇ ਹਾਂ ਤਾਂ ਜੋ ਇਸ ਸਫਰ ਨਾਮੇ ਦੇ ਨਾਲ ਹੀ ਪਾਠਕਾਂ ਨੂੰ ਉਸ ਸਮੇਂ ਦੀ ਰਾਜਸੀ ਹਾਲਤ ਦਾ ਵੀ ਪਤਾ ਲਗ ਜਾਏ ਤੇ ਇਹ ਵੀ ਗਿਆਤ ਹੋ ਜਾਏ ਕਿ ਮਾਸਟਰ ਜੀ ਦੇ ਦਿਲ ਵਿਚ ਪੰਥ ਦਾ ਕਿਨਾ ਕੁ ਦਰਦ ਸੀ।

ਅਗਿਆਤਵਸ ਸਮੇਂ ਦਾ ਮਾਸਟਰ ਜੀ ਦੇ ਸਫ਼ਰ ਨਾਮੇਂ ਦਾ ਬਾਕੀ ਹਿੱਸਾ ਇਸ ਤੋਂ ਬਾਅਦ ਪੜ੍ਹੋ।



Digitized by Panjab Digital Library | www.panjabdigilib.org

## ਮ: ਤਾਰਾ ਸਿੰਘ ਜੀ ਦੇ ਪਤੇ ਦੀ ਲੋੜ

ਸ: ਹਰੀ ਸਿੰਘ ਜੀ ਪ੍ਰਧਾਨ ਰਿਆਸਤੀ ਪਰਜਾ ਮੰਡਲ ਰਿਆਸਤ ਪਟਿਆਲਾ ਲਿਖਦੇ ਹਨ ਕਿ ਏਸ ਵੇਲੇ ਪਰਜਾ ਮੰਡਲ ਦੇ ਸੇਵਕ ਭਾਰੀ ਮੁਸ਼ਕਲ ਵਿਚ ਹਨ। ਪੰਥ ਦੇ ਪਰਸਿੱਧ ਸੇਵਕ ਔਰ ਕੌਮ ਦੇ ਦੁਲਾਰੇ ਸ: ਸੇਵਾ ਸਿੰਘ ਜੀ ਠੀਕਰੀ ਵਾਲਾ ਭੁਖ ਹੜਤਾਲ ਕਰਕੇ ਆਪਣੇ ਜੀਵਨ ਦੀਆਂ ਅੰਤਲੀਆਂ ਘੜੀਆਂ ਗਿਣ ਰਹੇ ਹਨ। ਏਸ ਤੋਂ ਛੁਟ ਸੈਂਕੜਿਆਂ ਦੀ ਗਿਣਤੀ ਵਿਚ ਪਰਜਾ ਮੰਡਲ ਦੇ ਸੇਵਕ ਘਰੋਂ ਬੇਘਰ ਹੋਏ ਫਿਰਦੇ ਹਨ। ਨਾ ਕੋਈ ਪੰਥਕ ਜਥਾ ਔਰ ਨਾ ਹੀ ਪੰਥਕ ਆਗੂ ਦੁਖੀ ਪਰਜਾ ਮੰਡਲੀਆਂ ਦੀ ਬਾਂਹ ਫੜਦਾ ਹੈ। ਉਹਨਾਂ ਨੂੰ ਆਪਣੀ ਏਸ ਬਿਪਤਾ ਦੀ ਘੜੀ ਵਿਚ ਜੇ ਕੋਈ ਆਸ ਬਾਕੀ ਰਹਿੰਦੀ ਜਾਪਦੀ ਹੈ ਤਾਂ ਉਹ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਉਤੇ ਹੈ। ਪਰਜਾ ਮੰਡਲੀ ਸੇਵਕਾਂ ਦੀ ਇਹ ਤੀਬਰ ਇਛਾ ਹੈ ਕਿ ਜੇ ਉਹਨਾਂ ਨੂੰ ਮਾਸਟਰ ਤਾਰਾ ਸਿੰਘ ਜੀ ਦਾ ਪਤਾ ਲਗ ਜਾਵੇ ਤਾਂ ਉਹਨਾਂ ਦਾ ਇਕ ਡੈਪੂਟੇਸ਼ਨ ਮਾਸਟਰ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਰੋ ਕੇ ਉਨਾਂ ਪਾਸ ਇਹ ਬੇਨਤੀ ਕਰੇਗਾ ਕਿ ਮਾਸਟਰ ਜੀ ਹੋਰੀਂ ਉਹਨਾਂ ਦੀ ਏਸ ਔਖੇ ਸਮੇਂ ਵਿਚ ਬਾਂਹ ਫੜਨ ਔਰ ਉਹਨਾਂ ਦੀ ਅਗਵਾਈ ਕਰਨ ਏਸ ਲਈ ਜੇ ਕਿਸੇ ਸਜਣ ਨੂੰ ਮਾਸਟਰ ਤਾਰਾ ਸਿੰਘ ਜੀ ਦੇ ਟਿਕਾਣੇ ਦਾ ਪਤਾ ਹੋਵੇ ਤਾਂ ਉਹ ਅਖਬਾਰ ਜਾਂ ਚਿੱਠੀ ਰਾਹੀਂ ਮੈਨੂੰ ਪਤਾ ਭੇਜਣ ਦੀ ਕ੍ਰਿਪਾਲਤਾ ਕਰੇ।



Digitized by Panjab Digital Library | www.panjabdigilib.org

## ਮਾਸਟਰ ਤਾਰਾ ਸਿੰਘ ਜੀ ਦੀ ਵਾਪਸੀ ਦੀ ਲੋੜ
## (ਵਲੋਂ: ਸ: ਈਸ਼ਰ ਸਿੰਘ ਜੀ ਮਝੈਲ)

ਗੁਰ ਸੇਵਕ ਸਭਾ ਵਲੋਂ ਮਾਸਟਰ ਤਾਰਾ ਸਿੰਘ ਜੀ ਨੂੰ ਜਦੋਂ ਪੰਥਕ ਜ਼ਿੰਦਗੀ ਤੋਂ ਅੱਡ ਹੋਣ ਲਈ ਕਿਹਾ ਗਿਆ ਸੀ ਉਸ ਵੇਲੇ ਖਿਆਲ ਇਹ ਸੀ ਕਿ ਗਿਆਨੀ ਸ਼ੇਰ ਸਿੰਘ ਜੀ ਭੀ ਅੱਡ ਹੋ ਜਾਣਗੇ ਤੇ ਦੋਹਾਂ ਪਾਰਟੀਆਂ ਦੇ ਆਗੂਆਂ ਦੇ ਅਲਹਿਦਾ ਹੋ ਜਾਣ ਨਾਲ ਪੰਥ ਵਿਚ ਜੋ ਦੁਫੇੜ ਪੈ ਚੁਕੀ ਹੈ ਉਹ ਦੂਰ ਹੋ ਜਾਵੇਗੀ। ਮਾਸਟਰ ਜੀ ਬਾਵਜੂਦ ਏਸ ਗਲ ਦੇ ਕਿ ਉਹ ਗੁਰ ਸੇਵਕ ਸਭਾ ਦੇ ਏਸ ਪਰੋਗਰਾਮ ਨਾਲ ਸਹਿਮਤ ਨਹੀਂ ਸਨ ਪੰਥਕ ਜ਼ਿੰਦਗੀ ਤੋਂ ਅਡ ਹੋ ਗਏ।

ਮਾਸਟਰ ਜੀ ਵਿਰੁਧ ਪਿਛਲੇ ਸਾਲਾਂ ਵਿਚ ਜੋ ਕੁਝ ਭੈੜਾ ਤੇ ਬੇ ਬੁਨਿਆਦ ਪਰ ਜਥੇਬੰਦ ਪਰਾਪੇਗੰਡਾ ਕੀਤਾ ਜਾਂਦਾ ਸੀ ਮੈਂ ਉਸ ਸਬੰਧੀ ਐਸ ਵੇਲੇ ਕੁਝ ਲਿਖਣਾ ਯੋਗ ਨਹੀਂ ਸਮਝਦਾ ਪਰੰਤੂ ਇਹ ਗਲ ਸੂਰਜ ਵਲ ਰੋਸ਼ਨ ਹੈ ਕਿ ਮਾਸਟਰ ਜੀ ਉਤੇ ਦਿਮਾਗ ਤੇ ਭਾਰ ਪਾ ਪਾ ਕੇ ਜੋ ਇਲਜ਼ਾਮ ਘੜ ਕੇ ਲਾਏ ਗਏ ਸਨ ਉਨ੍ਹਾਂ ਤੇ ਕਿਸੇ ਭੀ ਵਿਚਾਰ ਸ਼ੀਲ ਸਿਖ ਨੇ ਕਦੇ ਇਤਬਾਰ ਨਹੀਂ ਸੀ ਕੀਤਾ। ਪਰੰਤੂ ਮਾਸਟਰ ਤਾਰਾ ਸਿੰਘ ਜੀ ਵਿਰੁਧ ਇਕ ਇਲਜ਼ਾਮ ਬੜਾ ਸੰਗੀਨ ਸੀ ਤੇ ਉਸ ਇਲਜ਼ਾਮ ਦਾ ਉਨ੍ਹਾਂ ਅਥਵਾ ਉਨ੍ਹਾਂ ਦੀ ਪਾਰਟੀ ਪਾਸ ਕੋਈ ਅਜੇਹਾ ਜਵਾਬ ਨਹੀਂ ਸੀ ਜਿਸ ਨਾਲ ਲੋਕਾਂ ਦੀ ਤਸੱਲੀ ਕਰਵਾਈ ਜਾ ਸਕਦੀ।



Digitized by Panjab Digital Library | www.panjabdigilib.org

ਇਲਜ਼ਾਮ ਇਹ ਸੀ ਕਿ ਮਾਸਟਰ ਜੀ ਚੌਧਰ ਦੇ ਭੁਖੇ ਹਨ। ਏਸ ਇਲਜ਼ਾਮ ਦਾ ਤਸੱਲੀ ਬਖਸ਼ ਜਵਾਬ ਏਸ ਲਈ ਨਹੀਂ ਸੀ ਦਿੱਤਾ ਜਾ ਸਕਦਾ ਕਿ ਇਹ ਚੀਜ਼ ਨਾਂ ਅਖਾਂ ਨਾਲ ਦੇਖੀ ਜਾ ਸਕਦੀ ਸੀ ਤੇ ਨਾ ਹੀ ਏਸ ਦਾ ਅੰਦਾਜ਼ਾ ਕਿਸੇ ਹੋਰ ਤਰੀਕੇ ਨਾਲ ਲਾਇਆ ਜਾ ਸਕਦਾ ਸੀ। ਭਾਵੇਂ ਉਨ੍ਹਾਂ ਦੇ ਨਜ਼ਦੀਕ ਰਹਿਣ ਵਾਲੇ ਤੇ ਨਾਲ ਮਿਲਕੇ ਕੰਮ ਕਰਨ ਵਾਲੇ ਸਜਣ ਚੰਗੀ ਤਰ੍ਹਾਂ ਜਾਣਦੇ ਸਨ ਕਿ ਮਾਸਟਰ ਜੀ ਵਿਰੁੱਧ ਲਗਾਇਆਂ ਗਿਆ ਇਹ ਇਲਜ਼ਾਮ ਉਕਾ ਹੀ ਨਿਰਮੂਲ ਹੈ।

ਆਖ਼ਰ ਸਮਾਂ ਆਇਆ ਤੇ ਮਾਸਟਰ ਜੀ ਨੇ ਅਮਲੀ ਤੌਰ ਤੇ ਸਾਬਤ ਕਰ ਦਿੱਤਾ ਕਿ ਆਪ ਵਿਚ ਚੌਧਰ ਦੀ ਭੁਖ ਦਾ ਲੇਸ ਤਕ ਭੀ ਨਹੀਂ ਹੈ। ਆਪ ਪਾਸੋਂ ਮੰਗ ਕੀਤੀ ਗਈ ਕਿ ਆਪ ਪੰਥਕ ਕੰਮਾ ਵਿਚੋਂ ਹੱਥ ਕੱਢ ਲੈਣ। ਜਿਨ੍ਹਾਂ ਸੋਸਾਇਟੀਆਂ ਨੂੰ ਮਾਸਟਰ ਤਾਰਾ ਸਿੰਘ ਜੀ ਆਪਣੇ ਤਨ ਮਨ ਤੇ ਧਨ ਦੀ ਕੁਰਬਾਨੀ ਨਾਲ ਪਾਲ ਪੋਸ ਕੇ ਵਡਾ ਕੀਤਾ ਸੀ ਜਿਨ੍ਹਾਂ ਸਾਥੀਆਂ ਨਾਲ ਵਰ੍ਹਿਆਂ ਬਧੀ ਮਾਸਟਰ ਜੀ ਸਿਰ ਜੋੜ ਕੇ ਕੰਮ ਕਰਦੇ ਰਹੇ ਸਨ ਉਨ੍ਹਾਂ ਸਾਰਿਆਂ ਨਾਲੋਂ ਇਕ ਦਮ ਟੁਟ ਜਾਣਾ ਕੋਈ ਖੇਡ ਨਹੀਂ ਵਡੇ ਭਾਰੇ ਦਿਲ ਗੁਰਦੇ ਦਾ ਕੰਮ ਹੈ।

ਜੋ ਭਰਾ ਮਾਸਟਰ ਜੀ ਦੇ ਉਤੇ ਚੌਧਰ ਦੀ ਭੁੱਖਦਾ ਇਲਜ਼ਾਮ ਧਰਦੇ ਸਨ ਜਦ ਉਨ੍ਹਾਂ ਨੂੰ ਭੀ ਮਾਸਟਰ ਜੀ ਦੀ ਤਰ੍ਹਾਂ ਪੰਥਕ ਏਕਤਾ ਦੇ ਨਾਮ ਉਤੇ ਅਡ ਹੋਣ ਲਈ ਕਿਹਾ ਗਿਆ ਤਾਂ ਉਨ੍ਹਾਂ ਕਹਿ ਦਿੱਤਾ ਕਿ ਸਾਡੇ ਸਾਥੀ ਅਜੇਹਾ ਨਹੀਂ ਕਰਨ ਦੇਂਦੇ। ਸੇਵਕਾਂ ਦੀ ਤਬੀਅਤ ਜ਼ਿੰਦਗੀ ਤੇ ਅਮਲੀ ਵਰਤੋਂ ਵਿਚ ਏਸ ਜ਼ਮੀਨ ਅਸਮਾਨ ਦੇ ਫਰਕ ਨੇ ਮਾਸਟਰ ਤਾਰਾ ਸਿੰਘ ਜੀ ਲਈ ਪੰਥ ਵਿਚ ਇਕ ਨਵਾਂ ਪਰੇਮ, ਤਾਜ਼ਾ ਉਤਸ਼ਾਹ ਤੇ ਅਪਾਰ ਸ਼ਰਧਾ ਪੈਦਾ ਕਰ ਦਿੱਤੀ।



Digitized by Panjab Digital Library | www.panjabdigilib.org

ਮਾਸਟਰ ਤਾਰਾ ਸਿੰਘ ਹੋਰ ਆਦਮੀਆਂ ਦੀ ਤਰ੍ਹਾਂ ਇਕ ਆਦਮੀ ਹੈ । ਉਸ ਵਿਚ ਕਈ ਨੁਕਸ ਹੋਣਗੇ । ਪਰੰਤੂ ਕੜੀ ਅਜ਼ਮੈਸ਼ ਪਿਛੋਂ ਕਢੇ ਨਤੀਜੇ ਦੇ ਤੌਰ ਤੇ ਅਸੀਂ ਅਜ ਕਹਿ ਸਕਦੇ ਹਾਂ ਕਿ ਮਾਸਟਰ ਤਾਰਾ ਸਿੰਘ ਚੌਧਰ ਦਾ ਭੁੱਖਾ ਨਹੀਂ ਉਹ ਸਚਾ ਤਿਆਗੀ ਹੈ । ਮਾਸਟਰ ਤਾਰਾ ਸਿੰਘ ਲੋਭੀ ਤੇ ਲਾਲਚੀ ਨਹੀਂ ਉਹ ਗਰੀਬ ਘਰ ਵਿਚ ਪੈਦਾ ਹੋ ਕੇ ਗ਼ਰੀਬ ਰਹਿ ਕੇ ਪੰਥ ਦੀ ਸੇਵਾ ਕਰਨ ਦੇ ਆਦਰਸ਼ ਉਤੇ ਚਲ ਰਿਹਾ ਹੈ ।

ਕਈ ਮਹੀਨੇ ਗੁਜ਼ਰ ਜਾਣ ਦੇ ਬਾਵਜੂਦ ਮਾਸਟਰ ਦੋਸਤਾਂ ਦੀ ਛਾਤੀ ਦੀ ਠੰਢ ਤੇ ਵਿਰੋਧੀਆਂ ਦੀ ਅੱਖ ਦਾ ਤ੍ਰਿਣ ਬਣ ਰਿਹਾ ਹੈ । ਮਾਸਟਰ ਤਾਰਾ ਸਿੰਘ ਖੂਹ ਵਿਚ ਪਏ ਯੂਸਫ਼ ਦੀ ਤਰ੍ਹਾਂ ਘਰ ਬੈਠੇ ਬਾਕੀ ਭਰਾਵਾਂ ਲਈ ਇਕ ਡਰ ਭਾਸ ਰਿਹਾ ਹੈ । ਜਿਵੇਂ ਸ਼ਹਿਜ਼ਾਦਾ ਯੂਸਫ਼ ਲਾ ਮਿਸਾਲ ਹੁਸੀਣ ਹੋਣ ਦੇ ਬਾਵਜੂਦ ਸੂਤ ਦੀ ਅਟੀ ਤੋਂ ਕਿਨਿਆਨ ਦੇ ਬਾਜ਼ਾਰਾਂ ਵਿਚ ਵਿਕਿਆ ਸੀ ਏਸੇ ਤਰ੍ਹਾਂ ਅਣਗਿਣਤ ਗੁਣ ਰਖਣ ਦੇ ਅਪ੍ਰਾਧ ਵਿਚ ਮਾਸਟਰ ਤਾਰਾ ਸਿੰਘ ਸਿਖ ਪੰਥ ਵਿਚੋਂ ਅਡ ਕੀਤੇ ਜਾਣ ਤੇ ਪਹਾੜਾਂ ਦੀਆਂ ਖੋਹਾਂ ਤੇ ਦਰਿਆਵਾਂ ਦੇ ਕੰਢਿਆਂ ਤੇ ਦਿਨ ਕਟੀ ਕਰ ਰਿਹਾ ਹੈ । ਮੈਂ ਚਾਹੁੰਦਾ ਹਾਂ ਕਿ ਮਿਸਰ ਵਿਚ ਕਾਲ ਪਵੇ ਤੇ ਯੂਸਫ਼ ਦੇ ਭਰਾ ਖੋਤੇ ਲੈ ਕੇ ਯੂਸਫ਼ ਪਾਸੋਂ ਦਾਣੇ ਲੈਣ ਆਉਣ । ਪਰ ਕੀ ਅਜੇ ਇਹ ਕਾਲ ਨਹੀਂ ਪਿਆ ਕਾਲ ਪਿਆ ਹੋਇਆ ਹੈ ਪੰਥ ਵਿਚ ਚੰਗੇ ਸੇਵਕਾਂ ਦਾ ਕਾਲ ਪਿਆ ਹੋਇਆ ਹੈ । ਈਮਾਨਦਾਰ, ਨਿਰਮਾਣ ਤੇ ਲੋਭ ਲਾਲਚ ਤੋਂ ਉਚੇਰੇ ਰਹਿ ਕੇ ਕੰਮ ਕਰਨ ਵਾਲੇ ਵਰਕਰਾਂ ਦਾ । ਪਰੰਤੂ ਪਰਤੀਤ ਹੁੰਦਾ ਹੈ ਕਿ ਯੂਸਫ਼ ਦੇ ਭਰਾਵਾਂ ਵਾਂਗੂੰ ਅਸੀਂ ਅਜੇ ਭੁਖੇ ਨਹੀਂ ਮਰਨ ਲਗੇ ।

ਪਰ ਭੁੱਖੇ ਮਰਨ ਪਿਛੋਂ ਬਾਨ੍ਹਣੂ ਬੰਨ੍ਹਣਾ ਇਹ ਕਈ ਸਦੀਆਂ ਪਹਿਲਾਂ ਦਾ ਕੰਮ ਸੀ ਅਜ ਲੋੜ ਹੈ ਕਲ ਨੂੰ ਵੇਖ ਕੇ ਪਹਿਲਾਂ



Digitized by Panjab Digital Library | www.panjabdigilib.org

ਤਿਆਰੀ ਕਰਨ ਦੀ। ਏਸ ਲਈ ਮੈਂ ਬੇਨਤੀ ਕਰਾਂਗਾ ਕਿ ਪੰਥ ਬੜੀਆਂ ਮੁਸ਼ਕਲਾਂ ਵਿਚ ਦੀ ਲੰਘ ਰਿਹਾ ਹੈ। ਪੰਥ ਦਾ ਬਹੁਤ ਵਡਾ ਹਿੱਸਾ ਮਾਸਟਰ ਜੀ ਦੇ ਵਾਪਸ ਆਓਣ ਲਈ ਘੜੀਆਂ ਗਿਣ ਰਿਹਾ ਹੈ। ਚੰਗੀ ਅਗਵਾਈ ਤੋਂ ਬਿਨਾਂ ਭੰਬਲ ਭੂਸੇ ਖਾਣ ਵਾਲੇ ਸੇਵਕ ਰਾਹ ਵੇਖ ਰਹੇ ਹਨ ਕਿ ਕਦ ਮਾਸਟਰ ਜੀ ਆ ਕੇ ਪੰਥ ਦੀ ਅਗਵਾਈ ਕਰਨ। ਇਸ ਲਈ ਲੋੜ ਹੈ ਕਿ ਮਾਸਟਰ ਜੀ ਨੂੰ ਵਾਪਸ ਲਿਆਉਣ ਲਈ ਸ਼ੀਘਰ ਹੀ ਤਕੜਾ ਉਪਾ ਕੀਤਾ ਜਾਵੇ।

## ਮਾ: ਤਾਰਾ ਸਿੰਘ ਜੀ ਦੀ ਵਾਪਸੀ ਦੀ ਲੋੜ

## ਪੰਜਾਬ ਦੇ ਪ੍ਰਸਿਧ ਕੌਮ ਪ੍ਰਸਤ ਸੇਵਕਾਂ ਦੀ ਅਪੀਲ

ਸੱਯਦ ਅਤਾ ਉਲਾ ਸ਼ਾਹ ਬੈਰਿਸਟਰ ਅਤੇ ਮੀਤ ਪ੍ਰਧਾਨ ਕਾਂਗਰਸ ਕਮੇਟੀ ਜਲੰਧਰ, ਲਾਲਾ ਨੰਦ ਲਾਲ ਵਕੀਲ ਜਲੰਧਰ, ਲਾਲਾ ਨੌਬਤ ਰਾਏ ਸਹਿਗਲ ਪਲੀਡਰ ਪੰਡਤ ਮੂਲ ਰਾਜ ਜੀ ਜਲੰਧਰ ਨੇ ਹੇਠ ਲਿਖਿਆ ਬਿਆਨ ਮਾਸਟਰ ਜੀ ਦੀ ਵਾਪਸੀ ਲਈ ਦਿਤਾ--ਗੁਰ ਸੇਵਕ ਸਭਾ ਦੇ ਹੁਕਮ ਨੂੰ ਮੰਨਕੇ ਕੌਮੀ ਅਤੇ ਮੁਲਕੀ ਸੇਵਾ ਤੋਂ ਅਡ ਹੋ ਕੇ ਜਿਹੜੀ ਇਖ਼ਲਾਕੀ ਦਲੇਰੀ ਦਾ ਸਬੂਤ ਮਾਸਟਰ ਤਾਰਾ ਸਿੰਘ ਜੀ ਨੇ ਦਿੱਤਾ ਹੈ ਉਸ ਦੀ ਮਿਸਾਲ ਘਟ ਹੀ ਮਿਲਦੀ ਹੈ। ਇਹਨਾਂ ਨੂੰ ਅਡ ਹੋਇਆਂ ਸਤ ਅਠ ਮਹੀਨੇ ਹੋ ਗਏ ਹਨ ਪਰੰਤੂ ਦੂਸਰੀ ਪਾਰਟੀ ਦਾ ਕੋਈ ਵੀ ਮੁਖੀ ਉਪਰੋਕਤ ਸਭਾ ਦੇ ਕਹਿਣ ਉਤੇ ਅਡ ਨਹੀਂ ਹੋਇਆ, ਏਸ ਲਈ ਲੋੜ ਹੈ ਕਿ ਗੁਰ ਸੇਵਕ ਸਭਾ ਵਲੋਂ ਮ: ਜੀ ਨੂੰ ਮੁਲਕੀ ਅਤੇ ਕੌਮੀ ਸੇਵਾ ਲਈ ਵਾਪਸ ਬੁਲਾਇਆ ਜਾਵੇ ਕਿਉਂਕਿ ਪੰਜਾਬ ਦੇ ਵਰਤਮਾਨ ਹਾਲਾਤ ਤੋਂ ਪ੍ਰਗਟ ਹੈ ਕਿ ਮੁਲਕ ਅਤੇ ਕੌਮ ਨੂੰ ਮਾਸਟਰ ਜੀ ਵਰਗੇ ਕੌਮੀ ਸੇਵਕਾਂ ਦੀ ਡਾਢੀ ਲੋੜ ਹੈ।



Digitized by Panjab Digital Library | www.panjabdigilib.org

## ਗੁਰਸੇਵਕ ਸਭਾ ਵਲੋਂ ਮਾ: ਤਾਰਾ ਸਿੰਘ ਜੀ ਨੂੰ ਚਿੱਠੀ

**ਬਾਵਾ ਹਰਕਿਸ਼ਨ ਸਿੰਘ ਜੀ ਕਨਵੀਨਰ ਗੁਰਸੇਵਕ ਸਭਾ ਅੰਮ੍ਰਿਤਸਰ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਹੇਠਾਂ ਲਿਖੇ ਭਾਵ ਦੀ ਚਿੱਠੀ ਲਿਖੀ**

ਪਿਆਰੇ ਵੀਰ ਜੀਓ ! ਜਦੋਂ ਪਿਛਲੇ ਮਈ ਦੇ ਮਹੀਨੇ ਵਿਚ ਗੁਰਸੇਵਕ ਸਭਾ ਵਲੋਂ ਆਪ ਨੂੰ ਇਹ ਅਪੀਲ ਕੀਤੀ ਗਈਸੀ ਕਿ ਆਪ ਪੰਥਕ ਸਰਗਰਮੀਆਂ ਨਾਲੋਂ ਅਡ ਹੋ ਜਾਉ ਤਾਂ ਇਹ ਬੇਨਤੀ ਤਾਂ ਨਹੀਂ ਕੀਤੀ ਸੀ ਕਿ ਤੁਸੀਂ ਆਪਣੇ ਟਬਰ ਜਾਂ ਪੰਜਾਬ ਤੋਂ ਦੂਰ ਚਲੇ ਜਾਓ ਪਰ ਤੁਸਾਂ ਆਪਣੇ ਉਤੇ ਤੇ ਆਪਣੇ ਟਬਰ ਉਤੇ ਇਹ ਵਾਧੂ ਦਾ ਕਸ਼ਟ ਝਲਣਾ ਯੋਗ ਸਮਝਿਆ। ਉਦੋਂ ਤੋਂ ਲੈ ਕੇ ਹੁਣ ਤਕ ਲਗ ਪਗ ਸਤ ਮਹੀਨੇ ਬੀਤ ਚੁਕੇ ਹਨ। ਅਸੀਂ ਤੁਹਾਡੇ ਇਸ ਕਸ਼ਟ ਦਾ ਖ਼ਿਆਲ ਕਰ ਕੇ, ਖ਼ਾਸ ਕਰ ਕੇ ਇਸ ਗਲੋਂ, ਦੁਖ ਅਨੁਭਵ ਕਰਦੇ ਰਹੇ ਹਾਂ ਕਿ ਤੁਹਾਡੀ ਚਾਹ ਸੀ ਕਿ ਲੋਕੀ ਤੁਹਾਨੂੰ ਭੁਲ ਜਾਣ ਪਰ ਤੁਹਾਡੇ ਵਿਰੋਧੀਆਂ ਨੇ ਇਹ ਗਲ ਯੋਗ ਨਹੀਂ ਸਮਝੀ ਕਿ ਉਹ ਤੁਹਾਡਾ ਨਾਮ ਝਗੜੇ ਵਾਲੇ ਮਾਮਲਿਆਂ ਵਿਚ ਘਸੀਟਣੋਂ ਬਾਜ਼ ਰਹਿਣ। ਸਾਡੀ ਰਾਇ ਹੈ ਕਿ ਤੁਹਾਨੂੰ ਆਪਣੇ ਇਸ ਮੰਤਵ ਦੀ ਪੂਰਤੀ ਦੀ ਆਸ ਨਹੀਂ ਰਖਣੀ ਚਾਹੀਦੀ ਤੇ ਤੁਹਾਨੂੰ ਬਿਨਾਂ ਕਿਸੇ ਦੇਰੀ ਦੇ, ਆਪਣੇ ਟਬਰ ਵਿਚ ਵਾਪਸ ਆ ਜਾਣ ਪਰ ਸੰਜੀਦਗੀ ਨਾਲ ਵਿਚਾਰ ਕਰਨੀ ਚਾਹੀਦੀ ਹੈ।

ਪਰ ਅਸੀਂ ਇਥੇ ਆਪਣਾ ਦਿਲੀ ਗਹਿਰਾ ਖਿਆਲ ਦੁਹਰਾਉਣਾ ਜ਼ਰੂਰੀ ਸਮਝਦੇ ਹਾਂ ਕਿ ਤੁਸਾਂ ਸ਼ਰਤ ਬਿਨਾਂ ਪੰਥਕ ਸਰਗਰਮੀਆਂ ਨਾਲੋਂ ਅਡ ਰਹਿਕੇ ਸਾਊਆਂ ਵਾਲਾ ਕੰਮ ਕੀਤਾ ਹੈ ਤੇ ਤੁਹਾਡੀ ਇਹ ਅਲਹਿਦਗੀ ਤੁਹਾਡੀ ਆਪਣੀ ਭਲਾਈ ਲਈ ਤੇ ਉਹਨਾਂ ਦੀ ਭਲਾਈ ਲਈ ਸੀ ਜਿਨ੍ਹਾਂ ਨੂੰ ਕਿ ਤੁਸੀਂ ਪਿਆਰ ਕਰਦੇ ਹੋ। ਸਾਡਾ ਇਹ ਸਰਲ ਵਿਚਾਰ ਹੈ ਕਿ ਤੁਹਾਡੇ ਪੰਜਾਬ ਵਿਚ ਵਾਪਸ



Digitized by Panjab Digital Library | www.panjabdigilib.org

ਆਉਣ ਉਪਰ ਭੀ ਤੁਹਾਨੂੰ ਇਸ ਫੈਸਲੇ ਦੇ ਪਾਬੰਦ ਰਹਿਣਾ ਚਾਹੀਦਾ ਹੈ, ਭਾਵੇਂ ਤੁਹਾਡੇ ਪੁਰਾਣੇ ਸਾਥੀ ਅਥਵਾ ਅਕਾਲੀ ਕੁਝ ਵੀ ਕਹਿਣ।

## ਗੁਰ ਸੇਵਕ ਸਭਾ ਤੇ ਮ: ਤਾਰਾ ਸਿੰਘ ਜੀ

ਗੁਰ ਸੇਵਕ ਸਭਾ ਦੀ ਆਗਿਆ ਨੂੰ ਮੰਨ ਕੇ ਮਾਸਟਰ ਤਾਰਾ ਸਿੰਘ ਜੀ ਨਾਂ ਕੇਵਲ ਪੰਥਕ ਸਰਗਰਮੀਆਂ ਨਾਲੋਂ ਅਡ ਹੋਏ ਬਲਕਿ ਉਹ ਘਰ ਘਾਟ ਤੇ ਪੰਜਾਬ ਭੀ ਛਡ ਗਏ। ਉਨ੍ਹਾਂ ਦਾ ਖਿਆਲ ਸੀ ਕਿ ਇਜੇਹਾ ਕਰਨ ਨਾਲ ਲੋਕੀ ਉਨ੍ਹਾਂ ਨੂੰ ਭੁੱਲ ਜਾਣਗੇ ਪਰ ਉਨ੍ਹਾਂ ਦੀ ਇਹ ਚਾਹ ਪੂਰੀ ਨਾ ਹੋ ਸਕੀ ਕਿਉਂਕਿ ਉਨ੍ਹਾਂ ਦੇ ਵਿਰੋਧੀਆਂ ਨੇ ਇਹ ਗਲ ਯੋਗ ਨਹੀਂ ਸਮਝੀ ਕਿ ਉਨ੍ਹਾਂ ਦਾ ਨਾਮ ਝਗੜੇ ਵਾਲਿਆਂ ਮਾਮਲਿਆਂ ਵਿਚ ਨਾ ਘਸੀਟਿਆ ਜਾਵੇ।

ਮਾਸਟਰ ਜੀ ਕੋਈ ਸਤ ਮਹੀਨਿਆਂ ਤੋ ਪੰਜਾਬੋਂ ਬਾਹਿਰ ਫਿਰ ਰਹੇ ਹਨ। ਇਸ ਤਰ੍ਹਾਂ ਜਿਥੇ ਉਹ ਆਪ ਕਸ਼ਟ ਉਠਾ ਰਹੇ ਹਨ, ਉਥੇ ਉਹਨਾਂ ਦਾ ਟਬਰ ਭੀ ਇਹ ਵਾਧੂ ਕਸ਼ਟ ਉਠਾ ਰਿਹਾ ਹੈ। ਸੋ ਗੁਰ ਸੇਵਕ ਸਭਾ ਨੇ ਸਾਰੀ ਹਾਲਤ ਉਪਰ ਵਿਚਾਰ ਕਰਨ ਮਗਰੋਂ ਮਾਸਟਰ ਤਾਰਾ ਸਿੰਘ ਜੀ ਨੂੰ ਲਿਖਿਆ ਹੈ ਕਿ ਉਹਨਾਂ ਨੂੰ ਬਿਨਾਂ ਕਿਸੇ ਦੇਰੀ ਦੇ ਆਪਣੇ ਟੱਬਰ ਵਿਚ ਵਾਪਸ ਆ ਜਾਣ ਉਪਰ ਸੰਜੀਦਗੀ ਨਾਲ ਵਿਚਾਰ ਕਰਨੀ ਚਾਹੀਦੀ ਹੈ।

ਇਹ ਬਦਕਿਸਮਤੀ ਦੀ ਗਲ ਹੈ ਕਿ ਮਾਸਟਰ ਜੀ ਜੇਹੀ ਕੁਰਬਾਨੀ, ਲਿਆਕਤ ਤੇ ਉਚੇ ਆਚਰਣ ਵਾਲੀ ਹਸਤੀ ਨੂੰ, ਹਾਲਾਤ ਅਨੁਸਾਰ, ਪੰਥਕ ਮਾਮਲਿਆਂ ਤੋਂ ਅਡ ਰਹਿਣ ਲਈ ਬੇਨਤੀ ਕਰਨੀ ਪਈ। ਭਾਵੇਂ ਆਪ ਦੀ ਇਸ ਕੁਰਬਾਨੀ ਤੇ ਪੰਜਾਬੋਂ ਬਾਹਰ ਜਾਣ ਨਾਲ ਕਈ ਤਰ੍ਹਾਂ ਨਾਲ ਚੰਗਾ ਅਸਰ ਪਿਆ



Digitized by Panjab Digital Library | www.panjabdigilib.org

ਹੈ ਪਰ ਵਿਰੋਧੀਆਂ ਵਲੋਂ ਵਿਰੋਧ ਨਾ ਛਡੇ ਜਾਣ ਦੇ ਕਾਰਨ, ਗੁਰਸੇਵਕ ਸਭਾ ਦਾ ਮਨਸ਼ਾ ਠੀਕ ਤਰ੍ਹਾਂ ਨਾਲ ਪੂਰਾ ਨਹੀਂ ਹੋਇਆ। ਇਸ ਲਈ ਸਾਡੇ ਖਿਆਲ ਵਿਚ ਮੁਨਾਸਬ ਇਹੋ ਜਾਪਦਾ ਹੈ ਕਿ ਹੁਣ ਮਾਸਟਰ ਜੀ ਬਿਨਾਂ ਕਿਸੇ ਦੇਰੀ ਦੇ ਵਾਪਸ ਆ ਜਾਣ।

ਜਿਥੇ ਅਸੀਂ ਮਾਸਟਰ ਜੀ ਦੀ ਵਾਪਸੀ ਦੇ ਚਾਹਵਾਨ ਹਾਂ ਨਾਲ ਅਸੀਂ ਇਹ ਗਲ ਭੀ ਕਹਿਣਾ ਚਾਹੁੰਦੇ ਹਾਂ ਕਿ ਮਾਸਟਰ ਜੀ ਪਹਿਲੇ ਫੈਸਲੇ ਉਪਰ ਬਾ-ਦਸਤੂਰ ਪਾਬੰਦ ਰਹਿਣ। ਅਸੀਂ ਅਕਾਲੀ ਪਾਰਟੀ ਦੇ ਸਜਣਾਂ ਦੀ ਸੇਵਾ ਵਿਚ ਬੇਨਤੀ ਕਰਾਂਗੇ ਕਿ ਉਹ ਮਾਸਟਰ ਜੀ ਉਪਰ ਪਾਰਟੀ ਦੀ ਅਗਵਾਈ ਲਈ ਜ਼ੋਰ ਨਾ ਪਾਣ। ਕੋਈ ਵੀ ਸਜਣ ਕਿਸੇ ਥਾਂ ਜਾਂ ਲਹਿਰ ਲਈ ਅਜੇਹੀ ਪੋਜ਼ੀਸ਼ਨ ਵਿਚ ਨਹੀਂ ਹੋਣਾ ਚਾਹੀਦਾ ਕਿ ਉਸ ਦੇ ਬਿਨਾਂ ਗੁਜ਼ਾਰਾ ਨਾ ਹੋ ਸਕੇ।

ਮਾਸਟਰ ਜੀ ਲੀਡਰ ਤੋਂ ਛੁਟ ਪੰਜਾਬੀ ਦੇ ਉਘੇ ਲਿਖਾਰੀ ਭੀ ਹਨ। ਉਹਨਾਂ ਦੇ ਪਰਮੀਆਂ ਨੂੰ ਚਾਹੀਦਾ ਹੈ ਕਿ ਉਹ ਉਹਨਾਂ ਦੇ ਵਾਪਸ ਆਉਣ ਉਪਰ ਉਹਨਾਂ ਨੂੰ ਸਾਹਿਤਕ ਮੈਦਾਨ ਵਿਚ ਸੇਵਾ ਕਰਨ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਤਾਂ ਜੋ ਉਹ ਅਕਾਲੀ ਲਹਿਰ ਦਾ ਮੁਕੰਮਲ ਇਤਿਹਾਸ ਲਿਖ ਸਕਣ ਜਾਂ ਇਸੇ ਤਰ੍ਹਾਂ ਦੀ ਕੋਈ ਹੋਰ ਨਿਗਰ ਸੇਵਾ ਕਰ ਸਕਣ।

ਅਛੂਤ ਉਧਾਰ, ਗਰਾਮ ਸੁਧਾਰ ਅੰਮ੍ਰਿਤ ਪਰਚਾਰ ਜਾਂ ਦਸਤਕਾਰੀ ਆਦਿ ਵਲ ਭੀ ਅਜੇ ਤਕ ਅਸਾਂ ਪੂਰਾ ਪੂਰਾ ਧਿਆਨ ਨਹੀਂ ਦਿੱਤਾ। ਜੇ ਮਾਸਟਰ ਜੀ ਇਸ ਪਾਸੇ ਧਿਆਨ ਦੇਣ ਜਾਂ ਉਹਨਾਂ ਤੋਂ ਇਹ ਸੇਵਾ ਲਈ ਜਾਵੇ ਤਾਂ ਉਹ ਹੋਰ ਵੀ ਵਧੇਰੇ ਲਾਭਦਾਇਕ ਸਾਬਤ ਹੋ ਸਕਦੇ ਹਨ।



Digitized by Panjab Digital Library | www.panjabdigilib.org

## ਮਾ: ਤਾਰਾ ਸਿੰਘ ਜੀ ਦੀ ਵਾਪਸੀ ਦੀ ਮੰਗ

੨੦ ਤੇ ੨੧ ਜਨਵਰੀ ਨੂੰ ਦੀਨਾਪੁਰ ਜ਼ਿਲਾ ਮੁਲਤਾਨ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਛਤਰ ਛਾਇਆ ਹੇਠਾਂ ਸਿਖਾਂ ਦਾ ਇਕ ਭਾਰੀ ਜਲਸਾ ਹੋਇਆ ਜਿਸ ਵਿਚ ਸਰਦਾਰ ਫੁਮਨ ਸਿੰਘ ਜੀ ਅਜੀਤ ਤੇ ਪੰਡਤ ਇੰਦਰ ਸਿੰਘ ਜੀ ਵੈਦ-ਅਚਾਰੀਆ ਨੇ ਤਕਰੀਰਾਂ ਕੀਤੀਆਂ। ਇਸ ਤੋਂ ਉਪਰੰਤ ਇਕ ਮਤੇ ਰਾਹੀਂ ਮਾਸਟਰ ਤਾਰਾ ਸਿੰਘ ਜੀ ਦੀ ਵਾਪਸੀ ਦਾ ਮੁਤਾਲਬਾ ਕੀਤਾ ਗਿਆ ਅਤੇ ਇਕ ਹੋਰ ਮਤੇ ਰਾਹੀਂ ਸਰਕਾਰ ਹਿੰਦ ਪਾਸ ਦਰਖਾਸਤ ਕੀਤੀ ਗਈ ਕਿ ਪੰਜਾਬ ਦੀ ਤਰ੍ਹਾਂ ਹੋਰ ਸੂਬਿਆਂ ਵਿਚ ਵੀ ਸਿਖਾਂ ਨੂੰ ਕਿਰਪਾਨਾਂ ਰਖਣ ਦੀ ਆਗਿਆ ਦਿੱਤੀ ਜਾਵੇ।

## ਸਰਦਾਰ ਸੇਵਾ ਸਿੰਘ ਜੀ ਠੀਕਰੀ ਵਾਲਾ ਚੜ੍ਹਾਈ ਕਰ ਗਏ

ਲਾਹੌਰ ੨੧ ਜਨਵਰੀ—ਅੰਮ੍ਰਿਤਸਰੋਂ ਇਹ ਦਿਲ ਹਿਲਾਊ ਖਬਰ ਪੁਜੀ ਹੈ ਕਿ ਸਰਦਾਰ ਸੇਵਾ ਸਿੰਘ ਜੀ ਠੀਕਰੀ ਵਾਲਾ—ਜੋ ਲਗ ਪਗ ਛੇ ਮਹੀਨਿਆਂ ਤੋਂ ਪਟਿਆਲਾ ਸੈਂਟਰਲ ਜੇਲ੍ਹ ਵਿਚ ਭੁਖ ਹੜਤਾਲ ਉਪਰ ਸਨ—ਚੜ੍ਹਾਈ ਕਰ ਗਏ ਹਨ। ਦਸਿਆ ਗਿਆ ਹੈ ਕਿ ਸ: ਹਰਚੰਦ ਸਿੰਘ ਜੀ ਜ਼ੇਜੀ ਨੇ ਇਸ ਦੁਖ ਭਰੀ ਖ਼ਬਰ ਦੀ ਤਸਦੀਕ, ਪਟਿਆਲਾ ਜੇਹਲ ਦੇ ਕਰਮਚਾਰੀਆਂ ਪਾਸੋਂ ਕਰ ਲਈ ਹੈ।



Digitized by Panjab Digital Library | www.panjabdigilib.org

ਵਾਰਧਾ

੧੬-੧੧ ੩੪

ਮਹਾਤਮਾ ਗਾਂਧੀ ਜੀ ਨਾਲ ਚਿੱਠੀ ਚਪੱਠੀ ਰਾਹੀਂ ਮੈਂ ਉਹਨਾਂ ਨੂੰ ਵਾਰਧਾ ਆ ਕੇ ਮਿਲਣ ਦਾ ਫੈਸਲਾ ਕਰ ਲਿਆ ਸੀ ਪਰ ਆਖ਼ਰੀ ਚਿੱਠੀ ਵਿਚ ਮੈਂ ਆਪਣੇ ਵਾਰਧਾ ਪਹੁੰਚਣ ਦੀ ਗੱਡੀ ਤੇ ਤਰੀਕ ਦੀ ਖ਼ਬਰ ਦੇਂਦੇ ਹੋਏ ਵਾਰਧਾ ਦੀ ਥਾਂ ਨਾਗਪੁਰ ਲਿਖ ਦਿੱਤਾ ਸੀ। ਜਦ ਮੈਂ ਵਾਰਧਾ ਸਟੇਸ਼ਨ ਉਤੇ ਅਪੜਿਆ ਤਾਂ ਮੈਂ ਵੇਖਾਂ ਕਿ ਕੋਈ ਗੱਡੀ ਤੇ ਆਇਆ ਹੋਣਾ ਹੈ, ਪਰ ਉਹਨਾਂ ਤਾਂ ਸਮਝਿਆ ਸੀ ਕਿ ਮੈਂ ਨਾਗਪੁਰ ਜਾ ਰਿਹਾ ਹਾਂ। ਸਟੇਸ਼ਨ ਤੋਂ ਟਾਂਗਾ ਕਰ ਕੇ ਮੈਂ ਮਹਾਤਮਾ ਗਾਂਧੀ ਜੀ ਦੇ ਆਸ਼ਰਮ ਅਪੜਿਆ। ਰਾਹ ਵਿਚ ਸੇਠ ਜਮਨਾ ਲਾਲ ਜੀ ਦੀ ਕੋਠੀ ਕੋਲੋਂ ਲੰਘਿਆ। ਮਰਦ ਮਹਿਮਾਨ ਸਾਰੇ ਸੇਠ ਜਮਨਾ ਲਾਲ ਜੀ ਦੀ ਕੋਠੀ ਹੀ ਰਹਿੰਦੇ ਹਨ ਜਿਸ ਕਰਕੇ ਮੈਨੂੰ ਮੁੜ ਉਥੇ ਆਉਣਾ ਪਿਆ।

ਇਥੇ ਕਈ ਨਵੇਂ ਸਜਣ ਵਾਕਫ਼ ਬਣੇ। ਖ਼ਾਨ ਅਬਦੁਲ ਗ਼ੁਫ਼ਾਰ ਖ਼ਾਨ ਸਾਹਿਬ ਤਾਂ ਮੇਰੇ ਪਹਿਲਾਂ ਹੀ ਵਾਕਫ਼ ਸਨ, ਪਰ ਉਹਨਾਂ ਦੇ ਵਡੇ ਭਰਾ ਡਾਕਟਰ ਖ਼ਾਨ ਸਾਹਿਬ ਪਹਿਲੀ ਵੇਰਾਂ ਵਾਕਫ਼ ਬਣੇ ਹਨ। ਡਾਕਟਰ ਖ਼ਾਨ ਸਾਹਿਬ ਬਹੁਤ ਲਾਇਕ, ਖ਼ੁਸ਼ ਮਿਜ਼ਾਜ ਤੇ ਪੱਕੇ ਕੌਮ ਪ੍ਰਸਤ ਹਨ।



Digitized by Panjab Digital Library | www.panjabdigilib.org

ਸੇਠ ਜਮਨਾ ਲਾਲ ਜੀ ਦੀ ਕੋਠੀ ਬਾਕਾਇਦਾ ਹੋਟਲ ਬਣਿਆਂ ਹੋਇਆ ਹੈ। ਦਰਜਨਾਂ ਮਹਿਮਾਨ ਰੋਜ਼ ਆਉਂਦੇ ਹਨ, ਤੇ ਉਹਨਾਂ ਦੀ ਪੂਰੀ ਸੇਵਾ ਹੋ ਜਾਂਦੀ ਹੈ। ਅਗੋਂ ਤਮਾਸ਼ਾ ਇਹ ਹੈ ਕਿ ਸਾਰੇ ਹਿੰਦੁਸਤਾਨ ਦੀਆਂ ਨੁਕਰਾਂ ਵਿਚੋਂ ਲੋਕੀ ਪਹੁੰਚਦੇ ਹਨ ਤੇ ਹਰ ਇਕ ਦਾ ਖਾਣਾ ਅਡਰੀ ਹੀ ਕਿਸਮ ਦਾ ਹੈ। ਕੋਈ ਮਦਰਾਸੀ ਹੈ, ਕੋਈ ਬੰਗਾਲੀ ਹੈ, ਕੋਈ **ਪੰਜਾਬੀ** ਹੈ, ਕੋਈ ਸਿਖ ਹੈ, ਕੋਈ ਉੜੀਆ ਹੈ, ਕੋਈ ਗੋਰਾ ਹੈ, ਕੋਈ ਕਾਛੀ ਹੈ, ਕੋਈ ਮਰਹੱਟੀ ਹੈ ਅਤੇ ਕੋਈ ਸਿਆਮੀ ਹੈ ਆਦਿਕ। ਇਹਨਾਂ ਸਾਰਿਆਂ ਦੀਆਂ ਬੋਲੀਆਂ ਅੱਡਰੀਆਂ ਹਨ, ਪਰ ਲੰਗਰ ਇਕੋ ਹੈ। ਹੁਣ ਇਸ ਲੰਗਰ ਵਿਚ ਕਿਸ ਦੀ ਮਨਸ਼ਾ ਮੁਤਾਬਿਕ ਰੋਟੀ ਬਣੇ? ਰੋਟੀ ਖਾਣ ਲਗਿਆਂ ਤਮਾਸ਼ਾ ਬਣਦਾ ਹੈ। ਬਹੁਤ ਸਾਰੀਆਂ ਚੀਜ਼ਾਂ ਬਣੀਆਂ ਹੋਂਦੀਆਂ ਹਨ ਤੇ ਕਿਸੇ ਕਿਸੇ ਨੂੰ ਹੀ ਉਹਨਾਂ ਨੂੰ ਖਾਣ ਦੀ ਜਾਚ ਹੋਂਦੀ ਹੈ। ਮੈਂ ਤਾਂ ਦੂਜਿਆਂ ਵਲ ਵੇਖਦਾ ਹਾਂ ਕਿ ਉਹ ਕਿਸ ਤਰ੍ਹਾਂ ਖਾਂਦੇ ਹਨ. ਮੈਂ ਭੀ ਉਸੇ ਤਰ੍ਹਾਂ ਖਾਵਾਂ, ਉਹ ਮੇਰੇ ਵਲ ਵੇਖਦੇ ਸਨ ਕਿ ਇਹੋ ਹੀ ਮਾਹਿਰ ਹੈ। ਪਹਿਲੇ ਵੇਲੇ ਤਾਂ ਮੈਂ ਖਿਚੜੀ ਨਾ ਲਈ ਤੇ ਹੋਰ ਦੋ ਤਿੰਨ ਅਜੀਬ ਬਣੇ ਖਾਣੇ ਨਾ ਲਏ। ਮੇਰਾ ਮਤਲਬ ਇਹ ਸੀ ਕਿ ਫੁਲਕੇ ਤੇ ਦਾਲ ਭਾਜੀ ਲਵਾਂਗਾ। ਮੇਰੀ ਇਹ ਸਕੀਮ ਇਸ ਕਰ ਕੇ ਨਾ-ਕਾਮਯਾਬ ਹੋਈ ਕਿ ਫੁਲਕੇ ਵੰਡਣ ਵਾਲੇ ਆਏ ਹੀ ਤਿੰਨ ਵੇਰਾਂ ਤੇ ਇਕ ਇਕ ਫੁਲਕਾ ਦੇਂਦੇ ਗਏ, ਮੈਂ ਚਾਹ ਵੇਲੇ ਵੀ ਕੁਝ ਨਹੀਂ ਖਾਧਾ ਸੀ ਤੇ ਖਿਚੜੀ ਭੀ ਨਹੀਂ ਲਈ ਸੀ, ਇਸੇ ਕਾਰਨ ਮੈਂ ਤਾਂ ਭੁੱਖਾ ਰਿਹਾ। ਦੂਜੇ ਵੇਲੇ ਮੈਂ ਸੋਚਿਆ ਕਿ ਇਸ ਤਰ੍ਹਾਂ ਕੰਮ ਨਹੀਂ ਬਣਦਾ, ਜੋ ਆਵੇ ਸੋ ਆਵੇ। ਬਸ ਜੋ ਆਉਂਦਾ ਗਿਆ ਉਹ ਮੈਂ ਲੈਂਦਾ ਗਿਆ ਤੇ ਉਹ ਵਧੇਰੇ ਹੋ ਗਿਆ। ਇਸ ਕਰ ਕੇ ਮੈਨੂੰ ਭੁੱਖ ਨਾਲੋਂ ਵਧ ਖਾਣਾ ਪਿਆ। ਪਰ ਮੈਂ ਵੇਖਿਆ ਕਿ ਜੂਠਾ ਛੱਡਣ ਉਤੇ ਕੋਈ



Digitized by Panjab Digital Library | www.panjabdigilib.org

ਕੁਝ ਨਹੀਂ ਕਹਿੰਦਾ ਇਸ ਕਰ ਕੇ ਤੀਜੇ ਵੇਲੇ ਮੈਂ ਨੀਯਤ ਕਰ ਲਈ ਕਿ ਸਭ ਕੁਝ ਲਵਾਂਗਾ, ਤੇ ਜੋ ਖਾ ਸਕਾਂਗਾ ਖਾਵਾਂਗਾ ਤੇ ਬਾਕੀ ਜੂਠਾ ਛੱਡ ਦੇਵਾਂਗਾ, ਇਹ ਕਿਹੜਾ ਗੁਰੂ ਕਾ ਲੰਗਰ ਹੈ। ਪਰ ਮੇਰੀ ਬਦ-ਕਿਸਮਤੀ ਨਾਲ ਸੇਠ ਜਮਨਾ ਲਾਲ ਜੀ ਆਪ ਮੇਰੇ ਕੋਲ ਬੈਠ ਗਏ ਤੇ ਸਿਖਾਂ ਦੇ ਲੰਗਰ ਦੀ ਤਾਰੀਫ਼ ਕਰਨ ਲੱਗ ਪਏ। ਕਹਿਣ ਲੱਗੇ ਕਿ ਸਿਖਾਂ ਵਿਚ ਇਹ ਬੜੀ ਚੰਗੀ ਗਲ ਹੈ ਕਿ ਕਿਸੇ ਨੂੰ ਜੂਠਾ ਨਹੀਂ ਛੱਡਣ ਦਿੱਤਾ ਜਾਂਦਾ। ਮੈਨੂੰ ਤਾਂ ਇਹ ਨਵਾਂ ਪੁਆੜਾ ਆ ਪਿਆ। ਮੈਂ ਫਿਰ ਥੋੜ੍ਹੀ ਥੋੜ੍ਹੀ ਚੀਜ਼ ਲਈ ਤੇ ਫਿਰ ਭੁੱਖਾ ਰਿਹਾ, ਕਿਉਂਕਿ ਇਸ ਤਰ੍ਹਾਂ ਨਵੇਂ ਖਾਣਿਆਂ ਸੰਬੰਧੀ ਰਜ ਭੁੱਖ ਦਾ ਅੰਦਾਜ਼ਾ ਛੇਤੀ ਨਹੀਂ ਹੋ ਸਕਦਾ। ਇਸ ਤਰ੍ਹਾਂ ਚੌਥੇ ਜਾਂ ਪੰਜਵੇਂ ਵੇਲੇ ਮੈਨੂੰ ਖਾਣੇ ਦੀਆਂ ਚੀਜ਼ਾਂ ਲੈਣ ਦੇ ਅੰਦਾਜ਼ੇ ਦਾ ਪਤਾ ਲੱਗਾ।

ਖਾਣ ਦੀਆਂ ਚੀਜ਼ਾਂ ਸੰਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਖਾਣ ਨੂੰ ਵਸਤੂਆਂ ਤਾਂ ਬਹੁਤ ਸਨ, ਪਰ ਖਾਣ ਵਾਲੀ ਕੋਈ ਵਿਰਲੀ ਹੀ ਸੀ। ਇਕ ਦਾਲ ਹੋਂਦੀ ਸੀ, ਜਿਸ ਵਿਚ ਲੂਣ ਦੀ ਥਾਂ ਮਿੱਠਾ ਪਿਆ ਹੋਂਦਾ ਸੀ। ਇਸ ਮਿੱਠੀ ਦਾਲ ਵਿਚ ਦਾਣਾ ਉਕਾ ਹੀ ਨਹੀਂ ਸੀ ਹੋਂਦਾ। ਪਹਿਲਾਂ ਤਾਂ ਮੈਂ ਸਮਝਿਆ ਕਿ ਇਹ ਲੋਕੀ ਬਾਹਲੇ ਪਾਣੀ ਵਿਚ ਦਾਲ ਉਬਾਲਕੇ ਪਾਣੀ ਪੁਣ ਲਿਆਉਂਦੇ ਹਨ ਤੇ ਦਾਣਿਆਂ ਨੂੰ ਸੁੱਟ ਦੇਂਦੇ ਹਨ, ਪਰ ਪਤਾ ਕਰਨ ਤੋਂ ਪਤਾ ਲਗਾ ਕਿ ਥੋੜੇ ਜਹੇ ਦਾਣੇ ਪਾਏ ਜਾਂਦੇ ਹਨ ਜੋ ਵਿਚੇ ਹੀ ਘੁਲ ਜਾਂਦੇ ਹਨ। ਇਕ ਭਾਜੀ ਵਿਚ ਲੂਣ ਹਲਦੀ ਬਿਨਾਂ ਉਬਲਿਆ ਹੋਇਆ ਕਦੂ ਹੋਂਦਾ ਸੀ। ਮੈਂ ਇਹ ਵੇਖ ਕੇ ਹੈਰਾਨ ਹੋਇਆ ਕਿ ਇਕ ਸਜਣ ਉਸ ਉਬਲੇ ਹੋਏ ਬੇਲੂਣੇ ਕੱਦੂ ਬਿਨਾਂ ਕੁਝ ਨਹੀਂ ਸੀ ਖਾਂਦਾ। ਇਕ ਦਾਲ ਸਾਡੇ ਪੰਜਾਬੀ ਢੰਗ ਦੀ ਸੋਹਣੀ ਬਣੀ ਹੋਈ ਸੀ। ਪਰ ਪਤਾ ਨਹੀਂ ਕੀ ਕਾਰਨ ਸੀ



Digitized by Panjab Digital Library | www.panjabdigilib.org

ਕਿ ਉਹ ਉਸ ਵੇਲੇ ਵਰਤਦੀ ਸੀ, ਜਦ ਮੈਂ ਬਹੁਤ ਸਾਰਾ ਪੇਟ ਭਰ ਚੁਕਦਾ ਸਾਂ। ਇਕ ਦਿਨ ਜਵਾਰੀ ਦਾ ਕੜਾਹ ਪਰਸ਼ਾਦ ਬਣਿਆਂ ਹੋਇਆ ਸੀ। ਇਹ ਬਹੁਤ ਵਧੀਆ ਤੇ ਬਹੁਤ ਸਵਾਦੀ ਸੀ। ਮੈਨੂੰ ਇਹ ਮਿਲਿਆ ਭੀ ਖੂਬ ਸੀ, ਕਿਉਂਕਿ ਮੈਂ ਸਿਖ ਸਾਂ ਤੇ ਸਭ ਕਹਿਣ ਲਗ ਪਏ ਕਿ ਖ਼ਾਲਸੇ ਜੀ ਦਾ ਖਾਣਾ ਖ਼ਾਲਸਾ ਜੀ ਨੂੰ ਖੂਬ ਛਕਾਓ।

ਇਸ ਇਲਾਕੇ ਵਿਚ ਜਵਾਰੀ ਤੇ ਹਰ ਹਰ ਬਹੁਤ ਹੋਂਦੀ ਹੈ। ਜਿਧਰ ਨਿਕਲਦੇ ਸਾਂ ਜਵਾਰ ਤੇ ਹਰ ਹਰ ਦੇ ਖੇਤ ਖੜੇ ਨਜ਼ਰ ਪੈਂਦੇ ਸਨ। ਇਥੇ ਦੀ ਜਵਾਰ ਦਾ ਦਾਣਾ ਸਾਡੀ ਜਵਾਰ ਨਾਲੋਂ ਮੋਟਾ ਤੇ ਮਿੱਠਾ ਹੈ। ਜਵਾਰ ਦੀ ਰੋਟੀ ਪਕੀ ਹੋਈ ਇਸ ਤਰ੍ਹਾਂ ਨਜ਼ਰ ਆਉਂਦੀ ਹੈ, ਜਿਸ ਤਰ੍ਹਾਂ ਕਣਕ ਤੇ ਮੱਕੀ ਰਲਾ ਕੇ ਬਣਾਈ ਹੋਂਦੀ ਹੈ। ਸਾਡੀ ਮੱਕੀ, ਬਾਜਰਾ ਤੇ ਜਵਾਰ ਦੀ ਰੋਟੀ ਭੁਰਵੀਂ ਹੋਂਦੀ ਹੈ। ਉਹ ਲਿਫ ਨਹੀਂ ਸਕਦੀ, ਤੇ ਟੁੱਟ ਜਾਂਦੀ ਹੈ। ਪਰ ਇਥੇ ਦੀ ਜਵਾਰ ਦੀ ਰੋਟੀ ਕਣਕ ਵਾਂਗੂ ਹੀ ਲਚਕਦਾਰ ਹੋਂਦੀ ਹੈ। ਭਾਵੇਂ ਕਣਕ ਜਿਤਨੀ ਲਚਕਦਾਰ ਨਹੀਂ ਹੋਂਦੀ। ਜਿਸ ਤਰ੍ਹਾਂ ਅਸੀਂ ਮੱਕੀ ਦੀਆਂ ਛਲੀਆਂ ਭੁਨਾ ਕੇ ਖਾਂਦੇ ਹਾਂ, ਇਸ ਤਰ੍ਹਾਂ ਇਧਰ ਦੇ ਲੋਕੀ ਜਵਾਰ ਦੀਆਂ ਦੂੰਬੀਆਂ ਭੁਨ ਕੇ ਤੇ ਵਿਚੋਂ ਰੋੜੇ ਨਾਲ ਧਰੂਹ ਕੇ ਦਾਣੇ ਕਢ ਲੈਂਦੇ ਹਨ। ਫਿਰ ਗਰਮ ਗਰਮ ਮਰੋੜ ਕੇ ਖਾਂਦੇ ਹਨ। ਇਥੇ ਦੀ ਜਵਾਰ ਦੇ ਦਾਣੇ ਖ਼ੂਬ ਮਿੱਠੇ ਹੋਂਦੇ ਹਨ ਤੇ ਇਸ ਤਰ੍ਹਾਂ ਗਰਮ ਗਰਮ ਖ਼ੂਬ ਸਵਾਦ ਦੇਂਦੇ ਹਨ। ਇਧਰ ਦੇ ਲੋਕੀ ਉਹਨਾਂ ਦੂੰਬੀਆਂ ਵਿਚੋਂ ਜਿਹਨਾਂ ਵਿਚੋਂ ਦਾਣੇ ਕਢ ਲੈਂਦੇ ਹਨ, ਛੋਟੀਆਂ ਛੋਟੀਆਂ ਕਢ ਕੇ ਚਮਚਿਆਂ ਵਾਂਗੂ ਵਰਤਦੇ ਹਨ। ਸੇਠ ਜੀ ਨੇ ਜਵਾਰ ਪਾਰਟੀ ਕੀਤੀ ਤੇ ਉਸ ਵਿਚ ਇਹੋ ਚਮਚੇ ਸਾਨੂੰ ਮਿਲੇ। ਇਹਨਾਂ ਚਮਚਿਆਂ ਨਾਲ ਮੈਂ ਦਹੀਂ ਖਾਂਦਾ ਤੇ ਦਹੀਂ ਲਈ ਇਨ੍ਹਾਂ ਖੂਬ ਕੰਮ ਕੀਤਾ। ਦੂਜੇ



Digitized by Panjab Digital Library | www.panjabdigilib.org

ਚਮਚੇ ਨਾਲ ਤਾਂ ਕੌਲੀ ਨਾਲ ਦਹੀਂ ਲੱਗਾ ਰਹਿ ਜਾਂਦਾ ਹੈ, ਪਰ ਇਹ ਤਾਂ ਖੂਬ ਟਾਕੀ ਵਾਂਗੂੰ ਪੂੰਝ ਲਿਆਉਂਦਾ ਹੈ ।

ਇਕ ਦਿਨ ਅਸੀਂ ਅੱਠ ਦਸ ਆਦਮੀ ਇਕ ਪਿੰਡ ਭੇਵਾਪੁਰ ਵਿਚ ਗਏ ਜਿੱਥੇ ਕਤਣ ਬੁਣਨ ਦਾ ਕੰਮ ਹੋਂਦਾ ਸੀ । ਪਿੰਡ ਦੇ ਮਕਾਨ ਸਾਡੇ ਪਿੰਡਾਂ ਵਾਂਗੂ ਕੱਚੀਆਂ ਕੰਧਾਂ ਦੇ ਸਨ । ਪਰ ਛੱਤ ਉਹਨਾਂ ਉਤੇ ਘਾਹ ਦੀ ਛੱਪਰੀ ਦੀ ਸੀ । ਹਰ ਘਰ ਦੇ ਵਿਹੜੇ ਵਿਚ ਦਾਣਿਆਂ ਦੀਆਂ ਗਾਹੀਆਂ ਬਣੀਆਂ ਹੋਈਆਂ ਸਨ, ਉਹਨਾਂ ਉਤੇ ਭੀ ਛੱਤ ਘਾਹ ਦੀ ਸੀ । ਇਸ ਤੋਂ ਮੈਨੂੰ ਪਤਾ ਲਗਾ ਕਿ ਇਧਰ ਚੋਰੀ ਘਟ ਹੈ । ਨਹੀਂ ਤਾਂ ਭਲਾ ਵਿਹੜੇ ਵਿਚ ਦਾਣਿਆਂ ਦੀ ਗਾਹੀ ਹੋਵੇ ਤੇ ਰਾਤ ਦਾਣੇ ਕਿਸ ਤਰ੍ਹਾਂ ਬਚੇ ਰਹਿਣ । ਲੋਕੀ ਸਾਡੇ ਪੇਂਡੂਆਂ ਨਾਲੋਂ ਵਧੇਰੇ ਗ਼ਰੀਬ ਜਾਪਦੇ ਸਨ ।

ਸਵੇਰੇ ਚਾਰ ਵਜੇ ਮਹਾਤਮਾ ਗਾਂਧੀ ਜੀ ਪਰਾਰਥਨਾ ਕਰਦੇ ਹਨ । ਉਹ ਕੁੜੀਆਂ ਦੇ ਆਸ਼ਰਮ ਵਿਚ ਰਹਿੰਦੇ ਹਨ ਜੋ ਸਾਡੀ ਥਾਂ ਨਾਲੋਂ ਮੀਲ ਦੂਰ ਹੋਵੇਗਾ । ਇਕ ਦਿਨ ਮੈਂ ਭੀ ਪਰਾਰਥਨਾ ਵਿਚ ਗਿਆ, ਪਰ ਪਰਾਰਥਨਾ ਸਾਰੀ ਸੰਸਕ੍ਰਿਤ ਵਿਚ ਹੋਈ ਤੇ ਜੋ ਭਜਨ ਗਾਇਆ ਗਿਆ ਉਹ ਬੰਗਾਲੀ ਵਿਚ ਗਾਇਆ ਗਿਆ ਸੀ ।

ਬਸ ਮੈਂ ਤਾਂ ਜੂੰ ਕਾ ਤੂੰ ਮੁੜ ਆਇਆ । ਅਗੋਂ ਮੈਂ ਅਜੇਹਾ ਸ਼ਰਧਾਲੂ ਤਾਂ ਹੈ ਹੀ ਨਹੀਂ ਸਾਂ ਕਿ ਸਮਝ ਲਵਾਂ ਕਿ ਕਿਸੇ ਗੁਪਤ ਢੰਗ ਨਾਲ ਮੇਰੀ ਆਤਮਾ ਨੂੰ ਲਾਭ ਪੁਜ ਗਿਆ ਹੈ । ਸਗੋਂ ਮੇਰੇ ਦਿਲ ਵਿਚ ਤਾਂ ਇਹੋ ਖ਼ਿਆਲ ਗਿਆ ਕਿ ਭਾਵੇਂ ਇਹਨਾਂ ਵਿਚੋਂ ਕਈ ਲੋਕੀ ਇਸ ਸੰਸਕ੍ਰਿਤ ਨੂੰ ਸਮਝਦੇ ਭੀ ਹੋਣ ਪਰ ਮੇਰੇ ਵਰਗੇ ਕਈਆਂ ਲਈ ਤਾਂ ਇਹ ਕੇਵਲ ਇਲ ਦਾ ਨਾਂ ਕੋਕੋ ਵਰਗਾ ਹੀ ਹੈ । ਕੀ ਮਹਾਤਮਾ ਗਾਂਧੀ ਜੀ ਅਜੇ ਇਸ ਭਾਈਚਾਰੇ ਦੀ ਪਿਤਾ ਪੁਰਖੀ ਦੇ ਜਾਲ ਵਿਚੋਂ ਪੂਰੀ ਤਰ੍ਹਾਂ ਨਹੀਂ ਨਿਕਲੇ ਹਨ ?



Digitized by Panjab Digital Library | www.panjabdigilib.org

ਪਰਾਰਥਨਾ ਸ਼ੁਰੂ ਹੋਣ ਤੋਂ ਪਹਿਲਾਂ ਮੈਨੂੰ ਮਹਾਤਮਾ ਗਾਂਧੀ ਜੀ ਦੇ ਸਕੱਤਰ ਡੇਸਾਈ ਜੀ ਨੇ ਕਿਹਾ ਕਿ 'ਤੁਸੀਂ ਕੋਈ ਭਜਨ ਗਾਣਾ, ਮੈਂ ਉਤਰ ਦਿਤਾ ਕਿ ਮੇਰਾ ਰਾਗ ਤਾਂ ਸਿੰਘ ਨਹੀਂ ਝਲ ਸਕਦੇ ਤੇ ਤੁਸੀਂ ਕਿਹੜੇ ਬਾਗ਼ ਦੀ ਮੂਲੀ ਹੋ। ਮੇਰੇ ਰਾਗ ਦੀ ਪਹਿਲੀ ਸੁਰ ਹੀ ਖਾਲਸਾ ਕਾਲਜ ਦੇ ਮੁੰਡਿਆਂ ਨੂੰ ਭਜਾ ਦੇਂਦੀ ਸੀ ਤੇ ਤੁਸਾਂ ਤਾਂ ਆਸ਼ਰਮ ਛੱਡ ਕੇ ਹੀ ਭਜ ਉਠਣਾ ਹੈ। ਡੇਸਾਈ ਜੀ ਦੀ ਤਸੱਲੀ ਹੋ ਗਈ ਤੇ ਉਹਨਾਂ ਫਿਰ ਬੰਗਾਲੀ ਰਾਗ਼ (ਖਬਰੇ ਮੇਰੇ ਚੈਲਿੰਜ ਦੇ ਜਵਾਬ ਵਿਚ) ਗਵਾਇਆ। ਭਾਵੇਂ ਮੈਂ ਇਹ ਸਮਝਿਆ ਤਾਂ ਕੋਈ ਨਹੀਂ ਸਾਂ, ਪਰ ਭਜਿਆ ਵੀ ਨਹੀਂ ਸਾਂ।

ਪਰਾਰਥਨਾ ਵਿਚ ਜਿਥੇ ਕਿਸੇ ਦਾ ਜੀ ਚਾਹੇ ਬਹਿ ਜਾਂਦਾ ਹੈ। ਕੋਈ ਆਪਣਾ ਕੰਬਲ ਜਾਂ ਕਪੜਾ ਹੇਠਾਂ ਸੁਟ ਲੈਂਦਾ ਹਾਂ ਤੇ ਕੋਈ ਭੁੰਜੇ ਹੀ ਬੈਠ ਜਾਂਦਾ ਹੈ। ਪਰ ਮਹਾਤਮਾ ਜੀ ਲਈ ਹੇਠਾਂ ਭੀ ਖੂਬ ਗਦੇਲਾ ਲੱਗਦਾ ਹੈ ਤੇ ਪਿਛੇ ਕੰਧ ਨਾਲ ਭੀ ਗਦੇਲਾ ਰਖਿਆ ਹੋਂਦਾ ਹੈ। ਹੋਰ ਲੋਕੀ ਤਾਂ ਇਸ ਗੱਲ ਦਾ ਖ਼ਿਆਲ ਨਹੀਂ ਕਰਦੇ ਪਰ ਮੈਂ ਸਿਖ ਦੀਵਾਨਾਂ ਦਾ ਹਿਲਿਆ ਹੋਇਆ ਸਾਂ, ਇਸ ਕਰ ਕੇ ਮੇਰੇ ਦਿਲ ਵਿਚ ਖੁਤਖੁਤੀ ਰਹੀ। ਦਿਨ ਚੜੇ ਗਲ ਕਰਦਿਆਂ ਮੈਂ ਸਵਾਮੀ ਆਨੰਦ ਜੀ ਨੂੰ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਤਾਂ ਆਪ ਸਿਖਾਂ ਦੀ ਬਰਾਬਰੀ ਦੇ ਬਣ ਗਏ ਸਨ, ਉਹਨਾਂ ਨੇ ਸਿਖਾਂ ਕੋਲੋਂ ਅੰਮ੍ਰਿਤ ਛਕਿਆ ਸੀ ਤੇ ਉਹਨਾਂ ਨੂੰ ਸਿਖਾਂ ਨੇ ਇਕ ਵੇਰਾਂ ਤਨਖਾਹ ਵੀ ਲਾਈ ਸੀ। ਮਹਾਤਮਾ ਜੀ ਨੂੰ ਪਰਾਰਥਨਾ ਵੇਲੇ ਕਿਉਂ ਮਹੰਤ ਬਣਾ ਕੇ ਬਿਠਾਇਆ ਜਾਂਦਾ ਹੈ? ਸਵਾਮੀ ਜੀ ਨੇ ਕਿਹਾ ਕਿ ਮਹਾਤਮਾ ਜੀ ਵਡੇ ਨਹੀਂ ਬਣਦੇ, ਪਰ ਉਹ ਬੁਢੇ ਤੇ ਕਮਜ਼ੋਰ ਹਨ, ਇਸ ਕਰ ਕੇ ਉਹਨਾਂ ਨੂੰ ਸਰਦੀ ਤੋਂ ਬਚਾਣ ਲਈ ਗਦੇਲੇ ਵਿਛਾਏ ਜਾਂਦੇ ਹਨ। ਇਹਨਾਂ ਗਦੇਲਿਆਂ ਦਾ ਮੰਤਵ ਸਰੀਰਕ ਰਖਿਆ ਹੈ ਨਾ ਕਿ ਆਤਮਕ ਉਚਤਾਈ ਦਾ



Digitized by Panjab Digital Library | www.panjabdigilib.org

ਇਸ਼ਤਿਹਾਰ । ਇਹ ਸੁਣ ਕੇ ਮੈਂ ਚੁਪ ਕਰ ਰਿਹਾ, ਪਰ ਮੇਰਾ ਫਿਰ ਭੀ ਇਹੋ ਖ਼ਿਆਲ ਰਿਹਾ ਕਿ ਪਰਾਰਥਨਾ ਤਾਂ ਕੇਵਲ ਪੰਦਰਾਂ ਵੀਹ ਮਿੰਟ ਹੋਂਦੀ ਹੈ ਤੇ ਇਹਨਾਂ ੨੦ ਮਿੰਟ ਵਿਚ ਗਦੇਲੇ ਨਹੀਂ ਲਾਣੇ ਚਾਹੀਦੇ । ਜੇ ਸਰਦੀ ਤੋਂ ਬਚਣਾ ਜ਼ਰੂਰੀ ਹੀ ਹੋਵੇ ਤਾਂ ਹੇਠਾਂ ਕੰਬਲ ਸੁੱਟ ਲੈਣਾ ਚਾਹੀਦਾ ਹੈ । ਕਿਉਂਕਿ ਮਹਾਤਮਾ ਜੀ ਦੀ ਹਰ ਮੋਟੀ ਗਲ ਦਾ ਅਸਰ ਦੂਰ ਤਕ ਪੁਜਦਾ ਹੈ ਤੇ ਉਹਨਾਂ ਦੇ ਗਦੇਲਿਆਂ ਤੋਂ ਗ਼ਲਤ ਫ਼ਾਇਦਾ ਉਠਾਇਆ ਜਾ ਸਕਦਾ ਹੈ ।

ਇਕ ਇਹ ਗਲ ਮੈਂ ਵੇਖੀ ਕਿ ਪ੍ਰਾਰਥਨਾਂ ਸ਼ੁਰੂ ਹੋਣ ਤੋਂ ਪਹਿਲਾਂ ਆਸ਼ਰਮ ਦੀਆਂ ਲੜਕੀਆਂ ਦੀ ਹਾਜ਼ਰੀ ਲੱਗਦੀ ਹੈ । ਮੈਂ ਇਹ ਤਾਂ ਪਤਾ ਨਹੀਂ ਕੀਤਾ ਕਿ ਗੈਰ ਹਾਜ਼ਰ ਲੜਕੀਆਂ ਨੂੰ ਕੋਈ ਸਜ਼ਾ ਮਿਲਦੀ ਹੈ ਕਿ ਨਹੀਂ, ਪਰ ਹਾਜ਼ਰੀ ਲਾਣਾ ਹੀ ਹਾਜ਼ਰ ਕਰਨ ਲਈ ਜ਼ੋਰ ਪਾਣਾ ਹੈ ਤੇ ਮੇਰੇ ਖ਼ਿਆਲ ਵਿਚ ਸਤਿਆਗ੍ਰਹਿ ਅਨੁਸਾਰ ਨਹੀਂ ਹੈ । ਮਹਾਤਮਾ ਗਾਂਧੀ ਜੀ ਦੀ ਸ਼ਾਂਤਮਈ ਤਾਂ ਬਹੁਤ ਦੂਰ ਤਕ ਜਾਂਦੀ ਹੈ, ਪਰ ਅਸੀਂ ਤਾਂ ਖ਼ਾਲਸਾ ਕਾਲਜ ਪੜ੍ਹਨ ਵੇਲੇ ਹੀ ਗੁਰਦਵਾਰੇ ਦੀ ਹਾਜ਼ਰੀ ਉਤੇ ਇ ਰਾਜ਼ ਕੀਤਾ ਕਰਦੇ ਸਾਂ । ਅਸੀਂ ਕਿਹਾ ਕਰਦੇ ਸਾਂ ਕਿ ਇਸ ਤਰ੍ਹਾਂ ਡਰ ਦੇ ਕੇ ਗੁਰਦਵਾਰੇ ਲਿਆਉਣ ਨਾਲ ਪਰੇਮ ਘਟਦਾ ਹੈ । ਇਹ ਗਲ ਭੀ ਬਹੁਤ ਕੁਝ ਠੀਕ ਹੈ । ਆਖ਼ਰ ਹਾਜ਼ਰੀ ਜੇ ਲਾਈ ਜਾਂਦੀ ਹੈ ਤਾਂ ਕੋਈ ਮਤਲਬ ਹੀ ਹੈ । ਜੇ ਡੰਡ ਨਾ ਭੀ ਦਿੱਤਾ ਜਾਂਦਾ ਹੋਵੇ ਤਾਂ ਭੀ ਇਹ ਖਿਆਲ ਹੋਣਾ ਹੈ ਕਿ ਗੈਰ ਹਾਜ਼ਰੀ ਦੀ ਸ਼ਰਮ ਕਰ ਕੇ ਲੜਕੀਆਂ ਆਉਣਗੀਆਂ, ਇਸ ਤਰ੍ਹਾਂ ਸ਼ਰਮ ਦਾ ਡਰ ਵੀ ਤਾਂ ਡਰ ਹੀ ਹੈ ਤੇ ਸ਼ਾਂਤਮਈ ਦੇ ਵਿਰੁਧ ਹੈ ।

*ਬਿਹਾਰੀ ਗੜ੍ਹ*

੧੨-੧੨-੩੪

ਮੈਂ ਬਹੁਤ ਚਿਰ ਤੋਂ ਕੋਈ ਹਾਲ ਨਹੀਂ ਲਿਖ ਸਕਿਆ ਹਾਂ,



Digitized by Panjab Digital Library | www.panjabdigilib.org

ਤੇ ਵਿਚਕਾਰ ਰਹਿੰਦਾ ਹਾਲ ਫਿਰ ਲਿਖਾਂਗਾ, ਹਾਲਾਂ ਇਹ ਗਲ ਲਿਖ ਦੇਂਦਾ ਹਾਂ ਕਿ ਮੈਂ ਵਾਰਧਾ ਤੋਂ ਆਗਰੇ ਤੇ ਆਗਰੇ ਤੋਂ ਦਿੱਲੀ ਹੋਂਦਾ ਹੋਇਆ ਇਥੇ ਮੁੜ ਬਿਹਾਰੀ ਗੜ੍ਹ ਆ ਪੁਜਾ ਹਾਂ ਤੇ ਮੁੜ ਜੰਗਲ ਵਿਚ ਇਕੱਲੇ ਰਹਿੰਦੇ ਗੋਹਲੂ ਸਬੰਧੀ ਪੁਛ ਗਿਛ ਕੀਤੀ ਹੈ। ਪਤਾ ਲਗਾ ਹੈ ਕਿ ਮੇਰੇ ਪਿਛਲੇ ਅੰਦਾਜ਼ੇ ਤਾਂ ਗ਼ਲਤ ਸਨ। ਨਾ ਕਿਸੇ ਨੇ ਇਸ ਨੂੰ ਬਾਈਕਾਟ ਕੀਤਾ ਹੈ ਤੇ ਨਾ ਇਸ ਨੂੰ ਗੁਰ ਸੇਵਕ ਸਭਾ ਹੀ ਪਈ ਹੈ, ਅਸਲ ਗਲ ਇਹ ਹੈ ਕਿ ਇਹਨਾਂ ਬੰਦਰਾਂ ਦਾ ਵੱਡਾ ਜਥੇਦਾਰ ਜਿਸ ਨੂੰ ਵੱਡਾ ਗੋਹਲੂ ਕਹੋ, ਇਕੋ ਹੋਂਦਾ ਹੈ। ਭਾਵੇਂ ਹੋਰ ਗੋਹਲੂ ਵੀ ਹੋਂਦੇ ਹਨ, ਪਰ ਉਹ ਹੇਠਾਂ ਹੋਂਦੇ ਹਨ। ਜਦ ਕੋਈ ਨਵਾਂ ਮੁੰਡਾ ਤਕੜਾ ਹੋ ਜਾਏ ਤੇ ਵੱਡੇ ਗੋਹਲੂ ਦੀ ਪਿਠ ਲਾ ਦੇਵੇ ਤਾਂ ਉਹ ਜਥੇਦਾਰੀ ਤੋਂ ਮੌਕੂਫ਼ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਮੌਕੂਫ਼ ਹੋਇਆ ਜਥੇਦਾਰ ਫਿਰ ਅੱਡਰਾ ਹੀ ਹੋ ਜਾਂਦਾ ਹੈ, ਉਹ ਨਵੇਂ ਜਥੇਦਾਰ ਦੇ ਤਾਬੇ ਨਹੀਂ ਹੋਂਦਾ। ਪਤਾ ਨਹੀਂ ਇਹ ਸੁਭਾ ਗੋਹਲੂਆਂ ਤੋਂ ਸਾਡੇ ਜਥੇਦਾਰਾਂ ਨੇ ਵਿਰਸੇ ਵਿਚ ਲਿਆ ਹੈ ਕਿ ਸਾਡੇ ਜਥੇਦਾਰਾਂ ਤੋਂ ਗੋਹਲੂਆਂ ਨੂੰ ਵਿਰਸਾ ਪੁਜਾ ਹੈ। ਇਹ ਗਲ ਤਾਂ ਡਾਰਵਿਨ ਹੀ ਦਸ ਸਕਦਾ ਹੈ, ਪਰ ਇਤਨਾ ਵਾਧਾ ਇਹਨਾਂ ਗੋਹਲੂਆਂ ਦਾ ਪਤਾ ਲਗਾ ਹੈ ਕਿ ਭਾਵੇਂ ਉਹ ਜੱਥੇ ਤੋਂ ਅਡਰੇ ਹੋ ਜਾਂਦੇ ਹਨ, ਪਰ ਅੱਡਰਾ ਜਥਾ ਨਹੀਂ ਬਣਾਂਦੇ।

**ਅੰਮ੍ਰਿਤਸਰ**

੧੩-੨-੩੫

ਮੈਂ ਆਪਣੇ ਸਫ਼ਰ ਦ ਬਹੁਤ ਸਾਰਾ ਹਾਲ ਛੱਡ ਗਿਆ ਹਾਂ। ਕੁਝ ਤਾਂ ਇਸ ਕਰ ਕੇ ਨਹੀਂ ਲਿਖਿਆ ਕਿ ਉਸ ਵਿਚ ਤੁਹਾਨੂੰ ਕੋਈ ਸਵਾਦ ਨਹੀਂ ਆਵੇਗਾ, ਕੁਝ ਇਸ ਵਾਸਤੇ ਨਹੀਂ ਲਿਖਿਆ ਕਿ ਕਈਆਂ ਦੇ ਨਾਮ ਆਵਣਗੇ ਤੇ ਉਹ ਪਸੰਦ ਨਹੀਂ ਕਰਨਗੇ,



Digitized by Panjab Digital Library | www.panjabdigilib.org

ਤੇ ਕੁਝ ਲਿਖਣੋਂ ਹੀ ਭੁੱਲ ਗਿਆ ਹਾਂ। ਹੁਣ ਵਾਰਧਾ ਤੋਂ ਮਗਰੋਂ ਦਾ ਸਫ਼ਰ ਤੇ ਬੰਬਈ ਦਾ ਹਾਲ ਜੋ ਮੈਂ ਜਾਣ ਕੇ ਛੱਡ ਦਿੱਤਾ ਸੀ, ਉਹ ਸੰਖੇਪ ਲਿਖਦਾ ਹਾਂ। ਹੁਣ ਮੈਨੂੰ ਮਗਰੋਂ ਦੇ ਸਫ਼ਰ ਦਾ ਵਿਸਥਾਰ ਨਾਲ ਚੇਤਾ ਨਹੀਂ ਹੈ, ਇਸ ਕਰ ਕੇ ਕੇਵਲ ਮੁਕਾਣ ਦੀ ਖ਼ਾਤਰ ਹੀ ਕੁਝ ਲਿਖਦਾ ਹਾਂ।

ਜਦ ਮੈਂ ਹਜ਼ੂਰ ਸਾਹਿਬ ਸਾਂ ਤਾਂ ਇਸ ਗਲ ਦਾ ਪਤਾ ਸ. ਰਾਮ ਸਿੰਘ ਜੀ ਬੰਬਈ ਵਾਲਿਆਂ ਨੂੰ ਲੱਗਾ। ਉਹਨਾਂ ਮੈਨੂੰ ਚਿੱਠੀ ਲਿਖ ਕੇ ਬੰਬਈ ਸੱਦਿਆ, ਪਰ ਮੈਂ ਉਤਰ ਦਿੱਤਾ ਕਿ ਮੈਂ ਕਿਸੇ ਸ਼ਹਿਰ ਵਿਚ ਨਹੀਂ ਰਹਿਣਾ ਚਾਹੁੰਦਾ। ਇਸ ਉਤੇ ਉਹਨਾਂ ਨੇ ਸ. ਸੁੰਦਰ ਸਿੰਘ ਜੀ ਨੂੰ ਘਲ ਦਿੱਤਾ ਤੇ ਮੈਨੂੰ ਬੰਬਈ ਆਉਣਾ ਪਿਆ। ਬੰਬਈ ਆ ਕੇ ਮੈਂ ਸ. ਰਾਮ ਸਿੰਘ ਜੀ ਦੇ ਘਰ ਹੀ ਰਿਹਾ। ਬੰਬਈ ਬੜਾ ਵੱਡਾ ਸ਼ਹਿਰ ਹੈ, ਉਥੇ ਕਿਸੇ ਦੇ ਆਉਣ ਜਾਣ ਦਾ ਕਿਸੇ ਨੂੰ ਪਤਾ ਨਹੀਂ ਲੱਗ ਸਕਦਾ, ਪਰ ਉਥੇ ਸ. ਗੁਪਾਲ ਸਿੰਘ ਜੀ ਕੌਮੀ ਭੀ ਗਏ ਹੋਏ ਸਨ। ਉਹਨਾਂ ਨੂੰ ਮੈਂ ਬੁਲਾ ਭੇਜਿਆ। ਮਾਸਟਰ ਸੁੰਦਰ ਸਿੰਘ ਜੀ ਤੇ ਪੰਡਤ ਕਰਤਾਰ ਸਿੰਘ ਜੀ ਫ਼ਿਲਾਸਫ਼ਰ ਨੂੰ ਭੀ ਮਿਲਿਆ। ਜਿਸ ਕਰ ਕੇ ਸੰਘਾਂ ਵਿਚ ਮੇਰੇ ਉਥੇ ਹੋਣ ਦੀ ਖਬਰ ਨਿਕਲ ਗਈ, ਪਰ ਬੰਬਈ ਦੀ ਇਕ ਗੁੱਠ ਵਿਚ ਰਹਿੰਦਾ ਸਾਂ ਜਿਸ ਦਾ ਨਾਮ ਹੁਣ ਮੈਨੂੰ ਚੇਤਾ ਨਹੀਂ ਹੈ। ਦਿਨ ਵੇਲੇ ਮੈਂ ਲਿਖਦਾ ਪੜ੍ਹਦਾ ਸਾਂ ਤੇ ਇਕ ਦੋਸਤ ਸਣੇ ਸਮੁੰਦਰ ਦੇ ਕਿਨਾਰੇ ਜੂਹ ਵਿਚ ਚਲਾ ਜਾਂਦਾ ਸਾਂ। ਜੂਹ ਦੇ ਨਾਮ ਤੋਂ ਟਪਲਾ ਨਾ ਖਾਣਾ, ਇਹ ਜੰਗਲ ਨਹੀਂ ਹੈ, ਕੇਵਲ ਨਾਰੀਅਲ ਦੇ ਕੁਝ ਦਰਖ਼ਤ ਸਮੁੰਦਰ ਦੇ ਕੰਢੇ ਲਗੇ ਹੋਏ ਹਨ।

ਇਕ ਦਿਨ ਉਸ ਦੋਸਤ ਨੂੰ ਨਾਲ ਲੈ ਕੇ ਮੈਂ ਉਥੇ ਗਿਆ। ਹੁਣ ਉਥੇ ਬੈਠਣ ਲਈ ਕੋਈ ਥਾਂ ਨਾ ਲਭੇ, ਜਿਥੇ ਕੋਠੀਆਂ ਵੀ ਨਹੀਂ ਸਨ ਬਣੀਆਂ ਉਥੇ ਵੀ ਵੰਡੀਆਂ ਪਈਆਂ ਹੋਈਆਂ ਸਨ।



Digitized by Panjab Digital Library | www.panjabdigilib.org

ਆਖ਼ਰ ਵੇਖ ਚਾਖਕੇ ਅਸੀਂ ਇਕ ਖ਼ਾਲੀ ਥਾਂ ਤੇ ਬੈਠ ਗਏ । ਕੁਝ ਘੰਟੇ ਸਾਨੂੰ ਕਿਸੇ ਨੇ ਕੁਝ ਨਾ ਕਿਹਾ, ਪਰ ਫਿਰ ਇਕ ਆਦਮੀ ਆ ਕੇ ਕਹਿਣ ਲੱਗਾ ਕਿ ਮੈਂ ਇਹ ਥਾਂ ਕਿਰਾਏ ਉਤੇ ਲਈ ਹੈ ਤੇ ਤੁਸੀਂ ਇਥੇ ਬੈਠ ਨਹੀਂ ਸਕਦੇ। ਸਾਨੂੰ ਹੈਰਾਨੀ ਹੋਈ ਕਿ ਸਾਡੇ ਬੈਠਣ ਨਾਲ ਇਸ ਖ਼ਾਲੀ ਪਈ ਥਾਂ ਦਾ ਕੀ ਘਸ ਗਿਆ ਹੈ, ਪਰ ਅਸੀਂ ਉਥੋਂ ਉਠ ਬੈਠੇ । ਸਾਨੂੰ ਉਸ ਵੇਲੇ ਇਸ ਸਰਮਾਇਆਦਾਰੀ ਦੀ ਬਰਛੀ ਡਾਢੀ ਕਲੇਜੇ ਵਿਚ ਚੁਭੀ । ਭਲਾ ਯਾਰੋ, ਵਿਹਲੀ ਥਾਂ ਪਈ ਹੋਈ ਹੈ, ਸਾਡੇ ਬਹਿਣ ਨਾਲ ਉਸ ਦਾ ਕੁਝ ਵਿਗੜਦਾ ਨਹੀਂ ਹੈ, ਪਰ ਸਰਮਾਇਆਦਾਰ ਨੂੰ ਇਹੋ ਹੀ ਔਖ ਹੋਇਆ ਕਿ ਇਹ 'ਮੁਫ਼ਤ' ਆਰਾਮ ਕਿਉਂ ਪਾਣ। ਅਸੀਂ ਉਥੋਂ ਉਠ ਕੇ ਪਾਣੀ ਦੇ ਲਾਗੇ ਮੱਛੀਆਂ ਪਕੜਨ ਵਾਲੇ ਮਾਹੀਗੀਰਾਂ ਕੋਲ ਚਲੇ ਗਏ, ਜਿਥੇ ਉਹ ਜਾਲ ਖਿਚ ਰਹੇ ਸਨ । ਜਾਲ ਖਿਚਣ ਵਾਲਿਆਂ ਵਿਚ ਜ਼ਨਾਨੀਆਂ ਭੀ ਸਨ

ਹੁਣ ਇਕ ਹੋਰ ਟੰਟਾ ਬਣ ਗਿਆ । ਮੇਰੇ ਸਾਥੀ ਨੂੰ ਪਖ਼ਾਨਾ ਆ ਗਿਆ । ਮੈਂ ਉਸ ਨੂੰ ਸਲਾਹ ਦਿੱਤੀ ਕਿ ਸਮੁੰਦਰ ਵਿਚ ਵੜ ਜਾਵੇ ਤੇ ਉਥੇ ਪਾਣੀ ਵਿਚ ਪਖ਼ਾਨਾ ਫਿਰ ਲਵੇ । ਮੈਨੂੰ ਇਹ ਵਿਉਂਤ ਇਸ ਕਰ ਕੇ ਚੇਤੇ ਆ ਗਈ ਕਿ ਸਵਰਗ ਵਾਸੀ ਭਾਈ ਜਗਤ ਸਿੰਘ ਜੀ ਪ੍ਰਦੇਸੀ ਸੁਣਾਇਆ ਕਰਦੇ ਸਨ ਕਿ ਆਪ ਹਰਦਵਾਰ ਗਏ ਤੇ ਉਥੇ ਉਹਨਾਂ ਨੂੰ ਪਖ਼ਾਨਾ ਆ ਗਿਆ ਤੇ ਫਿਰਨ ਦੀ ਥਾਂ ਨਾ ਲੱਭੀ ਤੇ ਉਹਨਾਂ ਨੇ ਗੰਗਾ ਵਿਚ ਵੜਕੇ ਪਖ਼ਾਨਾ ਫਿਰ ਦਿੱਤਾ । ਪਰ ਮੇਰੇ ਸਾਥੀ ਇਸ ਤਜਵੀਜ਼ ਉਤੇ ਅਮਲ ਕਰਨੋਂ ਝਿਜਕੇ । ਨਾਲੇ ਇਸ ਤਰ੍ਹਾਂ ਕਛਹਿਰਾ ਗਿਲਾ ਕਰਨਾ ਪੈਣਾ ਸੀ । ਉਸ ਨੇ ਆਪ ਵਿਉਂਤ ਕਢੀ । ਉਸ ਨੇ ਲਾਗੇ ਫਿਰ ਰਹੇ ਮਹੀਗੀਰਾਂ ਦੀ ਪ੍ਰਵਾਹ ਨਾ ਕੀਤੀ ਤੇ ਉਥੇ ਹੀ ਰੇਤ ਵਿਚ ਬਹਿ ਕੇ ਪਖ਼ਾਨਾ ਫਿਰ ਦਿੱਤਾ । ਆਖ਼ਰ ਜੇ ਇਸ ਸਜਣ ਨੇ



Digitized by Panjab Digital Library | www.panjabdigilib.org

ਪਾਣੀ ਵਿਚ ਵੜਨ ਦਾ ਹੌਸਲਾ ਨਾ ਕੀਤਾ ਸੀ ਤਾਂ ਇਸ ਤਰ੍ਹਾਂ ਲੋਕਾਂ ਦੇ ਸਾਹਮਣੇ ਨੰਗਾ ਬਹਿ ਜਾਣ ਦਾ ਹੌਸਲਾ ਤਾਂ ਖੂਬ ਵਿਖਾਇਆ ਸੀ। ਬੰਬਈ ਤੋਂ ਮੈਂ ਵਾਰਧਾ ਆਇਆ ਸੀ ਤੇ ਵਾਰਧਾ ਤੋਂ ਦਿਲੀ। ਰਾਹ ਵਿਚ ਮੈਂ ਆਗਰੇ ਉਤਰਿਆ। ਮੈਨੂੰ ਇਮਾਰਤਾਂ ਵੇਖਣ ਦਾ ਸ਼ੌਕ ਤਾਂ ਨਹੀਂ ਹੈ, ਪਰ ਤਾਜ ਮਹਲ ਦੇ ਰੋਜ਼ੇ ਦੀ ਇਤਨੀ ਮਸ਼ਹੂਰੀ ਹੈ ਕਿ ਮੈਂ ਜ਼ਰੂਰੀ ਸਮਝਿਆ ਕਿ ਇਕ ਵੇਰਾਂ ਇਸ ਨੂੰ ਭੀ ਵੇਖ ਹੀ ਛੱਡਾਂ। ਮੈਂ ਰਾਜਾ ਕੀ ਮੰਡੀ ਸਟੇਸ਼ਨ ਉਤੇ ਉਤਰਿਆ। ਸਟੇਸ਼ਨ ਦੇ ਸਾਹਮਣੇ ਹੀ ਇਕ ਧਰਮਸਾਲਾ ਹੈ। ਮੈਂ ਉਸ ਵਿਚ ਉਤਰਿਆ ਰਾਤ ਮੈਂ ਉਸ ਧਰਮਸਾਲਾ ਵਿਚ ਟਿਕਿਆ। ਸਵੇਰੇ ਮੈਂ ਦਰਿਆ ਉਤੇ ਚਲਾ ਗਿਆ, ਕਿਉਂਕਿ ਮੇਰੇ ਕਪੜੇ ਮੈਲੇ ਹੋ ਗਏ ਸਨ। ਕਈ ਧੋਬੀ ਅਜੇ ਦਰਿਆ ਉਤੇ ਪੁਜੇ ਸਨ ਅਤੇ ਕਈ ਨਹੀਂ ਪੁਜੇ ਸਨ। ਉਨ੍ਹਾਂ ਦੀਆਂ ਸਿਲ੍ਹਾਂ ਖਾਲੀ ਸਨ, ਮੈਂ ਇਕ ਉਤੇ ਕਪੜੇ ਧੋਤੇ ਤੇ ਲਾਂਭੇ ਦੇ ਬੂਝਿਆਂ ਉਤੇ ਖਿਲਾਰ ਕੇ ਸੁਕਾ ਲਏ। ਸਾਹਮਣੇ ਦਰਿਆ ਦੇ ਕਿਨਾਰੇ ਇਕ ਵੱਡੀ ਸਾਰੀ ਇਮਾਰਤ ਖੜੀ ਸੀ। ਪੁਛਣ ਉਤੇ ਮੈਨੂੰ ਪਤਾ ਲਗਾ ਕਿ ਇਹੋ ਰੋਜ਼ਾ ਤਾਜ-ਮਹਲ ਹੈ। ਮੈਂ ਉਥੇ ਅਪੜਿਆ। ਰੋਜ਼ੇ ਦੇ ਦਵਾਲੇ ਸੋਹਣਾ ਬਾਗ਼ ਲੱਗਾ ਹੋਇਆ ਸੀ। ਇਮਾਰਤ ਭੀ ਸੋਹਣੀ ਸੀ। ਮੈਂ ਇਸ ਇਮਾਰਤ ਨੂੰ ਸੋਹਣੀ ਕਹਿ ਰਿਹਾ ਹਾਂ ਕਿਉਂ ਕਿ ਲੋਕੀ ਇਸ ਨੂੰ ਸੋਹਣੀ ਕਹਿੰਦੇ ਹਨ। ਨਹੀਂ ਤਾਂ ਇਮਾਰਤ ਕੀ ਤੇ ਸੋਹਣੀ ਕੀ ? ਕਦੀ ਆਦਮੀ ਦੀ ਬਣਾਈ ਚੀਜ਼ ਸੋਹਣੀ ਹੋ ਸਕਦੀ ਹੈ। ਮੈਂ ਤਾਂ ਦੂਜਿਆਂ ਤੋਂ ਸੁਣ ਕੇ ਹੀ ਆਦਮੀ ਦੀਆਂ ਬਣਾਈਆਂ ਹੋਈਆਂ ਚੀਜ਼ਾਂ ਨੂੰ ਭੀ ਸੋਹਣਾ ਕਹਿ ਛੱਡਦਾ ਹਾਂ। ਨਹੀਂ ਤਾਂ ਮੈਨੂੰ ਨੁਮਾਇਸ਼ਾਂ ਤੇ ਅਜਾਇਬ ਘਰਾਂ ਨੂੰ ਵੇਖਣ ਵਿਚ ਕੱਖ ਸਵਾਦ ਨਹੀਂ ਆਉਂਦਾ। ਮੈਨੂੰ ਤਾਂ ਕੇਵਲ ਪਹਾੜ, ਜੰਗਲ, ਦਰਿਆ ਤੇ ਚਸ਼ਮਿਆਂ ਦੇ ਕੁਦਰਤੀ ਨਜ਼ਾਰਿਆਂ ਵਿਚ ਹੀ ਅਨੰਦ ਆਉਂਦਾ



Digitized by Panjab Digital Library | www.panjabdigilib.org

ਹੈ। ਜਦ ਆਦਮੀ ਆਪਣੀ ਬਣਾਈ ਚੀਜ਼ ਨੂੰ ਵੇਖ ਵੇਖ ਖੁਸ਼ ਹੋਂਦਾ ਹੈ ਤਾਂ ਮੈਨੂੰ ਉਹ ਇਸਤਰੀ ਚੇਤੇ ਆ ਜਾਂਦੀ ਹੈ, ਜੋ ਸ਼ੀਸ਼ੇ ਵਿਚ ਆਪਣਾ ਮੂੰਹ ਵੇਖ ਕੇ ਖੁਸ਼ ਹੋਂਦੀ ਹੈ ਤੇ ਪਟੀਆਂ ਸਵਾਰ ਸਵਾਰ ਕੇ ਫੂਲਦੀ ਹੈ।

ਖ਼ੈਰ, ਮੈਂ ਤਾਜ ਮਹਲ ਵੇਖਿਆ। ਬਹੁਤ ਰੁਪਿਆ ਖ਼ਰਚ ਹੋਇਆ ਹੋਇਆ ਸੀ। ਬਹੁਤ ਸੰਗਮਰਮਰ ਥਪਿਆ ਹੋਇਆ ਸੀ ਤੇ ਕੀਮਤੀ ਪੱਥਰ ਜੜੇ ਹੋਏ ਸਨ। ਸੈਂਕੜੇ ਸਾਲ ਲੰਘ ਜਾਣ ਉਤੇ ਭੀ ਇਹ ਇਮਾਰਤ ਬਿਲਕੁਲ ਨਵੀਂ ਮਾਲੂਮ ਹੋਂਦੀ ਸੀ। ਖ਼ੂਬ, ਭਾਈ ਖ਼ੂਬ ! ਖ਼ੂਬ ਚੂਨੇਗਚ ਕਬਰ ਸੀ, ਪਰ ਹੈ ਤਾਂ ਕਬਰ ਹੀ ਸੀ। ਭਲਾ ਜੀਉਂਦੇ ਦਰਿਆ, ਜੀਉਂਦੇ ਚਸ਼ਮੇ, ਜੀਉਂਦੇ ਜਾਨਵਰ, ਜੀਉਂਦੇ ਫੁੱਲਾਂ ਤੇ ਜੀਉਂਦੇ ਮਰਦਾਂ, ਇਸਤਰੀਆਂ ਦੀ ਖ਼ੂਬਸੂਰਤੀ ਨਾਲ ਇਸ ਬਨਾਵਟੀ ਕਬਰ ਦੀ ਕੀ ਪਹੁੰਚ ਹੋ ਸਕਦੀ ਹੈ। ਤੁਸੀਂ ਮੇਰੇ ਇਸ ਕਥਨ ਉਤੇ ਹਸੋਗੇ ਤੇ ਮੈਂ ਤੁਹਾਡੇ ਹਸਣ ਉਤੇ ਹਸਾਂਗਾ। ਤੁਸੀਂ ਕਹੋਗੇ ਕਿ ਇਹ ਹੁਨਰ ਦੀ ਖੂਬਸੂਰਤੀ ਦੀ ਪ੍ਰਸੰਸਾ ਨਹੀਂ ਕਰ ਸਕਦਾ, ਤੇ ਮੈਂ ਕਹਾਂਗਾ ਤੁਸੀਂ ਲੋਕਾਂ ਦੀ ਸੁਣਾਈ ਗਲ ਦੇ ਗ਼ੁਲਾਮ ਹੋ। ਅਗੋਂ ਸਾਰਾ ਨਿਬੇੜਾ ਵਾਹਿਗੁਰੂ ਹੀ ਕਰੇਗਾ। ਮੈਂ ਕੇਵਲ ਇਸ ਕਰਕੇ ਤੁਹਾਡੀ ਰਾਇ ਅਗੇ ਝੁਕ ਨਹੀਂ ਸਕਦਾ ਕਿ ਤੁਹਾਡੀ ਰਾਇ ਦੇ ਬਹੁਤੇ ਹਨ, ਕਿਉਂਕਿ ਇਸ ਵਿਚ ਰਤਾ ਭੀ ਤਾਂ ਸ਼ਕ ਨਹੀਂ ਕਿ ਦੁਨੀਆਂ ਵਿਚ ਮੂਰਖ ਬਾਹਲੇ ਹਨ। ਤਾਜ ਮਹਲ ਨੂੰ ਵੇਖ ਕੇ ਮੈਂ ਅਜੇਹਾ ਰਜਿਆ ਕਿ ਦਿਆਲ ਬਾਗ਼ ਵੇਖਣ ਦੀ ਭੁੱਖ ਭੀ ਨਾਲ ਹੀ ਲਹਿ ਗਈ।

ਆਗਰੇ ਤੋਂ ਮੈਂ ਦਿੱਲੀ ਪੁੱਜਾ। ਉਥੇ ਕੋਈ ਅੱਠ ਦਿਨ ਸਰਦਾਰ ਵਿਸਾਖਾ ਸਿੰਘ ਜੀ ਕੋਲ ਰਿਹਾ। ਮੈਂ ਵਾਰਧਾ ਤੋਂ ਇਕ ਜ਼ਰੂਰੀ ਚਿੱਠੀ ਸਰਦਾਰ ਭਾਗ ਸਿੰਘ ਜੀ ਨੂੰ ਲਿਖੀ ਸੀ ਜੋ ਉਹਨਾਂ ਨੇ ਗਿਆਨੀ ਸ਼ੇਰ ਸਿੰਘ ਜੀ ਨੂੰ ਸੁਣਾਣੀ ਸੀ। ਮੈਂ ਦਿੱਲੀ



Digitized by Panjab Digital Library | www.panjabdigilib.org

ਇਸ ਚਿੱਠੀ ਦੇ ਜਵਾਬ ਨੂੰ ਉਡੀਕਦਾ ਸਾਂ। ਇਤਨੇ ਦਿਨ ਜਵਾਬ ਨਾ ਆਉਣ ਉਤੇ ਮੈਂ ਬਿਹਾਰੀ ਗੜ੍ਹ ਆ ਗਿਆ ਤੇ ਉਥੋਂ ਫਿਰ ਸਹਾਰਨਪੁਰ ਆ ਟਿਕਿਆ। ਸਹਾਰਨਪੁਰ ਮੈਂ ਸ੍ਰੀਯੁਤ ਸੁਖ ਦੇਵ ਥਾਲੀ ਜੀ ਕੋਲ ਆ ਟਿਕਿਆ। ਉਥੇ ਭੀ ਮੈਂ ਉਕਤ ਚਿੱਠੀ ਦਾ ਜਵਾਬ ਹੀ ਉਡੀਕਦਾ ਰਿਹਾ। ਉਥੋਂ ਮੈਂ ਹਰਦਵਾਰ, ਰਿਖੀਕੇਸ਼, ਤੇ ਸਵਰਗ ਆਸ਼ਰਮ ਨੂੰ ਗਿਆ। ਸਵਰਗ ਆਸ਼ਰਮ ਵਿਚ ਤਾਂ ਮੈਂ ਸਾਧੂਆਂ ਵਿਚ ਹੀ ਰਿਹਾ ਸਾਂ। ਉਥੇ ਚੰਗੇ ਚੰਗੇ ਵਿਦਵਾਨ ਸਾਧੂ ਸਨ। ਪਰ ਕਿਸੇ ਸਾਧੂ ਦੇ ਜੀਵਨ ਵਿਚ ਮੈਨੂੰ ਕਿਧਰੇ ਕੋਈ ਵਾਧਾ ਨਜ਼ਰ ਨਹੀਂ ਆਇਆ। ਉਸ ਵੇਲੇ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਬਚਨ ਚੇਤੇ ਆਇਆ :—

ਸੂਰ ਸੁਰਾਰਦਨ ਸੁਧ ਸੁਧਾਦਿਕ
ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖ ਰਹਿਓ
ਮਤ ਕੋਊ ਨਾ ਦੇਖਿਓ ਪ੍ਰਾਨ ਪਤੀਕੇ ॥

ਮੈਂ ਉਥੇ ਸਵਰਗ ਆਸ਼ਰਮ ਵਿਚ ਸਵੇਰੇ ਦੋ ਵਜੇ ਉਠ ਕੇ ਗੰਗਾ ਦੇ ਠੰਢੇ ਯਖ਼ ਪਾਣੀ ਵਿਚ ਨਹਾਇਆ ਕਰਦਾ ਸੀ ਤੇ ਮਹੀਨਾ ਭੀ ਜਨਵਰੀ ਦਾ ਸੀ। ਉਥੋਂ ਮੈਂ ਹਰਦਵਾਰ ਆ ਗਿਆ ਤੇ ਪੰਜਾਬ ਸਿੰਧ ਖੇਤਰ ਵਿਚ ਰਿਹਾ। ਉਥੇ ਭੀ ਮੈਂ ਸਵੇਰੇ ਦੋ ਵਜੇ ਉਠ ਕੇ ਗੰਗਾ ਦੇ ਠੰਢੇ ਪਾਣੀ ਵਿਚ ਨਹਾਉਂਦਾ ਸਾਂ। ਮੇਰੀ ਛਾਤੀ ਵਿਚ ਦਰਦ ਹੋ ਗਿਆ ਤੇ ਦਰਦ ਸਖ਼ਤ ਹੋ ਗਿਆ। ਮੈਂ ਉਥੇ ਪਰਵਾਹ ਨਾ ਕੀਤੀ।

ਹਰਦਵਾਰ ਇਕ ਦਿਨ ਮੈਂ ਸੰਤ ਮਾਨ ਸਿੰਘ ਜੀ ਸ਼ਾਸਤਰੀ ਨਾਲ ਸ਼ਿਕਾਰ ਭੀ ਗਿਆ ਸਾਂ। ਸ਼ਿਕਾਰ ਦੀ ਗਲ ਸੁਣਾਨ ਵਾਲੀ ਨਹੀਂ ਹੈ। ਕੇਵਲ ਇਤਨਾ ਕਹਿਣਾ ਹੀ ਕਾਫ਼ੀ ਹੈ ਕਿ ਅਸਾਂ ਹਿੰਮਤ ਬਹੁਤ ਕੀਤੀ, ਸਫ਼ਰ ਬਹੁਤ ਕੀਤਾ, ਸ਼ਿਕਾਰ ਬਹੁਤ



Digitized by Panjab Digital Library | www.panjabdigilib.org

ਵੇਖਿਆ, ਉਸਤਾਦੀਆਂ ਬਹੁਤ ਕੀਤੀਆਂ, ਗੋਲੀਆਂ ਬਹੁਤ ਚਲਾਈਆਂ ਪਰ ਕਿਸਮਤ ਖੋਟੀ ਨਿਕਲੀ ਤੇ ਸਾਥੋਂ ਕੋਈ ਸ਼ਿਕਾਰ ਨਾ ਮੋਇਆ।

ਸਹਾਰਨ ਪੁਰ ਪੁਜ ਕੇ ਛਾਤੀ ਦਾ ਦਰਦ ਵਧ ਗਿਆ। ਉਥੇ ਇਲਾਜ ਕੀਤਾ ਤੇ ਰਾਜ਼ੀ ਹੋ ਗਿਆ। ਇਤਨੇ ਚਿਰ ਨੂੰ ਸਰਦਾਰ ਸੇਵਾ ਸਿੰਘ ਜੀ ਦੀ ਸ਼ਹੀਦੀ ਦੀ ਖਬਰ ਮਿਲੀ ਤੇ ਮੈਂ ਮੁੜ ਅੰਮ੍ਰਿਤਸਰ ਆ ਗਿਆ ਹਾਂ।

★◆★



Digitized by Panjab Digital Library | www.panjabdigilib.org

## ਸਰਦਾਰ ਸੇਵਾ ਸਿੰਘ ਜੀ ਦੀ ਸ਼ਹਾਦਤ ਸਬੰਧੀ ਮਾ: ਤਾਰਾ ਜੀ ਦਾ ਬਿਆਨ

ਮਾਸਟਰ ਤਾਰਾ ਸਿੰਘ ਨੇ ਅੰਮ੍ਰਿਤਸਰ ਵਾਪਸ ਆਉਣ ਮਗਰੋਂ ਸ. ਸੇਵਾ ਸਿੰਘ ਜੀ ਦੀ ਸ਼ਹੀਦੀ ਬਾਰੇ ਹੇਠ ਲਿਖਿਆ ਬਿਆਨ ਪਰੈਸ ਨੂੰ ਭੇਜਿਆ ਹੈ—

'ਮੈਂ ਸਾਧੂ ਸੁਭਾ ਸ: ਸੇਵਾ ਸਿੰਘ ਜੀ ਪਰਧਾਨ ਸ਼ਰੋਮਣੀ ਮਾਲਵਾ ਪ੍ਰਤੀਨਿਧ ਦੀਵਾਨ, ਪਰਧਾਨ ਰਿ: ਪਰਜਾ ਮੰਡਲ, ਮੀਤ ਪਰਧਾਨ ਸ਼ਰੋਮਣੀ ਅਕਾਲੀ ਦਲ, ਦੀ ਲਾਸਾਨੀ ਸ਼ਹਾਦਤ ਦੀ ਖ਼ਬਰ ਗੁਰਦਵਾਰਾ ਰਕਾਬ ਗੰਜ ਦਿੱਲੀ ਵਿਖੇ ਸੁਣੀ। ਮੈਂ ਛੇਤੀ ਹੀ ਪੰਜਾਬ ਨੂੰ ਰਵਾਨਾ ਹੋ ਤੁਰਿਆ, ਬਿਨਾਂ ਜਾਣਦੇ ਹੋਏ ਕਿ ਕਿਥੇ ਜਾਵਾਂ ਤੇ ਕੀ ਕਰਾਂ। ਮੈਂ ਸਹਾਰਨਪੁਰ ਉਤਰਿਆ ਅਤੇ ਰਿਆਸਤੀ ਪਰਜਾ ਮੰਡਲ ਨਾਲ ਚਿੱਠੀ ਪਤਰ ਕੀਤਾ। ਆਖ਼ਰ ਮੈਨੂੰ ਇਥੇ ਆਉਣਾ ਪਿਆ ਹੈ ਅਤੇ ਮੇਰਾ ਇਰਾਦਾ ਹੈ ਕਿ ਮੈਂ ਪਟਿਆਲਾ



Digitized by Panjab Digital Library | www.panjabdigilib.org

ਅੰਦੋਲਨ ਵਿਚ ਸ਼ਾਮਲ ਹੋ ਜਾਵਾਂ। ਮੇਰਾ ਇਹ ਫੈਸਲਾ ਸੀ ਕਿ ਮੈਂ ਪੰਥਕ ਮਾਮਲਿਆਂ ਵਿਚ ਹਿੱਸਾ ਨਹੀਂ ਲਵਾਂਗਾ। ਮੇਰਾ ਅਜੇ ਵੀ ਏਹੋ ਫੈਸਲਾ ਹੈ। ਭਾਵੇਂ ਅੱਡ ਹੋਣ ਸਮੇਂ ਮੈਂ ਰਿਆਸਤੀ ਪਰਜਾ ਮੰਡਲ ਨੂੰ ਲਿਖਿਆ ਸੀ ਕਿ ਮੇਰੀ ਇਹ ਅਲਹਿਦਗੀ ਮੈਨੂੰ ਰਿਆਸਤੀ ਸਰਗਰਮੀਆਂ ਵਿਚ ਹਿੱਸਾ ਲੈਣ ਦਾ ਵਧੇਰੇ ਸਮਾਂ ਦੇਵੇਗੀ, ਪਰ ਮੈਂ ਕੁਝ ਸਮੇਂ ਲਈ ਇਸ ਤੋਂ ਵੀ ਇਕਲ-ਵਾਂਝੇ ਰਹਿਣਾ ਚਾਹੁੰਦਾ ਸਾਂ, ਪਰੰਤੂ ਸਰਦਾਰ ਸੇਵਾ ਸਿੰਘ ਜੀ ਦੀ ਦਰਦਨਾਕ ਹਾਲਤ ਵਿਚ ਸ਼ਹਾਦਤ ਨੇ ਮੈਨੂੰ ਵਾਪਸ ਆਉਣ ਲਈ ਮਜਬੂਰ ਕੀਤਾ ਹੈ। ਮੈਨੂੰ ਕੋਈ ਕਾਰਨ ਨਹੀਂ ਦਿਸਦਾ ਕਿ ਮੈਂ ਮੁੜ ਪੰਥਕ ਉਲਝਣਾਂ ਵਿਚ ਦਾਖ਼ਲ ਹੋਵਾਂ, ਪਰ ਜੋ ਹੋਵੇ ਸੋ ਹੋਵੇ, ਮੈਂ ਰਿਆਸਤੀ ਰਾਜਸੀ ਕੈਦੀਆਂ ਨੂੰ ਬਚਾਉਣ ਖ਼ਾਤਰ ਅਤੇ ਦਬਾਏ ਹੋਏ ਲੋਕਾਂ ਤੇ ਕੀਤੇ ਜਾ ਰਹੇ ਜ਼ੁਲਮ ਤੇ ਪਾਪ ਨੂੰ ਦੂਰ ਕਰਨ ਲਈ ਆਪਣਾ ਪੂਰਾ ਟਿਲ ਲਾਵਾਂਗਾ।

ਮੈਂ ਸਾਫ਼ ਕਹਿੰਦਾ ਹਾਂ ਕਿ ਮੇਰੇ ਖਿਆਲ ਵਿਚ ਸਰਦਾਰ ਸੇਵਾ ਸਿੰਘ ਜੀ ਦੀ ਮਿਰਤੂ ਦੀ ਜ਼ਿਮੇਂਵਾਰੀ ਮਹਾਰਾਜਾ ਪਟਿਆਲਾ ਦੇ ਸਿਰ ਹੈ। ਸਰਦਾਰ ਸੇਵਾ ਸਿੰਘ ਜੀ ਦੀ ਪਿਛਲੀ ਕੈਦ ਸਮੇਂ ਮੈਂ ਤੇ ਸਰਦਾਰ ਮੰਗਲ ਸਿੰਘ ਮਹਾਰਾਜੇ ਪਾਸ ਗਏ ਸਾਂ, ਉਦੋਂ ਸਰਦਾਰ ਸੇਵਾ ਸਿੰਘ ਜੀ ਨੂੰ ਬਿਨਾਂ ਕਿਸੇ ਮੁਕਦਮੇ ਦੇ ਜਿਹਲ ਵਿਚ ਬੰਦ ਕੀਤਾ ਗਿਆ ਸੀ ਤੇ ਕਿਸੇ ਆਦਮੀ ਨੂੰ ਇਸ ਕੈਦ ਦੇ ਕਾਰਨ ਦਾ ਪਤਾ ਨਹੀਂ ਸੀ। ਉਸ ਵਕਤ ਸਾਡੇ ਨਾਲ ਮਹਾਰਾਜੇ ਦੀਆਂ ਗਲਾਂ ਤੋਂ ਇਉਂ ਪਰਤੀਤ ਹੁੰਦਾ ਸੀ ਜਿਵੇਂ ਮਹਾਰਾਜੇ ਨੇ ਸਰਦਾਰ ਸੇਵਾ ਸਿੰਘ ਜੀ ਨੂੰ ਜੇਹਲ ਵਿਚੋਂ ਜਿਉਂਦੇ ਜੀ ਬਾਹਰ ਨਹੀਂ ਆਉਣ ਦੇਣਾ। ਕਿਉਂਕਿ ਮਹਾਰਾਜੇ ਨੇ ਆਖਿਆ ਸੀ ਕਿ—

ਜਦ ਉਸ ਨੇ ਸਰਦਾਰ ਸੇਵਾ ਸਿੰਘ ਜੀ ਨੂੰ (ਖਿਨਾਂ ਉਹਨਾਂ



Digitized by Panjab Digital Library | www.panjabdigilib.org

ਦਾ ਕਸੂਰ ਦਸੇ,) ਆਪਣੇ ਕੀਤੇ ਦੀ ਮਾਫ਼ੀ ਮੰਗਣ ਲਈ ਕਿਹਾ ਤਾਂ ਸਰਦਾਰ ਸੇਵਾ ਸਿੰਘ ਜੀ ਨੇ ਉਸ ਦੀ ਹੁਕਮ ਅਦੂਲੀ ਕੀਤੀ ਸੀ।

ਪਿਛਲੇ ੮ ਮਹੀਨੇ ਤੋਂ ਸਰਦਾਰ ਸੇਵਾ ਸਿੰਘ ਜੀ ਭੁਖ ਹੜਤਾਲ ਤੇ ਸਨ ਇਸ ਅਰਸੇ ਵਿਚ ਸ਼ਰੋਮਣੀ ਗੁਰਦਵਾਰਾ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਨੇ ਉਹਨਾਂ ਦੀ ਭੁਖ ਹੜਤਾਲ ਦੇ ਕਾਰਨ ਦਾ ਪਤਾ ਕਰਕੇ ਉਸਨੂੰ ਦੂਰ ਕਰਨ ਲਈ ਜੇਹਲ ਵਿਚ ਸਰਦਾਰ ਸੇਵਾ ਸਿੰਘ ਜੀ ਦੀ ਮੁਲਾਕਾਤ ਕਰਨ ਦਾ ਪੂਰਾ ਪੂਰਾ ਯਤਨ ਕੀਤਾ, ਪਰ ਐਸੀਆਂ ਜ਼ੁਮੇਵਾਰ ਜਮਾਤਾਂ ਨੂੰ ਵੀ ਮੁਲਾਕਾਤ ਦੀ ਆਗਿਆ ਨਾ ਮਿਲੀ। ਇਹਨਾਂ ਨਵਾਂ ਮਹੀਨਿਆਂ ਵਿਚ ਸਰਦਾਰ ਜੀ ਦੀ ਸੁਪਤਨੀ ਤੇ ਦਾਮਾਦ ਨੂੰ ਕੇਵਲ ਇਕ ਵਾਰ ਮੁਲਾਕਾਤ ਦੀ ਆਗਿਆ ਦਿੱਤੀ ਗਈ। ਹੁਣ ਸਰਦਾਰ ਸੇਵਾ ਸਿੰਘ ਜੀ ਚਲਾਣਾ ਕਰ ਚੁਕੇ ਹਨ ਅਤੇ ਇਹ ਪਤਾ ਨਹੀਂ ਕਿ ਉਹਨਾਂ ਦੀ ਮਿਰਤੂ ਦਾ ਕਾਰਨ ਕੀ ਹੈ।

ਮੈਂ ਇਸ ਗਲ ਦਾ ਜ਼ੁਮੇਵਾਰ ਮਹਾਰਾਜਾ ਪਟਿਆਲਾ ਨੂੰ ਠਹਿਰਾਉਂਦਾ ਹਾਂ ਕਿਉਂਕਿ ਸਾਨੂੰ ਇਹ ਮਾਲੂਮ ਹੁੰਦਾ ਸੀ ਕਿ ਉਸ ਨੇ ਸਰਦਾਰ ਸੇਵਾ ਸਿੰਘ ਜੀ ਨੂੰ ਜੇਹਲ ਵਿਚ ਹੀ ਮੁਕਾ ਦੇਣਾ ਹੈ ਕਿਉਂਕਿ ਉਸ ਨੇ ਕਿਸੇ ਆਦਮੀ ਨੂੰ ਆਗਿਆ ਨਹੀਂ ਦਿੱਤੀ ਜੋ ਉਹਨਾਂ ਦੀ ਭੁਖ ਹੜਤਾਲ ਨੂੰ ਖ਼ਤਮ ਕਰਨ ਦਾ ਯਤਨ ਕਰਦਾ।

ਬਰਤਾਨਵੀ ਹਿੰਦੁਸਤਾਨ ਜਾਂ ਕਿਸੇ ਹੋਰ ਰਿਆਸਤ ਵਿਚ ਐਸੀ ਸਖ਼ਤ ਪਥਰ ਦਿਲੀ ਦੀ ਮਿਸਾਲ ਨਹੀਂ ਮਿਲ ਸਕਦੀ। ਮਹਾਰਾਜੇ ਨੇ ਸਰਦਾਰ ਸੇਵਾ ਸਿੰਘ ਜੀ ਦੇ ਰਿਸ਼ਤੇਦਾਰਾਂ ਨੂੰ ਉਹਨਾਂ ਦੀ ਨਾਜ਼ਕ ਹਾਲਤ ਦੀ ਖ਼ਬਰ ਤਕ ਨਹੀਂ ਪੁਚਾਈ ਅਤੇ ਨਾ ਹੀ ਉਹਨਾਂ ਦੀ ਲਾਸ਼ ਉਹਨਾਂ ਦੇ ਸਬੰਧੀਆਂ ਨੂੰ



Digitized by Panjab Digital Library | www.panjabdigilib.org

ਦਿੱਤੀ ਗਈ ਹੈ।

ਨਿਰਸੰਦੇਹ ਇਸ ਸਬੰਧੀ ਕੋਈ ਨਾ ਕੋਈ ਬਹਾਨਾ ਬਣਾਇਆ ਜਾ ਸਕਦਾ ਹੈ। ਪਰ ਬੀਤ ਚੁਕੇ ਵਤੀਰੇ ਦੇ ਅਧਾਰ ਤੇ ਇਹੋ ਜਹੀਆਂ ਗਲਾਂ ਨੂੰ ਕੌਣ ਮੰਨ ਸਕਦਾ ਹੈ ? ਪਬਲਿਕ ਸਰਕਾਰ ਹਿੰਦ ਪਾਸੋਂ ਮੰਗ ਕਰੇਗੀ ਕਿ ਉਹ ਸ: ਸੇਵਾ ਸਿੰਘ ਦੀ ਦਰਦਨਾਕ ਮਿਰਤੂ ਸਬੰਧੀ ਕੋਈ ਨਿਰਪਖ ਤਫ਼ਤੀਸ਼ ਕਰੇ।

ਪਟਿਆਲਾ ਰਿਆਸਤ ਤੇ ਸਰਕਾਰ ਅੰਗਰੇਜ਼ੀ ਵਿਚ ਹੋਏ ਮੁਆਹਿਦੇ ਦੀ ਸ਼ਰਤ ਹੈ ਜੋ ਰਿਆਸਤ ਨੂੰ ਪਰਜਾ ਨਾਲ ਨਿਆਂ ਕਰਨ ਤੇ ਜ਼ੋਰ ਦੇਂਦੀ ਹੈ। ਜੇ ਉਹ ਸ਼ਰਤ ਪਰਜਾ ਦੀ ਬਿਹਤਰੀ ਲਈ ਹੈ ਤਾਂ ਹੁਣ ਤਾਈਂ ਕੋਈ ਨਿਰਪਖ ਤਫ਼ਤੀਸ਼ ਹੋ ਜਾਣੀ ਚਾਹੀਦੀ ਸੀ। ਹੁਣ ਸਰਦਾਰ ਸੇਵਾ ਸਿੰਘ ਜੀ ਦੀ ਮਿਰਤੂ ਨੇ ਰਿਆਸਤ ਦੀ ਅਸਲੀ ਹਾਲਤ ਨੂੰ ਚਾਨਣੇ ਵਿਚ ਲੈ ਆਂਦਾ ਹੈ।

—0—



Digitized by Panjab Digital Library | www.panjabdigilib.org

## ਮਾਸਟਰ ਤਾਰਾ ਸਿੰਘ ਜੀ ਨੂੰ ਟੀ ਪਾਰਟੀ
## ਪੰਥਕ ਏਕਤਾ ਅਤੇ ਭਲਾਈ ਸਬੰਧੀ ਤਕਰੀਰਾਂ

ਸਰਦਾਰ ਹਰਨਾਮ ਸਿੰਘ ਜੀ ਐਡਵੋਕੇਟ ਲਾਹੌਰ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਮਿਲਣ ਲਈ ਬੁਧਵਾਰ ੩੦ ਜਨਵਰੀ ਨੂੰ ਆਪਣੇ ਮਕਾਨ ਉੱਤੇ ਚਾਹ ਪਾਰਟੀ ਦਿੱਤੀ। ਪਾਰਟੀ ਵਿਚ ਮੌਜੂਦਾ ਪੰਥਕ ਹਾਲਤ, ਸਰਦਾਰ ਸੇਵਾ ਸਿੰਘ ਜੀ ਦੀ ਸ਼ਹੀਦੀ ਤੇ ਦੇਸ਼ ਦੀ ਹਾਲਤ ਉੱਤੇ ਵਿਚਾਰ ਪ੍ਰਗਟ ਕੀਤੇ ਗਏ।

ਸਭ ਤੋਂ ਪਹਿਲਾਂ ਡਾਕਟਰ ਕਿਚਲੂ ਨੇ ਕਿਹਾ ਇਹ ਬੜਾ ਨਾਜ਼ਕ ਸਮਾਂ ਹੈ! ਮਾਸਟਰ ਤਾਰਾ ਸਿੰਘ ਜੀ ਚਲੇ ਗਏ ਸਨ ਤਾਂ ਮੈਂ ਸਮਝਦਾ ਸਾਂ ਕਿ ਉਨ੍ਹਾਂ ਗ਼ਲਤੀ ਕੀਤੀ ਹੈ ਤੇ ਮੈਨੂੰ ਬਹੁਤ ਦੁਖ ਹੋਇਆ ਸੀ। ਪਰ ਹੁਣ ਸਮਝਦਾ ਹਾਂ ਕਿ ਉਨ੍ਹਾਂ ਠੀਕ ਕੀਤਾ ਸੀ। ਹੁਣ ਆ ਗਏ ਹਨ ਤੇ ਹੁਣ ਚਾਹੁੰਦੇ ਹਾਂ ਕਿ ਉਹ ਵਧੇਰੇ ਵਕਤ ਇਸ ਵੇਲੇ ਕੌਮੀ ਝਗੜੇ ਨੂੰ ਨਿਪਟਾਣ ਵਿਚ ਲਾਉਣ।



Digitized by Panjab Digital Library | www.panjabdigilib.org

ਇਸ ਵੇਲੇ ਵਡਾ ਜ਼ਹਿਰ ਫਿਰਕੇਦਾਰਾਨਾ ਫੈਸਲਾ ਹੈ ਜਿਸ ਦਾ ਟਾਕਰਾ ਕਰਨ ਵਾਸਤੇ ਤੁਹਾਨੂੰ ਤਕਸੀਮ ਬੰਗਾਲ ਦੀ ਐਜੀਟੇਸ਼ਨ ਨਾਲੋਂ ਭੀ ਵਧ ਐਜੀਟੇਸ਼ਨ ਕਰਨੀ ਪਵੇਗੀ। ਮੈਂ ਇਹ ਕਹਿਣ ਨੂੰ ਤਿਆਰ ਹਾਂ ਕਿ ਤੁਹਨੂੰ ਇਹੋ ਜਿਹਾ ਸੱਚਾ, ਨੇਕ ਦਿਲ, ਕੁਰਬਾਨੀ ਵਾਲਾ ਤੇ ਕੌਮ ਪਿਛੇ ਮਰ ਮਿਟਣ ਵਾਲਾ ਕੋਈ ਹੋਰ ਲਭ ਸਕੇ ਇਹ ਬੜੀ ਮੁਸ਼ਕਲ ਗਲ ਹੈ।

ਸਰਦਾਰ ਸੇਵਾ ਰਾਮ ਸਿੰਘ ਜੀ ਨੇ ਮਾਸਟਰ ਜੀ ਨੂੰ ਜੀਅ ਆਇਆਂ ਆਖਿਆ ਤੇ ਕਿਹਾ ਕਿ ਕੁਝ ਹਾਲਾਤ ਮੈਨੂੰ ੧੨ ਸਾਲ ਲਈ ਪਬਲਿਕ ਜੀਵਨ ਤੋਂ ਬਾਹਰ ਲੈ ਗਏ ਸਨ। ਪਰ ਮੈਂ ਹੁਣ ਮੁੜ ਆਇਆ ਹਾਂ ਤੇ ਆਪ ਦੀ ਸੇਵਾ 'ਚ ਹਾਜ਼ਰ ਹਾਂ। ਮੈਂ ਮਾਸਟਰ ਜੀ ਅਗੇ ਬੇਨਤੀ ਕਰਾਂਗਾ ਕਿ ਹੁਣ ਤੁਸੀਂ ਆ ਗਏ ਹੋ ਤਾਂ ਪੰਥ ਵਿਚ ਇਤਫ਼ਾਕ ਕਰਾਣ ਦੀ ਕੋਸ਼ਿਸ਼ ਕਰੋ। ਇਕ ਸਿਖ ਨੇ ਹੀ ਟੁਟੀ ਗੰਢ ਦਿੱਤੀ ਸੀ ਤੇ ਹੁਣ ਭੀ ਇਕ ਸਿਖ ਹੀ ਟੁਟੀ ਗੰਢ ਸਕਦਾ ਹੈ।

ਸਰਦਾਰ ਸਰਦੂਲ ਸਿੰਘ ਜੀ ਕਵੀਸ਼ਰ ਨੇ ਕਿਹਾ ਮਾਸਟਰ ਜੀ ਤੁਸਾਂ ਜ਼ਾਣ ਵਿਚ ਗ਼ਲਤੀ ਕੀਤੀ ਸੀ ਕਿਉਂਕਿ ਇਹ ਨਫ਼ੀ ਪਾਲਸੀ ਸੀ। ਨਫ਼ੀ ਪਾਲਸੀ ਕਾਮਯਬ ਨਹੀਂ ਹੋਇਆ ਕਰਦੀ। ਸਿਖਾਂ ਦੇ, ਹਿੰਦੂਆਂ ਦੇ ਤੇ ਮੁਸਲਮਾਨਾਂ ਦੇ ਬਹੁਤ ਲੀਡਰ ਹਨ। ਪਰ ਕੌਮੀ ਲੀਡਰਾਂ ਦੀ ਕਮੀ ਹੈ। ਤੁਸੀਂ ਆਪਣੇ ਆਪ ਨੂੰ ਕੌਮੀ ਸੇਵਕ ਪਏ ਸਮਝੋ ਪਰ ਅਸੀਂ ਤਾਂ ਲੀਡਰ ਕਹਾਂਗੇ।

ਸਰਦਾਰ ਮੰਗਲ ਸਿੰਘ ਜੀ ਐਡੀਟਰ ਨੇ ਕਿਹਾ ਹਰ ਇਕ ਆਦਮੀ ਤਾਕਤ ਤੇ ਹਕੂਮਤ ਚਾਹੁੰਦਾ ਹੈ। ਇਹ ਕੁਦਰਤੀ ਗਲ ਹੈ। ਮਾਸਟਰ ਜੀ ਨੇ ਕੁਰਬਾਨੀ ਦੀ ਹਦ ਕਰ ਦਿੱਤੀ ਹੈ। ਜਦ ਆਪ ਪਾਸ ਸਿਖਾਂ ਵਿਚ ਸਭ ਤੋਂ ਵਧ ਤਾਕਤ ਸੀ ਤਾਂ ਆਪਨੇ ਇਸ ਨੂੰ ਪੰਥ ਦੇ ਭਲੇ ਦੀ ਖ਼ਾਤਰ ਝਟ ਸੁਟ ਪਾਇਆ।



Digitized by Panjab Digital Library | www.panjabdigilib.org

ਪਰੋਫ਼ੈਸਰ ਗੰਗਾ ਸਿੰਘ ਜੀ ਨੇ ਕਿਹਾ ਹੜ ਦਾ ਜ਼ੋਰ ਪੈਂਦਾ ਹੈ ਤੇ ਠਾਠਾਂ ਵਜਦੀਆਂ ਹਨ ਤਾਂ ਇਹਨਾਂ ਨੂੰ ਰੋਕਣ ਲਈ ਸਾਹਮਣੇ ਪੱਥਰ ਰਖੇ ਜਾਂਦੇ ਹਨ। ਇਸ ਵੇਲੇ ਦੀਆਂ ਠਾਠਾਂ ਨੂੰ ਰੋਕਣ ਲਈ ਮਾਸਟਰ ਜੀ ਵਰਗੇ ਪੱਥਰ ਦੀ ਲੋੜ ਸੀ। ਓਨਾਂ ਦਾ ਸਰੀਰ ਤਾਂ ਮਾਸ ਹਡ ਦਾ ਪਰ ਦਿਲ ਪੱਥਰ ਦਾ ਹੈ ਜੋ ਕਿਸੇ ਮੁਸੀਬਤ ਜਾਂ ਕਿਸੇ ਡਰ ਅਗੇ ਨਹੀਂ ਝੁਕਿਆ। ਮਾਸਟਰ ਜੀ ਉਹ ਕੌਮੀ ਪਰਵਾਨੇ ਹਨ ਜਿਹਨਾਂ ਨੂੰ ਪੰਥਕ ਦਰਦ ਹੀ ਬਨਵਾਸ ਦਵਾਂਦਾ ਹੈ ਤੇ ਮੁੜ ਪੰਥਕ ਦਰਦ ਹੀ ਮੋੜ ਲੈ ਆਉਂਦਾ ਹੈ। ਮਾਸਟਰ ਜੀ ਸਦਾ ਗੁਰਦਵਾਰਿਆਂ ਦੇ ਪ੍ਰਬੰਧ ਦੀਆਂ ਖ਼ਰਾਬੀਆਂ ਤੇ ਪਾਰਟੀਆਂ ਦੀਆਂ ਕਮਜ਼ੋਰੀਆਂ ਨੂੰ ਮਹਿਸੂਸ ਕੀਤਾ ਕਰਦੇ ਹਨ। ਕੇਵਲ ਮਾਸਟਰ ਜੀ ਹੀ ਸਨ ਜੋ ਇਹਨਾਂ ਖ਼ਰਾਬੀਆਂ ਤੇ ਕਮਜ਼ੋਰੀਆਂ ਵਿਚ ਰੋਕ ਪਾ ਸਕਦੇ ਹਨ। ਹੁਣ ਆਪ ਵਾਪਸ ਆ ਗਏ ਹਨ ਤੇ ਫਿਰ ਪੰਥ ਦੀ ਅਗਵਾਈ ਕਰਨ । ਪੰਥ ਨੂੰ ਇਹੋ ਜਿਹੇ ਸਚੇ ਆਦਮੀ ਦੀ ਲੋੜ ਹੈ।

ਸਰਦਾਰ ਗੋਪਾਲ ਸਿੰਘ ਜੀ ਕੋਮੀ ਨੇ ਕਿਹਾ ਮਾਸਟਰ ਜੀ ਉਹ ਹਸਤੀ ਹੈ ਜੋ ਜਿੱਥੇ ਹੋਵੇ ਹਰਕਤ ਪੈਦਾ ਕਰ ਦੇਂਦੀ ਹੈ ਜਦ ਮਾਸਟਰ ਜੀ ਗਏ ਸਨ ਤਾਂ ਅਸੀਂ ਕਈ ਕਈ ਘੰਟੇ ਰੋਂਦੇ ਰਹੇ ਸਾਂ। ਹੁਣ ਵਾਪਸ ਆਏ ਹਨ ਤਾਂ ਆਪ ਦੇ ਆਉਣ ਨੇ ਭੀ ਹਰਕਤ ਪੈਦਾ ਕਰ ਦਿੱਤੀ ਹੈ। ਪਰਜਾ ਮੰਡਲ ਵਾਲੇ ਯਤੀਮ ਵਾਂਗੂੰ ਫਿਰਦੇ ਸਨ। ਹੁਣ ਉਹ ਇਉਂ ਸਮਝਦੇ ਨਿ ਕਿ ਸਾਡਾ ਪਿਉ ਆ ਗਿਆ ਹੈ। ਫਿਰਕੇ ਦਾਰਾਨਾ ਫੈਸਲੇ ਵਿਰੁਧ ਜਤਨ ਕਰਨ ਵਾਲੇ ਸਮਝਦੇ ਹਨ ਕਿ ਹੁਣ ਕੁਝ ਕਰ ਸਕਾਂਗੇ। ਗੁਰਦ-ਵਾਰਿਆਂ ਵਾਲੇ ਸਮਝਦੇ ਹਨ ਕਿ ਹੁਣ ਕੋਈ ਠਲ੍ਹ ਬੰਨ੍ਹਣ ਵਾਲਾ ਆ ਗਿਆ ਹੈ। ਇਹ ਸਾਰੇ ਮਾਸਟਰ ਜੀ ਨੂੰ ਚਾਹੁੰਦੇ ਹਨ ਕਿਉਂਕਿ ਆਪ ਇਕ ਤਾਕਤ ਹਨ। ਪਰ ਮਾਸਟਰ ਜੀ ਦੀ ਕਾਂਗਰਸ ਵਿਚ



Digitized by Panjab Digital Library | www.panjabdigilib.org

ਭੀ ਬੜੀ ਲੋੜ ਹੈ । ਕੌਮ ਦੀ ਫੁਟ ਦੇ ਜ਼ਿਮੇਂਵਾਰ ਉਹ ਹਨ ਜੋ ਆਪਣੇ ਆਪ ਨੂੰ ਨਿਰਪਖ ਕਹਿੰਦੇ ਹਨ । ਮੈਂ ਚੈਲੰਜ ਦੇਂਦਾ ਹਾਂ ਕਿ ਮਾਸਟਰ ਜੀ ਮੁਤਅੱਲਕ, ਮੇਰੇ ਮੁਤਅੱਲਕ ਤੇ ਹੋਰ ਜਿਹੜੇ ਅਕਾਲੀ ਪਾਰਟੀ ਦੇ ਇਥੇ ਬੈਠੇ ਹਨ ਇਹਨਾਂ ਵਿਚੋਂ ਕਿਸੇ ਸਬੰਧੀ ਕੋਈ ਗ਼ਬਨ ਜਾਂ ਬਦਚਲਨੀ ਜਾਂ ਇਸੇ ਤਰ੍ਹਾਂ ਦਾ ਕੋਈ ਹੋਰ ਇਲਜ਼ਾਮ ਕਢ ਕੇ ਦਸੇ । ਕੋਈ ਕਮਿਸ਼ਨ ਆਕੇ ਸਾਡੀ ਪਾੜਤਾਲ ਕਰੇ ਤੇ ਸਚ ਝੂਠ ਦਾ ਨਤਾਰਾ ਕਰੇ । ਜੇ ਅਸੀਂ ਝੂਠੇ ਹਾਂ ਤਾਂ ਸਾਨੂੰ ਲਾਹਨਤ ਪਾਣ ਜੇ ਸਚੇ ਹਾਂ ਤਾਂ ਸਾਡਾ ਸਾਥ ਦੇਣ ।

ਸਰਦਾਰ ਖੜਕ ਸਿੰਘ ਜੀ ਢਿਲੋਂ ਨੇ ਕਿਹਾ ਮੈਂ ਸਾਫ਼ ਕਰਨਾ ਚਾਹੁੰਦਾ ਹਾਂ ਕਿ ਕੋਈ ਸਾਫ਼ ਦਿਲ ਹੀ ਇਤਫਾਕ ਪੈਦਾ ਕਰ ਸਕਦਾ ਹੈ । ਮੈਂ ਸਾਫ਼ ਕਹਿੰਦਾ ਹਾਂ ਕਿ ਪੰਥਕ ਜਥੇਬੰਦੀਆਂ ਨੂੰ ਜੋ ਇਤਨੀ ਕੁਰਬਾਨੀ ਨਾਲ ਬਣਾਈਆਂ ਗਈਆਂ ਹਨ ਤੋੜਨਾ ਮਾੜਾ ਹੈ । ਵਿਚ ਰਹਿਕੇ ਆਪਣੀ ਤਾਕਤ ਬਣਾਉ ਪਰ ਅਡਰੇ ਅੱਡਰੇ ਜੱਥੇ ਬਣਾਣੇ ਠੀਕ ਨਹੀਂ ਹਨ । ਮੈਂ ਤਜਵੀਜ ਕਰਦਾ ਹਾਂ ਕਿ ਇਕ ਕਮੇਟੀ ਹੁਣੇ ਬਣ ਜਾਵੇ ਜੋ ਗਿਆਨੀ ਸ਼ੇਰ ਸਿੰਘ ਤੇ ਸਰਦਾਰ ਖੜਕ ਸਿੰਘ ਜੀ ਨੂੰ ਸਦ ਕੇ ਪੁਛੇ ਕਿ ਉਹ ਕੀ ਚਾਹੁੰਦੇ ਹਨ ।

ਸ: ਸੂਰਤ ਸਿੰਘ ਜੀ ਜੋਗੀ ਨੇ ਕਿਹਾ ਜਦ ਮਾਸਟਰ ਜੀ ਗਏ ਤਾਂ ਅਸੀਂ ਬੜੇ ਉਦਾਸ ਹੋਏ । ਮਾਸਟਰ ਜੀ ਪਹਿਲੇ ਵਿਅਕਤੀ ਸਨ ਜ਼ੋ ਕੁਰਬਾਨੀ ਕਰਕੇ ਵਿਦਿਅਕ ਮੈਦਾਨ ਵਿਚ ਨਿਤਰੇ ਸਨ ਤੇ ਜ਼ਿਲਾ ਲਾਇਲਪੁਰ ਵਿਚ ਆਪਣੀ ਕੁਰਬਾਨੀ ਨਾਲ ਇਨ੍ਹਾਂ ਨੇ ਕਈ ਸਕੂਲ ਖੋਲ੍ਹ ਦਿੱਤੇ ਸਨ । ਸਾਨੂੰ ਹੁਣ ਪ੍ਰਸੰਨਤਾ ਹੋਈ ਹੈ ਕਿ ਆਪ ਆ ਗਏ ਹਨ ਤੇ ਕੌਮ ਦੀ ਅਗੋਂ ਵਾਂਗੂੰ ਸਹੀ ਅਗਵਾਈ ਕਰਣਗੇ ਤੇ ਪੰਥ ਵਿਚ ਹਰ ਪਰਕਾਰ ਏਕਤਾ ਲਿਆਉਣ ਦਾ ਜਤਨ ਕਰਣਗੇ ।

ਸਰਦਾਰ ਹਰਨਾਮ ਸਿੰਘ ਜੀ ਐਡਵੋਕੇਟ ਨੇ ਕਿਹਾ ਮੈਨੂੰ



Digitized by Panjab Digital Library | www.panjabdigilib.org

ਇਹ ਗਲ ਅਫ਼ਸੋਸ ਨਾਲ ਕਹਿਣੀ ਪੈਂਦੀ ਹੈ ਕਿ ਸਾਡੇ ਵਿਚ ਅਜੇਹੇ ਅਖ਼ਬਾਰ ਨਵੀਸ ਵੀ ਹੋ ਗਏ ਹਨ ਜੋ ਆਪਣੇ ਮੁਖ਼ਾਲਫਾਂ ਨੂੰ ਬਦਨਾਮ ਕਰਨ ਲਈ ਅਜੇਹੇ ਹਥਿਆਰ ਵਰਤ ਲੈਂਦੇ ਹਨ ਜਿਨ੍ਹਾਂ ਨਾਲ ਪੰਥ ਨੂੰ ਸਖ਼ਤ ਨੁਕਸਾਨ ਪੁਜਦਾ ਹੈ। ਇਥੇ ਸਾਡੇ ਵਿਚ ਇਕ ਅਖ਼ਬਾਰ ਨਵੀਸ ਬੈਠਾ ਹੈ ਜਿਸ ਨੇ ਲਿਖ ਦਿੱਤਾ ਸੀ ਸ਼ਰੋਮਣੀ ਕਮੇਟੀ, ਅਕਾਲੀ ਦਲ ਤੇ ਖ਼ਾਲਸਾ ਦਰਬਾਰ ਫਿਰਕੂ ਫੈਸਲੇ ਦੇ ਹਕ ਵਿਚ ਹਨ। ਉਸ ਨੂੰ ਪੁਛਿਆ ਕਿ ਇਹ ਕਿਉਂ ਲਿਖਿਆ ਗਿਆ ਹੈ ਤਾਂ ਉਸ ਨੇ ਉਤਰ ਦਿੱਤਾ ਕਿ ਵਿਰੋਧੀਆਂ ਨੂੰ ਬਦਨਾਮ ਕਰਨ ਲਈ। ਦਸੋ ਜਦ ਇਹੋ ਜਿਹੇ ਭੈੜੇ ਹਥਿਆਰ ਵਰਤੇ ਜਾਣ ਤਾਂ ਕਿਸ ਤਰ੍ਹਾਂ ਅੰਗਰੇਜ਼ਾਂ ਨੂੰ ਇਹ ਕਹਿਣ ਦਾ ਹੌਸਲਾ ਨਾ ਪਵੇ ਕਿ ਸਿਖ ਭੀ ਫ਼ਿਰਕੂ ਫੈਸਲੇ ਅਗੇ ਨਿੰਵ ਗਏ ਹਨ।

ਗਿਆਨੀ ਗੁਰਮੁਖ ਸਿੰਘ ਜੀ ਨੇ ਇਕ ਉਰਦੂ ਸ਼ਿਅਰ ਪੜ੍ਹਿਆ ਜਿਸਦਾ ਭਾਵ ਇਹ ਸੀ ਕਿ ਉਹ ਬੰਦਾ ਹੀ ਨਹੀਂ ਹੈ ਜਿਸਦਾ ਕੋਈ ਵਿਰੋਧੀ ਨਹੀਂ ਹੈ। ਜੇ ਸੱਚਾ ਹੈ ਤਾਂ ਝੂਠੇ ਉਸ ਦੇ ਵਿਰੋਧੀ ਹੋਣਗੇ। ਜਿਹੜੇ ਸਾਂਝੇ ਬਣਦੇ ਹਨ ਉਹ ਬੇਜਾਨ ਹਨ। ਜੋ ਕਿਸੇ ਨੂੰ ਰੜਕਦਾ ਨਹੀਂ ਹੈ ਉਸ ਬੁਰਾਈ ਨੂੰ ਦੂਰ ਕੀ ਕਰਨਾ ਹੈ। ਜੋ ਬੁਰਾਈ ਦਾ ਵਿਰੋਧੀ ਨਹੀਂ ਉਸ ਨੇ ਭਲਾਈ ਕਿਸ ਤਰ੍ਹਾਂ ਵਰਤਾਣੀ ਹੈ। ਮਾਸਟਰ ਜੀ ਦੇ ਚਲੇ ਜਾਣ ਦਾ ਅਸਰ ਮਾਸਟਰ ਜੀ ਵਾਸਤੇ ਬਹੁਤ ਚੰਗਾ ਪਿਆ ਹੈ। ਅਕਾਲੀ ਪਾਰਟੀ ਵਾਸਤੇ ਭੀ ਚੰਗਾ ਪਿਆ ਹੈ ਪਰ ਪੰਥ ਨੂੰ ਬਹੁਤ ਨੁਕਸਾਨ ਹੋਇਆ ਹੈ। ਕਿਉਂਕਿ ਜਿਹੜੀਆਂ ਬੁਰਾਈਆਂ ਇਹਨਾਂ ਰੋਕੀਆਂ ਸਨ ਉਹ ਬੇਲਗਾਮ ਹੋ ਗਈਆਂ ਹਨ।

ਫਿਰ ਮਾਸਟਰ ਤਾਰਾ ਸਿੰਘ ਜੀ ਨੇ ਕਿਹਾ ਮੈਂ ਸਰਦਾਰ ਸੇਵਾ ਸਿੰਘ ਜੀ ਦੀ ਸ਼ਹੀਦੀ ਸੁਣਕੇ ਛੇਤੀ ਨਾਲ ਮੁੜ ਆਇਆ ਹਾਂ। ਮੈਂ ਇਸ ਸਬੰਧੀ ਵਧੇਰੇ ਨਹੀਂ ਕਹਿ ਸਕਦਾ ਕਿਉਂਕਿ ਮੇਰਾ ਗਲਾ



Digitized by Panjab Digital Library | www.panjabdigilib.org

ਰੁਕ ਜਾਂਦਾ ਹੈ। ਹੁਣ ਤੇ ਜੋ ਅਗੋਂ ਕੰਮ ਕਰਨਾ ਹੈ ਉਸ ਵਲ ਧਿਆਨ ਦੇਣ ਦੀ ਲੋੜ ਹੈ। ਕੇਵਲ ਇਤਨਾਂ ਕਹਿਣਾਂ ਜ਼ਰੂਰੀ ਹੈ ਕਿ ਸਰਦਾਰ ਸੇਵਾ ਸਿੰਘ ਜੀ ਵਰਗੇ ਨੇਕ ਮਹਾਤਮਾ ਕੋਈ ਵਿਰਲੇ ਹੀ ਹੋਇਆ ਕਰਦੇ ਹਨ। ਜਦ ਮੈਂ ਇਥੋਂ ਚਲਾ ਗਿਆ ਤਾਂ ਜੰਗਲ ਵਿਚ ਭੀ ਪੰਥ ਦੀ ਹਾਲਤ ਉਤੇ ਵਿਚਾਰ ਕਰਦਾ ਰਿਹਾ ਹਾਂ। ਮੇਰੇ ਦਿਲੀ ਭਾਵਾਂ ਦਾ ਨਕਸ਼ਾ ਇਨ੍ਹਾਂ ਚਿੱਠੀਆਂ ਤੋਂ ਪ੍ਰਗਟ ਹੁੰਦਾ ਹੈ। ਜਿਨ੍ਹਾਂ ਵਿਚੋਂ ਇਕ ਮੈਂ ਬਾਬਾ ਪ੍ਰਤਾਪ ਸਿੰਘ ਜੀ ਨੂੰ ਪਿਛਲੇ ਅਕਤੂਬਰ ਦੀ ੨੪ ਤਰੀਕ ਨੂੰ ਹਜ਼ੂਰ ਸਾਹਿਬ ਤੋਂ ਲਿਖੀ ਸੀ। ਜਿਸ ਦੀ ਨਕਲ ਆਪ ਨੂੰ ਸੁਣਾਣੀ ਜ਼ਰੂਰੀ ਸਮਝਦਾ ਹਾਂ।

**ਸਚ ਖੰਡ ਹਜ਼ੂਰ ਸਾਹਿਬ ਨੰਦੇੜ ੨੪-੧੦-੩੪**

ਸ੍ਰੀ ਮਾਨ ਮਾਨਯੋਗ ਪੰਥ ਰਤਨ ਬਾਬਾ ਜੀ।

ਭੈਣੀ ਸਾਹਿਬ ਤੋਂ ਟੁਰਨ ਲਗਿਆਂ ਮੈਂ ਆਪ ਨੂੰ ਇਕ ਗਲ ਕਹੀ ਸੀ। ਇਹ ਗਲ ਮਗਰੋਂ ਮੈਂ ਭਾਈ ਇੰਦਰ ਸਿੰਘ ਜੀ ਚਕਰਵਰਤੀ ਨਾਲ ਭੀ ਕੀਤੀ ਸੀ। ਪਰ ਹੋਰ ਕਿਸੇ ਨੂੰ ਭੀ ਪਤਾ ਨਹੀਂ ਹੈ। ਮੈਂ ਇਸ ਗਲ ਉਤੇ ਵਿਚਾਰ ਕਰ ਕੇ ਆਪ ਵਲ ਖੋਲ੍ਹ ਕੇ ਇਸ ਲਈ ਲਿਖਣ ਲਗਾ ਹਾਂ ਕਿ ਜ਼ਬਾਨੀ ਗਲ ਬਾਤ ਕੁਝ ਭੁਲ ਜਾਂਦੀ ਹੈ ਤੇ ਕਿਧਰੇ ਟਪਲਾ ਨਾ ਲਗ ਜਾਏ। ਗਲ ਮੈਂ ਇਹ ਕਹੀ ਸੀ :—

ਪੰਥ ਦੀ ਮੌਜੂਦਾ ਢਹਿੰਦੀ ਜਾ ਰਹੀ ਦਸ਼ਾ ਨੂੰ ਪਲਟਨ ਲਈ ਮੈਥੋਂ ਜੋ ਭੀ ਮੰਗ ਕੀਤੀ ਜਾਵੇ ਮੈਂ ਤਿਆਰ ਹਾਂ। ਜੇ ਪੰਥ ਯੋਗ ਸਮਝੇ ਤਾਂ ਮੈਂ ਸਭ ਦੀ (ਜਾਂ ਜਿਸ ਦੀ ਪੰਥ ਮੁਨਾਸਬ ਖ਼ਿਆਲ ਕਰੇ) ਪੈਰੀ ਪੈਣ ਨੂੰ ਤਿਆਰ ਹਾਂ।

ਮੈਂ ਪੰਥਕ ਕੰਮ ਛਡ ਕੇ ਲਾਂਭੇ ਹੋ ਬੈਠਾ ਹਾਂ। ਪਰ ਮੇਰਾ ਦਿਲ ਮੇਰੇ ਅੰਦਰ ਹੀ ਹੈ। ਉਹ ਨਾ ਕਢ ਕੇ ਕਿਧਰੇ ਰਖ ਸਕਦਾ



Digitized by Panjab Digital Library | www.panjabdigilib.org

ਹਾਂ ਤੇ ਨਾਂ ਕਢਣਾ ਚਾਹੁੰਦਾ ਹਾਂ। ਇਸ ਵੇਲੇ ਪੰਥ ਦੀ ਹਾਲਤ ਖ਼ਰਾਬ ਹੁੰਦੀ ਜਾ ਰਹੀ ਹੈ ਤੇ ਇਸ ਨੂੰ ਪਲਟਣ ਲਈ ਜਿਸ ਭੀ ਕੁਰਬਾਨੀ ਲਈ ਮੈਥੋਂ ਮੰਗ ਕੀਤੀ ਜਾਵੇ ਮੈਂ ਪਿਛੇ ਨਹੀਂ ਹਟਾਂਗਾ। ਬਸ ਕੇਵਲ ਇਕ ਗਲ ਮੈਂ ਨਹੀਂ ਕਰ ਸਕਦਾ, ਕਿਉਂਕਿ ਇਹ ਮੇਰੇ ਵਸ ਦੀ ਨਹੀਂ ਹੈ ਤੇ ਉਹ ਇਹ ਕਿ ਜਿਸ ਸਜਣ ਨੂੰ ਬੇ-ਇਤਬਾਰਾ ਸਮਝਦਾ ਹੋਵਾਂ ਉਸ ਉਤੇ ਇਤਬਾਰ ਨਹੀਂ ਕਰ ਸਕਦਾ।

ਮੈਂ ਮੁੜ ਕਹਿੰਦਾ ਹਾਂ ਕਿ ਕੋਈ ਗ਼ਲਤ ਫ਼ਹਿਮੀ ਨਾ ਹੋਵੇ। ਮੈਂ ਹਰ ਇਕ ਸਜਣ ਦੀ ਪੈਰੀਂ ਢਹਿਣ ਨੂੰ ਤਿਆਰ ਹਾਂ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਮੈਂ ਹਰ ਇਕ ਨਾਲ ਅਜੇਹੀ ਤਰ੍ਹਾਂ ਰਚ ਮਿਚ ਜਾਣ ਨੂੰ ਤਿਆਰ ਹਾਂ ਜਿਸ ਤੋਂ ਇਹ ਪ੍ਰਗਟ ਹੋਵੇ ਕਿ ਮੈਂ ਉਸ ਉਤੇ ਪੂਰਾ ਇਤਬਾਰ ਕਰ ਲਿਆ ਹੈ। ਇਸ ਤਰ੍ਹਾਂ ਪਖੰਡ ਕਰਕੇ ਪੰਥ ਨੂੰ ਧੋਖਾ ਦੇਣਾ ਨਾ ਮੁਨਾਸਬ ਹੈ ਤੇ ਨਾ ਮੈਥੋਂ ਹੋ ਸਕਦਾ ਹੈ। ਹਾਂ ਕੇਵਲ ਪੰਥਕ ਦਸ਼ਾ ਨੂੰ ਪਲਟਣ ਲਈ ਤੇ ਆਪਣੇ ਅਹੰਕਾਰੀ ਮਨ ਵਿਚੋਂ ਅਹੰਕਾਰ ਕਢਣ ਲਈ ਮੈਂ ਹਰ ਇਕ ਸਜਣ ਦੀ ਪੈਰੀਂ ਪੈਣ ਨੂੰ ਤਿਆਰ ਹਾਂ ਤੇ ਜੇ ਕੋਈ ਕੁਰਬਾਨੀ ਦੀ ਮੰਗ ਕੀਤੀ ਜਾਵੇ ਤਾਂ ਉਹ ਭੀ ਕਰਨ ਨੂੰ ਤਿਆਰ ਹਾਂ।

ਇਸ ਦਾ ਭਾਵ ਇਹ ਨਾ ਸਮਝਣਾ ਕਿ ਜੇ ਇਸ ਤਰ੍ਹਾਂ ਪੰਥ ਵਿਚ ਸ਼ਾਂਤੀ ਵਰਤ ਜਾਏ ਤਾਂ ਮੈਂ ਮੁੜ ਕੰਮ ਵਿਚ ਲਗ ਜਾਵਾਂਗਾ ਮੈਂ ਤਾਂ ਮੁੜ ਹੁਣ ਉਸੇ ਹਾਲਤ ਵਿਚ ਹੀ ਕੰਮ ਕਰ ਸਕਦਾ ਹਾਂ ਜਿਸ ਦਾ ਵਰਨਣ ਮੈਂ ਉਸ ਚਿੱਠੀ ਵਿਚ ਕੀਤਾ ਹੈ ਜੋ ਗੁਰਸੇਵਕ ਸਭਾ ਨੂੰ ਲਿਖੀ ਸੀ। ਇਹ ਅੱਖਰ ਮੈਂ ਇਸ ਕਰਕੇ ਲਿਖੇ ਹਨ ਕਿ ਜੇ ਕਦੀ ਆਪ ਮੇਰੀ ਗਲ਼ ਨੂੰ ਪਰਗਟ ਕਰਨਾ ਮੁਨਾਸਬ ਸਮਝੋ ਤਾਂ ਕਿਸੇ ਸਜਣ ਦੇ ਦਿਲ ਵਿਚ ਇਹ ਸ਼ਕ ਨਾ ਪੈ ਜਾਵੇ ਕਿ ਮੈਂ ਇਹ ਸਭ ਕੁਝ ਆਪਣੇ ਮੁੜ ਕੰਮ ਵਿਚ ਲਗਨ ਲਈ ਕਰ ਰਿਹਾ ਹਾਂ। ਕਈ ਸਜਣ ਅਜਿਹੇ ਹਨ ਜੋ ਹਰ ਗਲ ਵਿਚ



Digitized by Panjab Digital Library | www.panjabdigilib.org

ਹੀ ਸ਼ਕ ਕਰ ਲੈਂਦੇ ਹਨ। ਇਸ ਕਰਕੇ ਮੈਂ ਤਾਂ ਇਹ ਕਹਿ ਰਿਹਾ ਹਾਂ ਕਿ ਜੇ ਪੰਥਕ ਦਸ਼ਾ ਨੂੰ ਪਲਟਣ ਲਈ ਮੇਰੀ ਜਾਨ ਭੀ ਲਗ ਜਾਵੇ ਜਾਂ ਮੈਨੂੰ ਸਦਾ ਲਈ ਮੂੰਹ ਕਾਲਾ ਕਰਕੇ ਰਖਣਾ ਪਵੇ ਤਾਂ ਮੈਂ ਇਹ ਵੀ ਕਰਨ ਨੂੰ ਤਿਆਰ ਹਾਂ। ਮੈਂ ਇਸ ਵੇਲੇ ਪੰਥ ਦੀ ਹਾਲਤ ਨੂੰ ਸਖ਼ਤ ਡਾਵਾਂ ਡੋਲ ਵੇਖ ਰਿਹਾ ਹਾਂ।

ਆਪ ਨੇ ਪੰਥਕ ਦਸ਼ਾ ਨੂੰ ਪਲਟਣ ਲਈ ਜੋ ਉਦਮ ਕੀਤਾ ਹੈ ਉਹ ਬਹੁਤ ਹੀ ਗੁਣਕਾਰ ਹੋਇਆ ਹੈ। ਆਮ ਲੋਕਾਂ ਵਿਚ ਇਹ ਖ਼ਿਆਲ ਖਿਲਰ ਗਿਆ ਹੈ ਕਿ ਅਕਾਲੀ, ਨਾਮਧਾਰੀ, ਉਦਾਸੀ ਤੇ ਨਿਰਮਲੇ ਸਭ ਇਕਠੇ ਹੋ ਗਏ ਹਨ, ਇਸ ਨਾਲ ਜੋ ਝਗੜੇ ਥਾਂ ਥਾਂ ਹੋਇਆ ਕਰਦੇ ਸਨ ਉਹ ਰੁਕ ਜਾਣਗੇ। ਪਰ ਇਸ ਏਕਤਾ ਨੂੰ ਪਕਿਆਂ ਕਰਨ ਲਈ ਤੇ ਕਈ ਸਾਲਾਂ ਦਾ ਵਿਰੋਧ ਧੋਣ ਲਈ ਅਜੇ ਬਹੁਤ ਕੰਮ ਦੀ ਲੋੜ ਹੈ। ਮੈਂ ਆਸ ਕਰਦਾ ਹਾਂ ਕਿ ਆਪ ਉਦਮ ਜਾਰੀ ਰਖੋਗੇ। ਆਪ ਨੇ ਠੀਕ ਵੇਲੇ ਆਪਣਾ ਫਰਜ਼ ਪਛਾਣ ਕੇ ਗੁਰੂ ਪੰਥ ਦੀ ਸੇਵਾ ਸੰਭਾਲੀ ਹੈ ਤੇ ਹੁਣ ਇਸ ਨੂੰ ਤੋੜ ਚੜ੍ਹਾਉਣ ਲਈ ਵੀ ਉਦਮ ਕਰੀ ਚਲੋ ਤੇ ਗੁਰੂ ਆਪ ਨੂੰ ਹਿੰਮਤ ਤੇ ਬਰਕਤ ਬਖਸ਼ੇਗਾ।

ਨੋਟ—ਮੈਂ ਇਥੇ ਗੁਪਤ ਰਹਿਣਾ ਚਾਹੁੰਦਾ ਸਾਂ ਇਸ ਕਰ ਕੇ ਆਪ ਨੂੰ ਪਹਿਲਾਂ ਇਹ ਚਿੱਠੀ ਨਹੀਂ ਲਿਖੀ ਸੀ ਪਰ ਹੁਣ ਇਤਨੇ ਵਾਕਫ਼ ਮਿਲ ਪਏ ਹਨ ਕਿ ਇਥੇ ਗੁਪਤ ਰਹਿਣਾ ਸੰਭਵ ਨਹੀਂ ਰਿਹਾ।

ਇਸ ਚਿੱਠੀ ਦਾ ਕੋਈ ਫਲ ਨਿਕਲਦਾ ਨਜ਼ਰ ਨਾ ਪਿਆ ਤਾਂ ਦੂਜੀ ਚਿੱਠੀ ਮੈਂ ੨੩ ਨਵੰਬਰ ੧੯੩੪ ਨੂੰ ਵਾਰਧਾ ਤੋਂ ਲਿਖੀ ਸੀ। ਇਹ ਚਿਠੀ ਮੈਂ ਗਿ: ਸ਼ੇਰ ਸਿੰਘ ਜੀ ਦੇ ਨਾਮ ਲਿਖ ਕੇ ਸਰਦਾਰ ਭਾਗ ਸਿੰਘ ਜੀ ਵਕੀਲ ਗੁਰਦਾਸਪੁਰੀ ਨੂੰ ਘਲੀ ਸੀ ਕਿ ਉਹ ਆਪ ਗਿਆਨੀ ਜੀ ਨੂੰ ਪੜ੍ਹ ਕੇ ਸੁਨਾਣ। ਪਰ ਦੁਖ



Digitized by Panjab Digital Library | www.panjabdigilib.org

ਨਾਲ ਕਹਿਣਾ ਪੈਂਦਾ ਹੈ ਕਿ ਇਹ ਚਿੱਠੀ ਗਿਆਨੀ ਜੀ ਨੂੰ ਨਾ ਪੁਜੀ ਤੇ ਮੈਂ ੨੬ ਜਨਵਰੀ ਨੂੰ ਆ ਕੇ ਵਾਪਸ ਲਈ ਹੈ। ਉਹ ਚਿੱਠੀ ਇਸ ਤਰ੍ਹਾਂ ਸੀ :—

ਵਾਰਧਾ

੨੩-੧੧-੩੪

ਪਿਆਰੇ ਗਿਆਨੀ ਜੀ,

ਮੈਂ ਆਪ ਨੂੰ ਚਿੱਠੀ ਲਿਖਣ ਲਗਿਆਂ ਪਹਿਲਾਂ ਹੀ ਇਹ ਕਹਿ ਦਿੰਦਾ ਹਾਂ ਕਿ ਮੇਰਾ ਮੰਤਵ ਨਾ ਆਪ ਦੀ ਖੁਸ਼ਾਮਦ ਕਰਨਾ ਹੈ ਤੇ ਨਾ ਆਪ ਦਾ ਦਿਲ ਦੁਖਾਣਾ ਹੈ। ਮੈਂ ਤਾਂ ਕਵਲ ਇਕ ਅਪੀਲ ਪੰਥ ਦੇ ਨਾਮ ਉਤੇ ਆਪ ਨੂੰ ਕਰਨ ਲੱਗਾ ਹਾਂ, ਇਹ ਅਪੀਲ ਵੀ ਕੇਵਲ ਇਸ ਕਰ ਕੇ ਕਰਨ ਲੱਗਾ ਹਾਂ ਕਿ ਮੈਨੂੰ ਜੋ ਕੁਝ ਹੋਇਆ ਹੈ ਜਾਂ ਹੋ ਰਿਹਾ ਹੈ, ਉਸ ਦੇ ਬਾਵਜੂਦ ਇਹ ਭਰੋਸਾ ਹੈ ਕਿ ਆਪ ਦੇ ਦਿਲ ਵਿਚ ਪੰਥਕ ਦਰਦ ਮੌਜੂਦ ਹੈ। ਇਸ ਵੇਲੇ ਦਿਲਾਂ ਵਿਚ ਗੁਸੇ, ਬੁਗਜ਼ ਜਾਂ ਹਸਦ ਦੀ ਜੋ ਮੈਲ ਵੜ ਗਈ ਹੈ ਉਸ ਨੇ ਕਈ ਸਜਣਾਂ ਦੇ ਗੁਣਾਂ ਨੂੰ ਢੱਕ ਲਿਆ ਹੋਇਆ ਹੈ। ਮੈਂ ਆਪਣੀ ਹਾਲਤ ਬਾਰੇ ਕਹਿ ਦਿੰਦਾ ਹਾਂ ਕਿ ਮੇਰਾ ਮਨ ਅਜੇ ਭੀ ਸਾਫ ਨਹੀਂ ਹੋਇਆ ਹੈ। ਇਸ ਭਾਵ ਦੀ ਚਿੱਠੀ ਕਈ ਵੇਰਾਂ ਆਪ ਨੂੰ ਲਿਖਣ ਦੀ ਨੀਯਤ ਹੋਈ, ਪਰ ਫਿਰ ਗੁੱਸਾ, ਅਹੰਕਾਰ ਤੇ ਬੇ-ਪ੍ਰਤੀਤੀ ਮੇਰੇ ਮਨ ਉਤੇ ਅਸਰ ਪਾ ਹੀ ਲੈਂਦੇ ਰਹੇ ਹਨ। ਆਖ਼ਰ ਮੈਂ ਇਹ ਵਿਚਾਰ ਕੇ ਚਿੱਠੀ ਲਿਖ ਰਿਹਾ ਹਾਂ ਕਿ ਪੰਥ ਦੀ ਮੌਜੂਦਾ ਹਾਲਤ ਦਰੁਸਤ ਕਰਨ ਲਈ ਜੋ ਮੈਥੋਂ ਹੋ ਸਕੇ ਉਹ ਤਾਂ ਮੈਂ ਕਰਾਂ। ਪਰ ਮੈਨੂੰ ਆਪਣੇ ਆਪ ਉਤੇ ਇਹ ਭਰੋਸਾ ਨਹੀਂ ਹੈ ਕਿ ਜਿਸ ਸ਼ਾਂਤੀ ਤੇ ਸਾਦਗੀ ਨਾਲ ਆਪ ਨੂੰ ਮੈਂ ਇਹ ਚਿੱਠੀ ਲਿਖ ਰਿਹਾ ਹਾਂ ਉਹ ਸਦਾ ਕਾਇਮ ਰਹੇਗੀ। ਇਸ ਲਈ ਆਪ ਨੇ ਮੇਰੀ ਚੰਗੀ ਨੀਯਤ ਦਾ ਅੰਦਾਜ਼ਾ ਲਾਏ ਬਿਨਾਂ ਵਿਚਾਰ ਕਰਨੀ।



Digitized by Panjab Digital Library | www.panjabdigilib.org

ਮੁਲਕ ਤੇ ਪੰਥ ਇਸ ਵਲੇ ਸਖ਼ਤ ਨਾਜ਼ਕ ਹਾਲਤ ਵਿਚੋਂ ਲੰਘ ਰਹੇ ਹਨ । ਜੋ ਨੁਕਸਾਨ ਇਸ ਵੇਲੇ ਪੰਥ ਦਾ ਹੋ ਜਾਏਗਾ ਉਸ ਨੂੰ ਸਦਾ ਲਈ ਕੌਮ ਰੋਏਗੀ ਤੇ ਸਾਡੇ ਉਤੇ ਲਾਹਨਤ ਪਾਏਗੀ ਕਿ ਅਜੇਹੇ ਨਾਜ਼ਕ ਸਮੇਂ ਇਹਨਾਂ ਖ਼ੁਦਗਰਜ਼ਾਂ ਜਾਂ ਮੂਰਖਾਂ ਨੇ ਅਜੇਹਾ ਝਗੜਾ ਛੇੜ ਰਖਿਆ ਹੈ ਜਿਸ ਵਿਚ ਕੋਈ ਅਸੂਲੀ ਮਤਭੇਦ ਨਹੀਂ ਸੀ ਤੇ ਕੇਵਲ ਜ਼ਾਤੀ ਗੁੱਸੇ ਜਾਂ ਜ਼ਾਤੀ ਖ਼ੁਦਗਰਜ਼ੀਆਂ ਦੇ ਆਧਾਰ ਪਰ ਹੀ ਇਹ ਕਾਇਮ ਸੀ । ਕੀ ਇਸ ਝਗੜੇ ਤੇ ਇਸੇ ਫੁਟ ਵਿਚ ਹੀ ਸਾਡੇ ਰਹਿੰਦੇ ਦਿਨ ਗੁਜ਼ਰਨਗੇ ? ਮੈਨੂੰ ਤਾਂ ਨਾ ਕਿਸੇ ਦਸਿਆ ਹੈ ਤੇ ਨਾ ਸਮਝ ਪਈ ਹੈ ਕਿ ਇਸ ਝਗੜੇ ਦਾ ਨਿਸ਼ਾਨਾ ਕੀ ਹੈ, ਜਿਸ ਨੂੰ ਪੁਜ ਕੇ ਝਗੜਾ ਖਤਮ ਹੋਵੇਗਾ । ਇਉਂ ਭਾਸਦਾ ਹੈ ਕਿ ਅਸੀਂ ਬਿਨਾਂ ਸਮਝੇ ਸੋਚੇ ਝਗੜੇ ਨੂੰ ਆਪਣਾ ਨਿਸ਼ਾਨਾ ਬਣਾਈ ਤੁਰੇ ਜਾਂਦੇ ਹਾਂ । ਇਸ ਵੇਲੇ ਫਿਰਕੂ ਫੈਸਲੇ ਦੀ ਵਿਰੋਧਤਾ ਸਾਡੀ ਨਾਂ ਮਾਤਰ ਦੀ ਹੈ । ਅਸਾਂ ਪ੍ਰਣ ਕੀਤੇ ਸਨ ਪਰ ਉਹਨਾਂ ਪ੍ਰਣਾਂ ਨੂੰ ਪੂਰਾ ਕਰਨਾ ਤਾਂ ਕਿਧਰੇ ਰਿਹਾ ਇਸ ਆ ਰਹੇ ਮੁਸਲਮਾਨੀ ਰਾਜ ਵਿਚ ਰੋਕ ਪਾਣ ਲਈ ਸਾਡੇ ਵਿਚੋਂ ਨਾ ਕਿਸੇ ਤਸੂ ਭਰ ਵੀ ਕੁਰਬਾਨੀ ਕੀਤੀ ਹੈ ਤੇ ਨਾ ਇਸ ਬਿਪਤਾ ਦੇ ਮੁਕਾਬਲੇ ਲਈ ਕੋਈ ਤਿਆਰੀ ਹੋ ਰਹੀ ਹੈ । ਸਗੋਂ ਦਿਨੋਂ ਦਿਨ ਪੰਥ ਵਿਚ ਕਮਜ਼ੋਰੀ ਵਧ ਰਹੀ ਹੈ ਤੇ ਮਾਯੂਸੀ ਖਿਲਰ ਰਹੀ ਹੈ । ਹੁਣ ਜਦ ਸਾਡੇ ਵਿਚੋਂ ਕੋਈ ਵੱਡੀ ਗੱਪ ਮਾਰਦਾ ਹੈ ਤਾਂ ਉਸ ਨੂੰ ਪੜ੍ਹ ਸੁਣ ਕੇ ਸਿਆਣੇ ਸਿਖਾਂ ਨੂੰ ਉਲਟੀ ਸ਼ਰਮ ਆਉਂਦੀ ਹੈ ਕਿ ਦੁਨੀਆਂ ਦੇ ਲੋਕੀ ਸਾਡੀਆਂ ਇਨ੍ਹਾਂ ਟਾਹਰਾਂ ਉਤੇ ਹਸਣਗੇ । ਫਿਰਕੂ ਫੈਸਲੇ ਉਤੇ ਜੋਸ਼ ਉਠਿਆ ਸੀ । ਉਹ ਵੇਲਾ ਲੰਘ ਗਿਆ ਹੈ ਤੇ ਉਸ ਦੀ ਜ਼ਿਮੇਂਵਾਰੀ ਸਾਡੇ ਸਿਰ ਉਤੇ ਹੀ ਹੈ । ਹੁਣ ਜਾਇੰਟ ਪਾਰਲੀ-ਮੈਂਟਰੀ ਕਮੇਟੀ ਦੀ ਰੀਪੋਰਟ ਨਿਕਲੀ ਹੈ । ਇਸ ਉਤੇ ਸਿਖਾਂ ਵਿਚ ਕੋਈ ਹਰਕਤ ਪੈਦਾ ਨਹੀਂ ਹੋਈ । ਕੀ ਇਹ ਮੁਰਦਾ-ਪਨ



Digitized by Panjab Digital Library | www.panjabdigilib.org

ਦੀ ਨਿਸ਼ਾਨੀ ਨਹੀਂ ਹੈ ? ਇਸ ਦੀ ਜ਼ਿਮੇਂਵਾਰੀ ਕਿਹੜੇ ਜ਼ਮਾਨੇ ਦੇ ਸਿਖਾਂ ਉਤੇ ਹੈ ? ਜੇ ਅਜ ਕਲ੍ਹ ਦੇ ਸਿਖਾਂ ਉਤ ਹੈ ਤਾਂ ਇਹਨਾਂ ਵਿਚੋਂ ਵਧੇਰੇ ਉਹਨਾਂ ਉਤੇ ਹੀ ਹੋ ਸਕਦੀ ਹੈ ਜੋ ਵਧੇਰੇ ਜ਼ੁਮੇਂਵਾਰੀ ਸਿਰ ਲਈ ਬੈਠੇ ਹਨ ।

ਇਸ ਕਰ ਕੇ ਮੇਰੀ ਆਪ ਅਗੇ ਹੱਥ ਜੋੜ ਕੇ ਬੇਨਤੀ ਹੈ ਕਿ ਇਸ ਹਾਲਤ ਨੂੰ ਪਲਟਣ ਲਈ ਜੋ ਭੀ ਆਪ ਤੋਂ ਹੋ ਸਕੇ, ਕਰੋ । ਤੁਹਾਨੂੰ ਚੇਤੇ ਹੋਵੇਗਾ ਕਿ ਤੁਸੀਂ ਸ਼ਾਹਦਰੇ ਕਿਹਾ ਸੀ ਕਿ 'ਮੈਂ ਇਸ ਕਿਸਮ ਦੀ ਪਾਰਟੀ ਬਾਜ਼ੀ ਤੋਂ ਤੰਗ ਆ ਚੁਕਾ ਹਾਂ, ਕੇਵਲ ਇਸ ਵਾਸਤੇ ਫਸਿਆ ਹੋਇਆ ਹਾਂ ਕਿ ਲੋਕੀ ਕਹਿਣਗੇ ਕਿ ਭਜ ਗਿਆ ਹੈ । ਜੇ ਕੋਈ ਚੰਗਾ ਬਹਾਨਾ ਇਸ ਵਿਚੋਂ ਨਿਕਲਣ ਦਾ ਮਿਲੇ ਤਾਂ ਮੈਂ ਸ਼ੁਕਰ ਕਰਾਂ । ਮੇਰੇ ਖਿਆਲ ਵਿਚ ਮੇਰੇ 'ਭਜ ਜਾਣ' ਨਾਲ ਤੁਹਾਨੂੰ ਚੰਗਾ ਮੌਕਾ ਮਿਲਿਆ ਸੀ ਪਰ ਹੁਣ ਹਥੋਂ ਨਿਕਲ ਚੁਕਾ ਹੈ । ਮੇਰਾ ਇਹ ਭਾਵ ਨਹੀਂ ਹੈ ਕਿ ਕੇਵਲ ਇਕੋ ਰਸਤਾ ਆਪ ਦੇ ਨਿਕਲ ਜਾਣ ਵਾਲਾ ਹੀ ਹੈ, ਜਿਸ ਨਾਲ ਪੰਥ ਵਿਚ ਸ਼ਾਂਤੀ ਵਰਤ ਸਕਦੀ ਹੈ । ਹੋਰ ਰਸਤੇ ਵੀ ਹੋ ਸਕਦੇ ਹਨ, ਪਰ ਮੌਜੂਦਾ ਨਿਕੰਮੀਆਂ ਪਾਰਟੀਆਂ ਨੂੰ ਤੋੜਨ ਲਈ ਇਹ ਵੀ ਇਕ ਰਸ੍ਤਾ ਹੈ । ਆਪ ਨੂੰ ਨਿਸਚਾ ਹੋਣਾ ਹੈ ਕਿ ਆਪ ਦੇ ਨਿਕਲਣ ਨਾਲ ਆਪ ਦੀ ਪਾਰਟੀ ਟੁਟ ਜਾਏਗੀ ਤੇ ਨਾਲ ਹੀ ਇਹ ਵੀ ਨਿਸਚਾ ਹੋਣਾ ਹੈ ਕਿ ਮੇਰੇ ਨਿਕਲ ਜਾਣ ਮਗਰੋਂ ਅਕਾਲੀ ਪਾਰਟੀ ਕੇਵਲ ਇਸੇ ਕਰਕੇ ਕਾਇਮ ਰਹੀ ਹੈ ਕਿ ਉਹ ਦੂਜੀ ਪਾਰਟੀ ਸਾਹਮਣੇ ਕਾਇਮ ਨਜ਼ਰ ਆ ਰਹੀ ਹੈ । ਇਹ ਪਾਰਟੀਆਂ ਤਾਂ ਇਕ ਦੂਜੇ ਦੇ ਡਰ ਕਰ ਕੇ ਹੀ ਕਾਇਮ ਹਨ । ਮੈਂ ਫਿਰ ਕਹਿੰਦਾ ਹਾਂ ਕਿ ਆਪ ਦੇ ਨਿਕਲਣ ਤੋਂ ਬਿਨਾਂ ਵੀ ਸ਼ਾਂਤੀ ਪੈਦਾ ਕਰਨ ਦੇ ਰਸਤੇ ਹੋ ਸਕਦੇ ਹਨ ਪਰ ਉਹ ਆਪ ਨੇ ਕਢਣੇ ਹਨ । ਮੇਰੇ ਲਿਖਣ ਨਾਲ ਉਹ ਰਸਤੇ ਬੰਦ ਹੋ ਜਾਂਦੇ



Digitized by Panjab Digital Library | www.panjabdigilib.org

ਹਨ। ਜੇਕਰ ਮੇਰੇ ਨਿਕਲਣ ਉਤੇ ਆਪ ਕਿਸੇ ਤਰ੍ਹਾਂ ਪੰਥ ਵਿਚ ਸ਼ਾਂਤੀ ਪੈਦਾ ਕਰਨ ਵਿਚ ਕਾਮਯਾਬ ਹੋ ਜਾਂਦੇ (ਜਾਂ ਘਟੋ ਘਟ ਸਾਰਾ ਜ਼ੋਰ ਹੀ ਲਾ ਦੇਂਦੇ) ਤਾਂ ਸਗੋਂ ਪੰਥ ਵਿਚ ਇਹ ਪਰਗਟ ਹੋ ਜਾਂਦਾ ਕਿ ਸ਼ਰਾਰਤ ਦਾ ਮੂਲ ਕੇਵਲ ਮਾਸਟਰ ਤਾਰਾ ਸਿੰਘ ਹੀ ਸੀ ਜਿਸ ਦੇ ਨਿਕਲਣ ਨਾਲ ਠੰਢ ਵਰਤ ਗਈ ਹੈ।

ਮੇਰੇ ਦਿਲ ਵਿਚ ਉਸੇ ਵੇਲੇ ਵੀ ਇਹ ਗਲ ਫੁਰੀ ਸੀ ਪਰ ਮੈਂ ਉਸ ਵੇਲੇ ਇਸ ਕਰਕੇ ਆਪ ਨੂੰ ਹੀ ਨਹੀਂ ਲਿਖੀ ਕਿ ਮੇਰੇ ਦਿਲ ਵਿਚ ਵਧੇਰੇ ਗੁੱਸਾ ਸੀ (ਮਨੂੰ ਉਸ ਵੇਲੇ ਪਤਾ ਨਹੀਂ ਸੀ ਕਿ ਗੁਰ ਸੇਵਕ ਸਭਾ ਨੇ ਤੁਹਾਨੂੰ ਵੀ ਪੰਥਕ ਕੰਮਾਂ ਤੋਂ ਅਡਰੇ ਹੋਣ ਲਈ ਕਿਹਾ ਹੈ)। ਫਿਰ ਵੀ ਮੈਨੂੰ ਕਈ ਵੇਰਾਂ ਲਿਖਣ ਦਾ ਖਿਆਲ ਆਇਆ, ਪਰ ਫਿਰ ਕਦੀ ਕੋਈ ਕੰਨੀ ਪਾ ਦਿੰਦਾ ਸੀ ਅਜੇ ਵੀ ਮੇਰੇ ਬਰਖ਼ਿਲਾਫ ਲਿਖਿਆ ਜਾ ਰਿਹਾ ਹੈ ਤੇ ਮੈਨੂੰ ਗੁੱਸਾ ਆ ਜਾਂਦਾ ਸੀ। ਤੁਸੀਂ ਮੇਰੀ ਤਬੀਅਤ ਜਾਣਦੇ ਹੋ। ਉਹ ਬਦਲਨ ਦਾ ਮੈਂ ਬਥੇਰਾ ਯਤਨ ਕੀਤਾ ਹੈ, ਪਰ ਬਦਲੀ ਨਹੀਂ ਭਾਵੇਂ ਕਈ ਵੇਰਾਂ ਹੁਣ ਮੈਂ ਜ਼ਬਤ ਜ਼ਰੂਰ ਕਰ ਲੈਂਦਾ ਹਾਂ।

ਅੱਡਰੇ ਬਹਿਕੇ ਮੈਂ ਸਭ ਪੰਥਕ ਅਖ਼ਬਾਰ ਪੜ੍ਹਨੇ ਬੰਦ ਕੀਤੇ ਹੋਏ ਹਨ ਤੇ ਕਿਸੇ ਤੋਂ ਪੰਥਕ ਮਾਮਲੇ ਦੀ ਕੋਈ ਗਲ ਸੁਣਨੋ ਵੀ ਸੰਕੋਚ ਕਰਦਾ ਰਿਹਾ ਹਾਂ। ਪਰ ਮੇਰਾ ਦਿਲ ਮੇਰੇ ਦਿਲ ਅੰਦਰ ਹੀ ਹੈ। ਇਹ ਮੈਂ ਕਿਧਰੇ ਕਢਕੇ ਰਖ ਨਹੀਂ ਸਕਦਾ ਤੇ ਪੰਥਕ ਦਰਦ ਸਗੋਂ ਇਸ ਸ਼ਾਂਤੀ ਦੇ ਸਮੇਂ ਵਿਚ ਵਧੇਰੇ ਮਹਿਸੂਸ ਕਰਦਾ ਰਿਹਾ ਹਾਂ ਤੇ ਇਸ ਝਗੜੇ ਸਬੰਧੀ ਸੋਚਦਾ ਰਿਹਾ ਹਾਂ। ਹੁਣ ਮੈਂ ਲੋਈ ਲਾਹ ਕੇ ਆਪ ਅਗੇ ਬੜੀ ਅਧੀਨਗੀ ਨਾਲ ਬੇਨਤੀ ਕਰਨ ਲਈ ਤੁਲ ਪਿਆ ਹਾਂ ਕਿ ਆਪ ਪੰਥਕ ਹਾਲਤ ਸੁਧਾਰਨ ਦੀ ਕੋਈ ਕਸਰ ਬਾਕੀ ਨਾ ਰਖੋ। ਤੁਸਾਂ ਮੇਰੀ ਨੀਯਤ ਉਤੇ ਨਾ ਜਾਣਾ। ਇਹ ਅਜੇ ਸਾਫ਼ ਨਹੀਂ ਹੋਈ ਹੈ। ਅਸੈਂਬਲੀ ਦੀ ਚੋਣ ਵਿਚ



Digitized by Panjab Digital Library | www.panjabdigilib.org

ਅਕਾਲੀ ਪਾਰਟੀ ਦੀ ਜਿੱਤ ਸੁਣਕੇ ਮੈਨੂੰ ਸੁਭਾ ਮੁਤਾਬਕ ਖੁਸ਼ੀ ਹੋਈ ਸੀ, ਪਰ ਥੋੜ੍ਹੇ ਚਿਰ ਮਗਰੋਂ ਹੀ ਮੈਂ ਸੋਚਿਆ ਕਿ ਕੀ ਇਹ ਪੰਥ ਦੀ ਜਿੱਤ ਹੈ ? ਕੀ ਇਸ ਨਾਲ ਪੰਥ ਦੀ ਹਾਲਤ ਸੁਧਰਨ ਦੀ ਆਸ ਹੋ ਸਕਦੀ ਹੈ ? ਸ਼ਾਂਤੀ ਨਾਲ ਸੋਚ ਕੇ ਮੈਂ ਇਸ ਨਤੀਜੇ ਉਤੇ ਅਪੜਿਆ ਹਾਂ ਕਿ ਪੰਥ ਦੀ ਜਿੱਤ ਕੇਵਲ ਇਸੇ ਵਿਚ ਹੀ ਹੋ ਸਕਦੀ ਹੈ ਕਿ ਜ਼ਾਤੀ ਲੜਾਈ ਝਗੜਾ ਬੰਦ ਹੋ ਕੇ ਏਕਤਾ ਹੋ ਜਾਵੇ। ਹੋਰ ਸਭ ਜਿੱਤਾਂ, ਪਾਰਟੀਆਂ ਤੇ ਆਦਮੀਆਂ ਦੀਆਂ ਹਨ ਜੋ ਆਖ਼ਰ ਪੰਥ ਦੀਆਂ ਹਾਰਾਂ ਸਿਧ ਹੋ ਸਕਦੀਆਂ ਹਨ।

ਮੈਂ ਪਿਛਲੀ ਗਲ ਉਤੇ ਬਹਿਸ ਨਹੀਂ ਕਰਦਾ ਹਾਂ ਤੇ ਨਾ ਆਪਣੀਆਂ ਗ਼ਲਤੀਆਂ ਤੇ ਭੁਲਾਂ ਪੁਛਦਾ ਹਾਂ, ਬਸ ਇਕ ਗਲ ਪੁਛਦਾ ਹਾਂ ਕਿ ਹੁਣ ਮੈਂ ਕੀ ਕਰ ਸਕਦਾ ਹਾਂ ਜਿਸ ਨਾਲ ਮਨ ਠੰਢਾ ਹੋ ਜਾਵੇ ਤੇ ਆਪ ਸਾਰਾ ਯਤਨ ਪੰਥ ਵਿਚ ਏਕਤਾ ਪੈਦਾ ਕਰਨ ਲਈ ਲਾ ਦੇਵੋ, ਕਿਉਂਕਿ ਆ ਰਹੀ ਰਾਜ ਬਣਤਰ ਦਾ ਕੇਵਲ ਸਿਖ ਟਾਕਰਾ ਕਰ ਸਕਣਗੇ ਜਾਂ ਉਸ ਵਿਚ ਆਪਣੀ ਹਸਤੀ ਕਾਇਮ ਰਖ ਸਕਣਗੇ। ਖ਼ਤਰਾ ਚੜ੍ਹਿਆ ਆ ਰਿਹਾ ਹੈ ਤੇ ਅਸੀਂ ਸੌਣ ਨਾਲੋਂ ਵੀ ਭੈੜਾ ਕੰਮ ਕਰ ਰਹੇ ਹਾਂ। ਮੈਂ ਹਰ ਗਲ ਨੂੰ ਮੰਨਣ ਨੂੰ ਤਿਆਰ ਹਾਂ। ਬਸ ਕੇਵਲ ਕੋਈ ਅਜੇਹੀ ਗਲ ਨਹੀਂ ਕਰ ਸਕਦਾ ਹਾਂ ਜੋ ਮੇਰੀ ਜ਼ਮੀਰ ਦੇ ਵਿਰੁਧ ਹੋਵੇ ਜਾਂ ਜਿਸ ਦੇ ਕਾਰਨ ਨਾਲ ਕੁਝ ਸਜਣਾਂ ਨੂੰ ਅਜੇਹਾ ਨਰਾਜ਼ ਕਰ ਲਵਾਂ ਕਿ ਇਹ ਪਾਰਟੀਆਂ ਟੁਟ ਕੇ ਹੋਰ ਇਸੇ ਤਰ੍ਹਾਂ ਦੀਆਂ ਕਾਇਮ ਹੋ ਜਾਣ। ਆਪ ਅੰਦਾਜ਼ਾ ਕਰ ਸਕਦੇ ਹੋ ਕਿ ਇਤਨਾ ਕੁਝ ਲਿਖਣ ਉਤੇ ਵੀ ਕਈ ਸਜਣ ਸਖ਼ਤ ਨਰਾਜ਼ ਹੋਣਗੇ ਕਿਉਂਕਿ ਇਸ ਵਿਚ ਉਹ ਆਪਣੀ ਜਾਂ ਆਪਣੀ ਪਾਰਟੀ ਦੀ ਹਤਕ ਸਮਝਣਗੇ। ਪਰ ਮੇਰਾ ਅੰਦਾਜ਼ਾ ਹੈ ਕਿ ਹਾਲਾਂ ਉਹਨਾਂ ਅਗੇ ਇਸੇ ਤਰ੍ਹਾਂ ਨਿੰਵ ਕੇ ਮੈਂ ਉਹਨਾਂ ਨੂੰ ਵੀ ਮੁੜ ਰਾਜ਼ੀ ਕਰ ਲਵਾਂਗਾ।



Digitized by Panjab Digital Library | www.panjabdigilib.org

ਮੈਂ ਇਹ ਚਿੱਠੀ ਵਧੇਰੇ ਖੁਲ੍ਹ ਕੇ ਲਿਖਣ ਲੱਗਾ ਸਾਂ ਪਰ ਅਜੇ ਸੰਕੋਚ ਦੋ ਕਾਰਣਾਂ ਕਰ ਕੇ ਕੀਤਾ ਹੈ । ਇਕ ਕਾਰਨ ਤਾਂ ਇਹ ਹੈ ਕਿ ਮੇਰਾ ਮਨ ਆਪ ਵਲੋਂ ਪੂਰਾ ਸਾਫ਼ ਨਹੀਂ ਹੈ ਜਿਸ ਕਰ ਕੇ ਮੈਨੂੰ ਡਰ ਹੈ ਕਿ ਆਪ ਕੋਈ ਹੋਰ ਭਾਵ ਹੀ ਇਸ ਵਿਚੋਂ ਨਾ ਸਮਝ ਲਵੋ ਜਾਂ ਇਸ ਨੂੰ ਗ਼ਲਤ ਹੀ ਨਾ ਵਰਤ ਲਵੋ। ਫਿਰ ਜੇ ਆਪ ਇਹ ਨਾ ਵੀ ਕਰੋ ਤਾਂ ਵੀ ਜਿਹੜਾ ਇਹ ਚਿੱਠੀ ਆਪ ਨੂੰ ਪੜ੍ਹ ਕੇ ਸੁਣਾਏਗਾ ਉਹ ਆਪ ਦੀ ਮਰਜ਼ੀ ਦੇ ਵਿਰੁਧ ਵੀ ਗ਼ਲਤ ਭਾਵ ਪ੍ਰਕਾਸ਼ਤ ਕਰ ਸਕਦਾ ਹੈ ਜਾਂ ਖਿਲਾਰ ਸਕਦਾ ਹੈ । ਦੂਜਾ ਕਾਰਨ ਇਹ ਹੈ ਕਿ ਮੈਨੂੰ ਡਰ ਹੈ ਕਿ ਕਈ ਸਜਣ ਏਸ ਉਤੇ ਦੁੱਖ ਮਨਾਣਗੇ ਤੇ ਮੈਨੂੰ ਬਿਨਾਂ ਪੰਥਕ ਲਾਭ ਦੇ ਕਿਸੇ ਦੇ ਦਿਲ ਨੂੰ ਦੁਖਾਣਾ ਨਹੀਂ ਚਾਹੀਦਾ ।

ਪੰਥਕ ਹਾਲਤ ਨੂੰ ਦਰੁਸਤ ਕਰਨ ਵਿਚ ਮਦਦ ਲੈਣ ਲਈ ਜੇ ਇਹ ਚਿੱਠੀ ਆਪ ਚਾਹੋ ਤਾਂ ਪ੍ਰਕਾਸ਼ਤ ਕੀਤੀ ਜਾ ਸਕਦੀ ਹੈ । ਜੇ ਇਸ ਵਿਚ ਕੋਈ ਅਦਲਾ ਬਦਲੀ ਜਾਂ ਘਟ ਵਧ ਕਰਵਾਣਾ ਚਾਹੋ ਤਾਂ ਮੈਨੂੰ ਲਿਖ ਘਲੋਂ ਤੇ ਮੈਂ ਬਦਲੀ ਕਰਕੇ ਨਵੀਂ ਚਿੱਠੀ ਆਪ ਨੂੰ ਘਲ ਦੇਵਾਂਗਾ । ਹੋਰ ਕਿਸੇ ਚਿੱਠੀ ਦਾ ਪਤਾ ਹੀ ਨਹੀਂ ਹੈ । ਨਵੀਂ ਚਿੱਠੀ ਪੁਜਣ ਉਤੇ ਤੁਸਾਂ ਇਹ ਚਿੱਠੀ ਪਾੜ ਦੇਣੀ । ਮੈਂ ਆਪ ਨੂੰ ਅਦਲਾ ਬਦਲੀ ਕਰਕੇ ਛਾਪਣ ਦਾ ਹਕ ਦੇ ਦੇਂਦਾ ਪਰ ਅਜੇ ਮੇਰੇ ਮਨ ਵਿਚ ਇਤਨੀ ਸਫ਼ਾਈ ਨਹੀਂ ਹੋਈ ਤੇ ਝਿਜਕ ਹੈ । ਆਪ ਨੇ ਇਹ ਚਿੱਠੀ ਬਿਲਕੁਲ ਗੁਪਤ ਰਖਣੀ। ਇਸ ਦੇ ਛਾਪਣ ਦਾ ਹਕ ਕੇਵਲ ਮੈਨੂੰ ਹੀ ਹੋਵੇਗਾ । ਜੇਕਰ ਆਪ ਇਸ ਚਿੱਠੀ ਨੂੰ ਬੁਰਾ ਭੀ ਮਨਾਉ ਤਾਂ ਮੈਂ ਆਸ ਕਰਦਾ ਹਾਂ ਕਿ ਇਸ ਗੁਪਤ ਚਿੱਠੀ ਨੂੰ ਜਾਂ ਇਸ ਦੇ ਕਿਸੇ ਹਿੱਸੇ ਨੂੰ ਤੁਸੀਂ ਕਿਸੇ ਕੋਲ ਭੀ ਪ੍ਰਗਟ ਨਹੀਂ ਕਰੋਗੇ । ਹਾਂ ਤੁਸੀਂ ਆਪਣੀ ਰਾਏ ਮੈਨੂੰ ਘਲ ਦੇਣਾ ਕਿ ਮੈਂ ਕਿਸ ਦਿਨ ਇਸ ਨੂੰ ਪਰਕਾਸ਼ਤ ਕਰਾਵਾਂ ਜਾਂ ਉਕਾ ਹੀ



Digitized by Panjab Digital Library | www.panjabdigilib.org

ਨਾ ਕਰਾਵਾਂ।

ਇਸ ਚਿੱਠੀ ਦਾ ਉਤਰ ਬਿਨਾਂ ਕਿਸੇ ਦੂਜੇ ਦੇ ਸਲਾਹ ਕੀਤੇ ਦੇ ਦੇਣਾ। ਕਿਉਂਕਿ ਇਹ ਗਲ ਤਾਂ ਹੁਣ ਬਿਲਕੁਲ ਪਰਗਟ ਹੈ ਕਿ ਮੌਜੂਦਾ ਪਾਰਟੀਆਂ ਟੁਟੇ ਬਿਨਾਂ ਪੰਥਕ ਹਾਲਤ ਨਹੀਂ ਸੁਧਰੇਗੀ ਤੇ ਦੂਜੇ ਕਿਸੇ ਨਾਲ ਜੋ ਆਪ ਸਲਾਹ ਕਰੋਗੇ ਤਾਂ ਹੋ ਸਕਦਾ ਹੈ ਕਿ ਉਹ ਇਹ ਵਧੇਰੇ ਕਰੇ ਕਿ ਕਿਸ ਜਵਾਬ ਜਾਂ ਕਿਸ ਕਾਰਵਾਈ ਵਿਚ ਮੇਰੀ ਪਾਰਟੀ ਦਾ ਲਾਭ ਜਾਂ ਮੇਰਾ ਜ਼ਾਤੀ ਲਾਭ ਹੈ। ਇਸ ਕਰਕੇ ਕਿਸੇ ਪਾਰਟੀ ਦੇ ਸਜਣ ਨਾਲ ਸਲਾਹ ਨਾ ਕਰਨਾ। ਪਾਰਟੀਆਂ ਤੋੜਨ ਦੇ ਜਤਨ ਦੇ ਇਹ ਉਲਟ ਹੋਵੇਗਾ। ਜੇਕਰ ਆਪ ਕਿਸੇ ਦੀ ਸਲਾਹ ਲਏ ਬਿਨਾਂ ਜਵਾਬ ਨਾ ਦੇ ਸਕੋ ਤਾਂ ਕੋਈ ਜਵਾਬ ਨਾ ਦੇਣਾ।

ਮੈਂ ਕੋਈ ਝਗੜਾ ਨਹੀਂ ਛੇੜਨਾ ਚਾਹੁੰਦਾ। ਇਸ ਕਰਕੇ ਮੈਂ ਕਿਸੇ ਦੂਜੇ ਨੂੰ ਹਾਲਾਂ ਇਸ ਚਿੱਠੀ ਦੀ ਖ਼ਬਰ ਨਹੀਂ ਦੇਵਾਂਗਾ। ਪਰ ਹੋ ਸਕਦਾ ਹੈ ਕਿ ਆਪ ਦਾ ਜਵਾਬ ਆਵਣ ਮਗਰੋਂ ਮੈਂ ਕਿਸੇ ਹੋਰ ਨੂੰ ਨਕਲ ਘਲ ਦੇਵਾਂ ਜਾਂ ਪਰਕਾਸ਼ਤ ਕਰਾ ਦੇਣਾ ਹੀ ਮੁਨਾਸਬ ਸਮਝਾਂ। ਪ੍ਰਕਾਸ਼ਤ ਕਰਾ ਦੇਣਾ ਦਾ ਫੈਸਲਾ ਮੇਰੇ ਇਕਲੇ ਲਈ ਕਰਨਾ ਜ਼ਰਾ ਔਖਾ ਹੈ। ਇਸ ਲਈ ਆਪ ਨੇ ਆਪਣੀ ਰਾਏ ਲਿਖ ਘਲਣੀ। ਜੇਕਰ ਹੋਰ ਕਿਸੇ ਗਲ ਦਾ ਉਤਰ ਆਪ ਨੇ ਨਾ ਭੀ ਦੇਣਾ ਹੋਵੇ ਤਾਂ ਭੀ ਇਤਨੀ ਰਾਏ ਆਪ ਲਿਖ ਸਕਦੇ ਹੋ।

ਮੈਂ ਇਹ ਕਹਿ ਦੇਣਾ ਭੀ ਮੁਨਾਸਬ ਸਮਝਦਾ ਹਾਂ ਕਿ ਮੇਰੀ ਨੀਯਤ ਹੈ ਕਿ ਜੇਕਰ ਪੰਥਕ ਏਕਤਾ ਹੋ ਜਾਏ ਅਤੇ ਸਾਰੇ ਸਜਣ ਰਲ ਕੇ ਫਿਰ ਮੈਨੂੰ ਜ਼ੋਰ ਲਾਣ ਤਾਂ ਭੀ ਮੈਂ ਘਟੋ ਘਟ ਹਾਲਾਂ ਕਿਸੇ ਗੁਰਦਵਾਰਾ ਕਮੇਟੀ ਦਾ ਮੈਂਬਰ ਬਣ ਕੇ ਜਾਂ ਕਿਸੇ ਹੋਰ ਤਰ੍ਹਾਂ ਗੁਰਦਵਾਰੇ ਦੀ ਮਾਇਆ ਉਤੇ ਕੋਈ ਇਖ਼ਤਿਆਰ ਨਹੀਂ ਲੈਣਾ ਹੈ। ਕਿਉਂਕਿ ਮੈਨੂੰ ਦ੍ਰਿੜ ਨਿਸਚਾ ਹੈ ਕਿ ਝਗੜੇ ਦਾ ਅਸਲ



Digitized by Panjab Digital Library | www.panjabdigilib.org

ਕਾਰਣ ਪੂਜਾ ਦੀ ਮਾਇਆ ਹੈ ਜੋ ਬਧੀ ਬਧਾਈ ਆ ਜਾਂਦੀ ਹੈ ਤੇ ਕਈ ਲੋਕ ਇਸ ਦੇ ਲਾਲਚ ਵਿਚ ਪੈ ਜਾਂਦੇ ਹਨ। ਜੋ ਭਲੇ ਲੋਕੀ ਗੁਰਦਵਾਰਿਆਂ ਦੀ ਮਾਇਆ ਨਹੀਂ ਵੀ ਖਾਂਦੇ ਉਹ ਭੀ ਇਸ ਮਾਇਆ ਉਤੇ ਇਖ਼ਤਿਆਰ ਰਖਣ ਦੇ ਲਾਲਚ ਵਿਚ ਫਸ ਜਾਂਦੇ ਹਨ। ਇਤਨੇ ਕੁਝ ਲਾਲਚ ਤੋਂ ਭੀ ਬਚ ਕੇ ਸੇਵਾ ਕਰਨਾ ਕਿਸੇ ਵਿਰਲੇ ਵਿਰਲੇ ਦਾ ਕੰਮ ਹੈ ਕਮਾਈ ਕੀਤੇ ਬਿਨਾਂ ਮਾਇਅ ਦਾ ਆ ਜਾਣਾ ਖ਼ਰਾਬੀ ਪਾਂਦਾ ਹੈ। ਮੈਂ ਇਸ ਦੀ ਝੂਠੀ ਵਰਤੋਂ ਹੋਣ ਤੋਂ ਰੋਕਣ ਵਿਚ ਕਈ ਗੁਰਦਵਾਰਿਆਂ ਵਿਚ ਅਸਮਰਥ ਰਿਹਾ ਹਾਂ ਤੇ ਇਸ ਸ਼ਰਮਨਾਕ ਪੋਜ਼ੀਸ਼ਨ ਵਿਚ ਮੈਂ ਫਿਰ ਨਹੀਂ ਪੈ ਸਕਦਾ ਹਾਂ।

ਇਹ ਗਲ ਮੈਂ ਇਸ ਲਈ ਲਿਖ ਰਿਹਾ ਹਾਂ ਕਿ ਮੇਰੀ ਉਪਰ ਲਿਖੀ ਚਿੱਠੀ ਦਾ ਕੋਈ ਗ਼ਲਤ ਭਾਵ ਨਾ ਸਮਝਿਆ ਜਾਵੇ। ਮੇਰੀ ਤੀਬਰ ਇੱਛਾ ਕੇਵਲ ਇਹੋ ਹੈ ਕਿ ਪੰਥ ਵਿਚ ਪੂਰੀ ਸ਼ਾਂਤੀ ਵਰਤ ਜਾਵੇ। ਹੁਣ ਦੀ ਅਸ਼ਾਂਤੀ ਅਡਰੇ ਬੈਠਿਆਂ ਭੀ ਮੇਰੇ ਦਿਲ ਨੂੰ ਪੂਰਾ ਸ਼ਾਂਤ ਨਹੀਂ ਹੋਣ ਦੇਂਦੀ।

ਮੈਂ ਫਿਰ ਕਹਿੰਦਾ ਹਾਂ ਕਿ ਮੈਂ ਜਤਨ ਕੀਤਾ ਹੈ ਕਿ ਕੋਈ ਚੋਭ ਵਾਲਾ ਲਫ਼ਜ਼ ਜਾਂ ਇਸ਼ਾਰਾ ਨਾ ਵਰਤਾਂ। ਪਰ ਦੂਜੇ ਕਿਸੇ ਦੇ ਨੁਕਤੇ ਤੋਂ ਵੇਖਿਆਂ ਸ਼ਾਇਦ ਕੋਈ ਚੋਭ ਨਿਕਲ ਆਉਂਦੀ ਹੋਵੇ। ਆਪ ਨੇ ਉਸ ਲਈ ਖਿਮਾਂ ਕਰਨੀ ਤੇ ਮੈਨੂੰ ਲਿਖ ਘਲਣਾ ਮੈਂ ਉਹ ਠੀਕ ਕਰ ਲਵਾਂਗਾ।

ਆਪ ਦਾ ਦਾਸ
ਤਾਰਾ ਸਿੰਘ

ਪਿ: ਲਿ:—ਉਪਰ ਦੀ ਚਿੱਠੀ ਲਿਖ ਚੁਕਣ ਮਗਰੋਂ ਮੈਂ ਇਹ ਮੁਨਾਸਬ ਸਮਝਿਆ ਹੈ ਕਿ ਇਹ ਚਿੱਠੀ ਸ: ਭਾਗ ਸਿੰਘ ਜੀ ਨੂੰ ਘਲਾਂ ਤੇ ਉਹ ਆਪ ਨੂੰ ਪੜ੍ਹਕੇ ਸੁਣਾ ਦੇਣ ਤੇ ਆਪ ਜਵਾਬ



Digitized by Panjab Digital Library | www.panjabdigilib.org

ਲਿਖ ਘਲਣਾ ਤਾਂ ਕਿ ਆਪ ਦੇ ਕਲਰਕ ਨੂੰ ਭੀ ਪਤਾ ਨਾ ਲਗੇ ।

ਇਹਨਾਂ ਚਿੱਠੀਆਂ ਦੇ ਭਾਵ ਉਤੇ ਮੈਂ ਹੁਣ ਤਕ ਭੀ ਕਾਇਮ ਹਾਂ । ਮੈਂ ਪੰਥ ਨੂੰ ਖੁਲ੍ਹੀ ਬੇਨਤੀ ਕਰਦਾ ਹਾਂ ਕਿ ਕੋਈ ਗਲ ਮੈਨੂੰ ਦਸੋ ਤੇ ਮੈਂ ਕਰਨ ਨੂੰ ਤਿਆਰ ਹਾਂ । ਇਹੋ ਗਲ ਮੈਂ ਬਾਹਰ ਜਾਣ ਤੋਂ ਪਹਿਲਾਂ ਭੀ ਕਹਿੰਦਾ ਸਾਂ ਪਰ ਕਿਸੇ ਨੇ ਗੌਰ ਨਹੀਂ ਕੀਤਾ । ਹੁਣ ਦੱਸੋ ਕਿ ਮੈਂ ਕੀ ਕਰਾਂ । ਜੇ ਤੁਸੀਂ ਕੁਝ ਨਾ ਦਸ ਸਕੋ ਤਾਂ ਮੈਂ ਦਸਾਂਗਾ ਤੇ ਤੁਸੀਂ ਸਾਥ ਦਿਉ । ਮੈਂ ਕਸੂਰ ਪਬਲਿਕ ਦਾ ਤੇ ਖਾਸ ਕਰ ਪੜ੍ਹੇ ਲਿਖੇ ਸਜਣਾਂ ਦਾ ਸਮਝਦਾ ਹਾਂ । ਹਰ ਕੋਈ ਆਪਣੀ ਪਗ ਬਚਾਣਾ ਚਾਹੁੰਦਾ ਹੈ । ਜੇ ਤੁਸਾਂ ਕਿਸੇ ਨੂੰ ਚਿਕੜ ਵਿਚੋਂ ਕਢਣਾ ਹੈ ਤਾਂ ਚਿਕੜ ਵਿਚ ਵੜਨਾ ਪਵੇਗਾ ਤੇ ਕਪੜੇ ਲਿਬੜਨਗੇ । ਮਰਦ ਬਣੋ ਤੇ ਗੁਰ ਸੇਵਕ ਸਭਾ ਨਾ ਬਣੋ । ਪੰਥ ਜੋ ਚਾਹੇ ਕਰ ਸਕਦਾ ਹੈ । ਪਰ ਜੇ ਤੁਸੀਂ ਸੁਤੇ ਰਹੋ ਤਾਂ ਦੂਜੇ ਜਿਸ ਤਰ੍ਹਾਂ ਚਾਹੁਣਗੇ ਕਰਨਗੇ ।

ਸਰਦਾਰ ਮਹਿਤਾਬ ਸਿੰਘ ਜੀ ਨੇ ਕਿਹਾ ਕਿ ਸਰਦਾਰ ਸੇਵਾ ਸਿੰਘ ਜੀ ਬਹੁਤ ਨੇਕ ਆਦਮੀ ਸਨ ਤੇ ਉਹ ਜਦ ਲਾਹੌਰ ਕਿਲੇ ਵਿਚ ਸਾਡੇ ਨਾਲ ਬੰਦ ਸਨ ਤਾਂ ਉਹ ਤੇ ਕਪਤਾਨ ਰਾਮ ਸਿੰਘ ਜੀ ਮਹਾਰਾਜ ਦੇ ਹੱਕ ਵਿਚ ਕਿਹਾ ਕਰਦੇ ਸਨ । ਮੈਂ ਜਦ ਤਕ ਨਨਕਾਣੇ ਸਾਹਿਬ ਦਾ ਪ੍ਰਧਾਨ ਹਾਂ, ਸ਼ਰੋਮਣੀ ਕਮੇਟੀ ਦਾ ਹੁਕਮ ਮੰਨਣਾ ਹੈ । ਸਾਡਾ ਕੰਮ ਪ੍ਰਬੰਧ ਕਰਨ ਦਾ ਹੈ ਤੇ ਜਦ ਤਕ ਮੈਂ ਉਥੇ ਪੰਥਕ ਹਾਂ ਮੈਂ ਪਾਰਟੀ ਮਾਮਲੇ ਵਿਚ ਹਿਸ ਨਹੀਂ ਲੈਣਾ ਚਾਹੁੰਦਾ । ਪ੍ਰਬੰਧ ਮੁਤਅਲਕ ਮੈਂ ਇਹ ਕਹਿੰਦਾ ਹਾਂ ਕਿ ਚੋਰੀ ਯਾਰੀ ਪੂਰੀ ਤਾਂ ਕਦੀ ਕਿਧਰੋਂ ਹਟ ਨਹੀਂ ਸਕਦੀ, ਪਰ ਇਸ ਵੇਲੇ ਨਨਕਾਣਾ ਕਾਹਿਬ ਵਿਚ ਕੋਈ ਖ਼ਾਸ ਉਂਗਲ ਕਰ ਕੇ ਨਹੀਂ ਦਸ ਸਕਦਾ । ਮੈਂ ਆਪ ਸਭ ਨੂੰ ਕਹਿੰਦਾ ਹਾਂ ਕਿ ਆਪ ਨਨਕਾਣਾ



Digitized by Panjab Digital Library | www.panjabdigilib.org

ਸਾਹਿਬ ਦੇ ਪ੍ਰਬੰਧ ਵਿਚ ਕੋਈ ਨੁਕਸ ਦਸੋ ਮੈਂ ਕਢਣ ਨੂੰ ਤਿਆਰ ਹਾਂ।

ਸਰਦਾਰ ਹਰਭਜਨ ਸਿੰਘ ਜੀ ਸਕੱਤਰ ਖਾਲਸਾ ਯੂਥ ਲੀਗ ਨੇ ਕਿਹਾ ਕਿ :—ਅਸੀਂ ਯੰਗ ਮੈਨ ਸਦਾ ਬਜ਼ੁਰਗਾਂ ਦੀ ਅਗਵਾਈ ਵਿਚ ਤੁਰਨ ਨੂੰ ਤਿਆਰ ਹਾਂ। ਸਾਨੂੰ ਆਮ ਕਿਹਾ ਜਾਂਦਾ ਹੈ ਕਿ ਅਸੀਂ ਕੁਝ ਨਹੀਂ ਕਰਦੇ ਹਾਂ। ਅਸੀਂ ਕਹਿੰਦੇ ਹਾਂ ਕੋਈ ਪਰੋਗਰਾਮ ਸਾਡੇ ਅਗੇ ਰਖੋ। ਅਸੀਂ ਬਗ਼ੈਰ ਕਿਸੇ ਡਰ ਦੇ ਨਿਧੜਕ ਮੈਦਾਨ ਵਿਚ ਨਿਤਰਾਂਗੇ। ਪੱਗਾਂ ਲੁਹਾਣ ਤੋਂ ਨਹੀਂ ਡਰਾਂਗੇ ਤੇ ਸੱਚ ਉਤੇ ਡਟਾਂਗੇ।

ਅਖ਼ੀਰ ਵਿਚ ਸ. ਸੇਵਾ ਰਾਮ ਸਿੰਘ ਜੀ ਨੇ ਜ਼ਿਮੇਂ ਲਿਆ ਕਿ ਉਹ ਏਕਤਾ ਦੇ ਸਮਾਗਮ ਦਾ ਪਰਬੰਧ ਕਰਨਗੇ।



Digitized by Panjab Digital Library | www.panjabdigilib.org

# ਮੈਂ ਪੰਥਕ ਏਕਤਾ ਦੇ ਹੱਕ ਵਿਚ ਹਾਂ
# ਪਰ
# ਪਾਰਟੀਆਂ ਦੇ ਸਮਝੌਤੇ ਦੇ ਵਿਰੁਧ ਹਾਂ

ਮੇਰੀਆਂ ਲਿਖਤਾਂ ਨੂੰ ਕਈ ਸਜਣਾਂ ਨੇ ਗ਼ਲਤ ਸਮਝਿਆ ਹੈ ਤੇ ਕਈ ਸਜਣ ਉਂਞ ਹੀ ਗ਼ਲਤ ਰਾਹ ਉਤੇ ਹਨ ਜੋ ਪਾਰਟੀਆਂ ਦੇ ਸਮਝੌਤੇ ਦੀ ਇੱਛਾ ਕਰ ਰਹੇ ਹਨ। ਇਹ ਪਾਰਟੀ ਸਮਝੌਤਾ ਕਈ ਵਾਰ ਹੋ ਚੁਕਾ ਹੈ ਤੇ ਕਦੀ ਕਾਇਮ ਨਹੀਂ ਰਿਹਾ। ਅਕਾਲ ਤਖ਼ਤ ਸਾਹਿਬ ਉਤੇ ਅਰਦਾਸੇ ਹੋਏ, ਲਿਖਤਾਂ ਹੋਈਆਂ ਤੇ ਲਿਖਤਾਂ ਪ੍ਰਕਾਸ਼ਤ ਹੋਈਆਂ, ਪਰ ਥੋੜੇ ਦਿਨਾਂ ਵਿਚ ਹੀ ਇਕ ਦੂਜੇ ਨੂੰ ਇਹ ਕਹਿ ਕੇ ਲੜਾਈ ਮਚਾ ਦਿੱਤੀ ਗਈ ਕਿ 'ਉਹ ਸਮਝੌਤਾ ਤੋੜ ਗਿਆ ਜੇ।' 'ਉਹ ਸਮਝੌਤਾ ਤੋੜ ਗਿਆ ਜੇ। ਪਾਰਟੀਆਂ ਦਾ ਸਮਝੌਤਾ ਕਰਨਾ ਕੇਵਲ ਕੱਖਾਂ ਨਾਲ ਅੱਗ ਢਕਣਾ ਹੈ, ਅੱਗ ਬੁਝਾਣਾ ਨਹੀਂ ਹੈ। ਥੋੜੇ ਚਿਰ ਵਿਚ ਹੀ ਇਹ ਕਖ ਸਗੋਂ ਵਧੇਰੇ ਅੱਗ ਨੂੰ ਚਮਕਾਣਗੇ। ਜੇਕਰ ਪਾਰਟੀਆਂ ਦਾ ਕੋਈ ਸਮਝੌਤਾ ਹੋ ਜਾਵੇ ਤਾਂ ਉਹ ਕਦੀ ਕਾਇਮ ਨਹੀਂ ਰਹੇਗਾ ਤੇ ਇਹ ਸਮਝੌਤਾ ਸਗੋਂ ਵਧੇਰੇ ਲੜਾਈ ਦਾ ਮੁਢ ਬਣੇਗਾ। ਅਗੇ ਹੋ ਚੁਕੇ ਸਮਝੌਤਿਆਂ ਨਾਲੋਂ ਵਧ ਪਕਿਆਈ ਕਰਨ ਦਾ ਕੋਈ ਢੰਗ ਨਹੀਂ ਹੈ।



Digitized by Panjab Digital Library | www.panjabdigilib.org

ਇਸ ਲਈ ਮੈਂ ਚਾਹੁੰਦਾ ਹਾਂ ਕਿ ਇਹ ਪਾਰਟੀਆਂ ਤਿਤਰ ਬਿਤਰ ਹੋ ਜਾਣ ਜਿਸ ਕਰ ਕੇ ਮੁੜ ਇਹ ਪਾਰਟੀਆਂ ਨਾ ਬਣ ਸਕਣ। ਜੇਕਰ ਕੋਈ ਅਸੂਲੀ ਪਾਰਟੀਆਂ ਬਣ ਜਾਣ ਤਾਂ ਡਰ ਨਹੀਂ ਹੈ। ਇਹਨਾਂ ਪਾਰਟੀਆਂ ਨੂੰ ਤਿਤਰ ਬਿਤਰ ਕਰਨ ਲਈ ਜਿਤਨੇ ਚੰਗੇ ਆਦਮੀ ਇਕੱਠੇ ਹੋ ਸਕਣ, ਉਹਨਾਂ ਨੂੰ ਇਕੱਠਾ ਕਰਨਾ ਜ਼ਰੂਰੀ ਹੈ। ਜਿਹੜੇ ਇਕੱਠੇ ਨਾ ਹੋ ਸਕਣ ਉਹ ਕੁਝ ਚਿਰ ਆਰਾਮ ਕਰਨ। ਜੋ ਮਾੜੇ ਆਦਮੀ ਆ ਵੜੇ ਹਨ ਤੇ ਏਕਤਾ ਦੇ ਰਾਹ ਵਿਚ ਰੋੜੇ ਹਨ, ਉਹਨਾਂ ਦਾ ਲਾਂਭੇ ਕਰਨਾ ਸਖ਼ਤ ਜ਼ਰੂਰੀ ਹੈ। ਜੇਕਰ ਪਾਰਟੀਆਂ ਆਪੋ ਵਿਚ ਸਮਝੌਤਾ ਕਰਨਗੀਆਂ ਤਾਂ ਮਾੜੇ ਆਦਮੀ ਵੀ ਢਕੇ ਰਹਿਣਗੇ ਤੇ ਕਦੀ ਹੋ ਨਹੀਂ ਸਕਦਾ ਕਿ ਛੇਤੀ ਹੀ ਅੱਗ ਭੜਕ ਨਾ ਉਠੇ। ਪਰੇ ਬੈਠੇ ਸੱਜਣਾਂ ਨੂੰ ਪੂਰਾ ਪਤਾ ਨਹੀਂ ਹੈ। ਮੈਨੂੰ ਪਤਾ ਹੈ ਤੇ ਮੈਂ ਜਾਣਦਾ ਹਾਂ ਕਿ ਕੁਝ ਸਜਾ ਅਜੇਹੇ ਹਨ ਕਿ ਜਿਹਨਾਂ ਦੀ ਪੋਜ਼ੀਸ਼ਨ ਕੇਵਲ ਇਸ ਫੁਟਣ ਤੇ ਨਿਦਲਤਾ ਦੇ ਕਾਰਨ ਨਾਲ ਹੀ ਕਾਇਮ ਹੈ। ਉਹ ਕਦੀ ਫੁਟ ਦੂਰ ਕਰਨ ਦੇ ਹੱਕ ਵਿਚ ਨਹੀਂ ਹੋ ਸਕਦੇ ਤੇ ਸਦਾ ਅੱਗ ਭੜਕਾਂਦੇ ਰਹਿੰਦੇ ਹਨ। ਇਸ ਕਰ ਕੇ ਮੈਂ ਤਜਵੀਜ਼ ਕੀਤੀ ਹੈ ਕਿ ਸ਼ਰੋਮਣੀ ਕਮੇਟੀ ਤੇ ਵੱਡੀਆਂ ਵੱਡੀਆਂ ਕਮੇਟੀਆਂ ਦੇ ਸਭ ਮੈਂਬਰ ਆਪਣੇ ਅਸਤੀਫ਼ੇ, ਹੋਣ ਵਾਲੀ ਪੰਥਕ ਇਕੱਤਰਤਾ ਦੇ ਸਾਹਮਣੇ ਰਖ ਦੇਣ। ਜਿਹੜੇ ਇਸ ਤਰ੍ਹਾਂ ਨਹੀਂ ਕਰਨਗੇ ਉਹ ਪਰਗਟ ਹੋ ਜਾਣਗੇ, ਤੇ ਜੇ ਸਭ ਅਸਤੀਫ਼ੇ ਦੇ ਦੇਣ ਤਾਂ ਪੰਥਕ ਇਕੱਠ ਦੇ ਹੱਥ ਭਾਰੀ ਤਾਕਤ ਆ ਜਾਵੇਗੀ। ਉਸ ਇਕੱਠ ਦੇ ਵਸ ਹੋਵੇਗਾ ਕਿ ਉਹ ਪਾਰਟੀਆਂ ਨੂੰ ਤਿਤਰ ਬਿਤਰ ਕਰ ਕੇ ਚੰਗੇ ਆਦਮੀਆਂ ਦਾ ਅਜੇਹਾ ਜੁਟ ਬਣਾ ਦੇਵੇ ਜੋ ਠੀਕ ਭਾਵ ਵਿਚ ਪੰਥ ਦਾ ਪ੍ਰਤੀਨਿਧ ਹੋਵੇ ਤੇ ਜੋ ਪੰਥ ਨੂੰ ਮੁੜ ਚੜ੍ਹਦੀਆਂ ਕਲਾਂ ਵਿਚ ਲੈ ਜਾ ਸਕੇ।



Digitized by Panjab Digital Library | www.panjabdigilib.org

# ਭੁੱਲ ਦੀ ਸੋਧ

| ਪੰਨਾ | ਲਾਈਨ | ਗਲਤ | ਠੀਕ |
|---|---|---|---|
| 6 | 10 | ਸਟੇਸ਼ਪ | ਸਟੇਸ਼ਨ |
| 10 | 23 | ਬਤ | ਬਹੁਤ |
| 12 | 19 | ਫਲਦਾ | ਚਲਦਾ |
| ਪੰਨਾ 24-25-26 ਉਤੇ ਸਭ ਥਾਂ ਦਾਣੇ ਦੀ ਜਗ੍ਹਾ ਦਾਵੇ ਪੜ੍ਹਿਆ ਜਾਏ । | | | |
| 36 | 5 | ਉਤ | ਉਤੇ |
| 37 | 2 | ਸਾਨੂੰ | ਸਾਫ |
| 41 | ਹੇਠੋਂ ਤੀਜੀ | ਸਹੀ | ਸ਼ਹੀਦ |
| 42 | ਹੈਡਿੰਗ | 1938 | 1934 |
| 46 | 15 | ਦਰਬਾਜ਼ | ਦਰਵਾਜ਼ੇ |
| 56 | 19 | ਆਣਾ | ਆਪਣਾ |
| 61 | 1 | ਪ | ਪਰ |
| 74 | 7 | ਮਡੇ | ਮੁੰਡੇ |
| 80 | 7 | ਪੰਖਕ | ਪੰਥਕ |
| 94 | 15 | ਇਰਾਜ਼ | ਇਤਰਾਜ਼ |
| 96 | 16 | ਸੰਘਾ | ਸ਼ਿੰਘਾਂ |

Digitized by Panjab Digital Library | www.panjabdigilib.org

## ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ

ਰਚਿਤ

## ਮਹਾਨ ਇਤਿਹਾਸਕ

## ਨਾਵਲ

# ਬਾਬਾ ਤੇਗਾ ਸਿੰਘ

ਸਤਵਾਂ ਐਡੀਸ਼ਨ ਛਪਕੇ ਤਿਆਰ ਹੋ ਗਿਆ ਹੈ ।

ਮੁਲ ਕੇਵਲ ੪-੫੦ ਰੁਪਏ

ਹਰ ਸਿਖ ਪ੍ਰੀਵਾਰ ਵਿਚ ਇਸ ਅਦੁੱਤੀ ਪੁਸਤਕ ਦਾ ਹੋਣਾ ਲਾਜ਼ਮੀ ਹੈ ।

ਮਿਲਣ ਦਾ ਪਤਾ :

ਜਨਰਲ ਮੈਨੇਜਰ

ਰੋਜ਼ਾਨਾ 'ਜਥੇਦਾਰ'

ਰੇਲਵੇ ਰੋਡ, ਜਲੰਧਰ


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1390

Digitized by Panjab Digital Library | www.panjabdigilib.org

Digitized by Panjab Digital Library | www.panjabdigilib.org